# PUNJAB VIDHAN SABHA

## DEBATES

*Tuesday, the 15th July, 2025*

## SIXTEENTH VIDHAN SABHA

**NINTH SESSION**

**(Sitting No.5)**

## OFFICIAL REPORT



**PUNJAB VIDHAN SABHA SECRETARIAT**
**CHANDIGARH -160001**

Price : Rs…………

ਪੰਜਾਬ ਵਿਧਾਨ ਸਭਾ

ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ

ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ

ਸ਼੍ਰੀ ਰਾਮ ਲੋਕ ਖਟਾਣਾ, ਸਕੱਤਰ

**PUNJAB VIDHAN SABHA**

**Sardar Kultar Singh Sandhwan, Hon'ble Speaker**

**Sardar Jai Krishan Singh, Hon'ble Deputy Speaker**

**Shri Ram Lok Khatana, Secretary**

# ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | ਸ਼੍ਰੀ ਭਗਵੰਤ ਮਾਨ, ਮੁੱਖ ਮੰਤਰੀ<br>Shri Bhagwant Mann, Chief Minister | General Administration,<br>Home Affairs & Justice,<br>Personnel,<br>Vigilance,<br>Co-operation,<br>Legal & Legislative Affairs,<br>Civil Aviation,<br>Science, Technology & Environment, Sports & Youth Services | ਆਮ ਪ੍ਰਸ਼ਾਸਨ,<br>ਗ੍ਰਹਿ ਮਾਮਲੇ ਅਤੇ ਨਿਆਂ,<br>ਪ੍ਰਸੋਨਲ,<br>ਚੌਕਸੀ,<br>ਸਹਿਕਾਰਤਾ,<br>ਕਾਨੂੰਨੀ ਤੇ ਵਿਧਾਨਕ ਮਾਮਲੇ,<br>ਸ਼ਹਿਰੀ ਹਵਾਬਾਜ਼ੀ,<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ<br>ਖੇਡਾਂ ਤੇ ਯੁਵਕ ਸੇਵਾਵਾਂ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | Finance, Planning<br>Programme Implementation<br>Excise & Taxation Minister | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ,<br>ਆਬਕਾਰੀ ਤੇ ਕਰ ਮੰਤਰੀ |
| 3. | ਸ਼੍ਰੀ ਅਮਨ ਅਰੋੜਾ<br>Shri Aman Arora | New & Renewable Energy Resources, Printing & Stationery, Good Governance and Information Technology, Removal of Grievances & Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ, ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | Social Justice, Empowerment & Minorities, Social Security, Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | ਸ਼੍ਰੀ ਸੰਜੀਵ ਅਰੋੜਾ<br>Shri Sanjeev Arora | Industry and Commerce, Investment Promotion, NRI Affairs Minister | ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਪ੍ਰਵਾਸੀ ਭਾਰਤੀ ਮਾਮਲੇ ਮੰਤਰੀ |
| 6. | ਡਾਕਟਰ ਬਲਬੀਰ ਸਿੰਘ<br>Doctor Balbir Singh | Health & Family Welfare, Medical Education & Research and Elections Minister | ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 7. | ਸ਼੍ਰੀ ਲਾਲ ਚੰਦ<br>Shri Lal Chand | Food, Civil Supplies and Consumer Affairs, Forests, Wildlife preservation Minister | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਸੁਰੱਖਿਆ ਮੰਤਰੀ |

| | | | |
|---|---|---|---|
| 8. | ਸਰਦਾਰ ਲਾਲਜੀਤ ਸਿੰਘ ਭੁੱਲਰ<br>Sardar Laljit Singh Bhullar | Transport, Jails Minister | ਟਰਾਂਸਪੋਰਟ, ਜੇਲ੍ਹਾਂ ਮੰਤਰੀ |
| 9. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | Technical Education & Industrial Training,<br>Higher Education, School Education, Information & Public Relations Minister | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਸੂਚਨਾ ਅਤੇ ਲੋਕ ਸੰਪਰਕ ਮੰਤਰੀ |
| 10. | ਸਰਦਾਰ ਹਰਭਜਨ ਸਿੰਘ<br>Sardar Harbhajan Singh | Public Works (B&R), Power Minister | ਲੋਕ ਨਿਰਮਾਣ (ਭ ਤੇ ਮ), ਊਰਜਾ ਮੰਤਰੀ |
| 11. | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |
| 12. | ਡਾਕਟਰ ਰਵਜੋਤ ਸਿੰਘ<br>Doctor Ravjot Singh | Local Government, Parliamentary Affairs Minister | ਸਥਾਨਕ ਸਰਕਾਰ, ਸੰਸਦੀ ਮਾਮਲੇ ਮੰਤਰੀ |
| 13. | ਸ਼੍ਰੀ ਬਰਿੰਦਰ ਕੁਮਾਰ ਗੋਇਲ<br>Shri Barinder Kumar Goyal | Mines & Geology, Water Resources, Conservation of Land & Water Minister | ਖਣਨ ਤੇ ਭੂ ਵਿਗਿਆਨ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| 14. | ਸਰਦਾਰ ਹਰਦੀਪ ਸਿੰਘ ਮੁੰਡੀਆਂ<br>Sardar Hardeep Singh Mundian | Revenue, Rehabilitation and Disaster Management, Water Supply & Sanitation, Housing and Urban Development Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |
| 15. | ਸਰਦਾਰ ਤਰੁਨਪ੍ਰੀਤ ਸਿੰਘ ਸੌਂਦ<br>Sardar Tarunpreet Singh Sond | Tourism & Cultural Affairs, Labour & Hospitality, Rural Development & Panchayats Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਾਚਾਰੀ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ |
| 16. | ਸ਼੍ਰੀ ਮੋਹਿੰਦਰ ਭਗਤ<br>Shri Mohinder Bhagat | Defence Services Welfare, Freedom Fighters, Horticulture Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀਆਂ ਦੀ ਭਲਾਈ, ਬਾਗਬਾਨੀ ਮੰਤਰੀ |

## CONTENTS


| Sr. No. | SUBJECT | Page No. |
|---|---|---|
| 1. | OBITUARY REFERENCE | 2 |
| 2. | CALLING ATTENTION NOTICES UNDER RULE 66 | 2 |
| 3. | MOTION UNDER RULE 16 | 7 |
| 4. | **LEGISLATIVE BUSINESS** | |
| | DISCUSSION ON MOTION MOVED IN RESPECT OF THE PUNJAB PREVENTION OF OFFENCES AGAINST HOLY SCRIPTURES BILL, 2025 | 9 |
| 5. | DISCUSSION ON “WAR OF PUNJAB AGAINST DRUGS/NARCOTICS” | 72 |
| 6. | EXTENSION OF TIME OF THE SITTING OF THE HOUSE | 78 |
| 7. | DISCUSSION ON "WAR OF PUNJAB AGAINST DRUGS/NARCOTICS" *(RESUMPTION)* | 79 |
| 8. | FORMATION OF A COMMITTEE OF THE HOUSE TO FIND THE SECOND PART RELATED TO THE REPORT/ ACTION TAKEN REPORT OF JUSTICE GURNAM SINGH COMMISSION ON THE NAKODAR INCIDENT | 110 |
| 9. | DISCUSSION ON "WAR OF PUNJAB AGAINST DRUGS/NARCOTICS" *(RESUMPTION)* | 112 |
| 10. | Appendix | 116 |
| | Bulletins (English & Punjabi) | |

**PUNJAB VIDHAN SABHA**

*Tuesday, the 15th July, 2025*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Sardar Kultar Singh Sandhwan) in the Chair.*

------

**ਮਾਣਯੋਗ ਸਪੀਕਰ :** ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥

ਮੇਰੀ ਹਾਊਸ ਦੇ ਸਤਿਕਾਰਯੋਗ ਮੈਂਬਰ ਸਾਹਿਬਾਨਾਂ ਨੂੰ ਦਰਖਾਸਤ ਹੈ ਕਿ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਤਿਕਾਰ ਵਾਸਤੇ, ਸਭ ਧਰਮਾਂ ਦੇ ਸਤਿਕਾਰ ਵਾਸਤੇ ਅੱਜ ਇੱਕ ਕਾਨੂੰਨ ਤੇ ਬਹਿਸ ਕਰਨੀ ਹੈ। ਮੇਰੀ ਦਿਲੀ ਤਮੰਨਾ ਹੈ ਕਿ ਆਪਾਂ ਸਾਰੇ ਜਣੇ ਖੜ੍ਹੇ ਹੋ ਕੇ, ਸਤਿਕਾਰ ਸਹਿਤ ਅਰਦਾਸ ਕਰੀਏ। ਤੁਸੀਂ ਸਾਰੇ ਆਪਣੇ ਸਿਰ ਢੱਕ ਲਓ ਔਰ ਜੁੱਤੇ ਵੀ ਉਤਾਰ ਲਓ।

*(ਇਸ ਸਮੇਂ ਸਮੂਹ ਸਦਨ ਅਰਦਾਸ ਲਈ ਖੜ੍ਹਾ ਹੋਇਆ।)*

ਹੇ ਸੱਚੇ ਪਾਤਸ਼ਾਹ! ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀਓ, ਆਪ ਜੀ ਦੀ ਕਿਰਪਾ ਸਦਕਾ ਅੱਜ ਦਾਸਾਂ ਤੇ ਮਿਹਰ ਹੋ ਰਹੀ ਹੈ। ਆਪ ਇਸ ਪਵਿੱਤਰ ਸਦਨ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਾਹਿਬਾਨਾਂ ਉੱਤੇ ਕਿਰਪਾ ਕਰ ਰਹੇ ਹੋ, ਜਿਨ੍ਹਾਂ ਨੂੰ ਆਪ ਜੀ ਦੇ ਪਿਆਰੇ ਲੋਕਾਂ ਵੱਲੋਂ ਮਤਦਾਨ ਕਰਕੇ ਇਸ ਸਦਨ ਵਿੱਚ ਕਾਨੂੰਨ ਘੜਨ ਲਈ ਭੇਜਿਆ ਗਿਆ ਹੈ। ਆਪ ਜੀ ਕਿਰਪਾ ਕਰੋ ਕਿ ਇਸ ਕਾਨੂੰਨ ਤੇ ਬਹਿਸ ਕਰਦਿਆਂ ਅਸੀਂ ਮਨੁੱਖਤਾ ਨੂੰ, ਸਰਬ-ਸਾਂਝੀਵਾਲਤਾ ਨੂੰ, ਸਮੁੱਚੀ ਮਾਨਵਤਾ ਦੇ ਭਲੇ ਨੂੰ ਅੱਗੇ ਰੱਖ ਕੇ ਬਹਿਸ ਕਰੀਏ ਔਰ ਇੱਕ ਅਜਿਹਾ ਕਾਨੂੰਨ ਬਣਾਈਏ, ਜਿਸ ਨਾਲ ਧਰਮ ਦੀ ਗੱਲ ਚੱਲੇ। ਅਧਰਮ ਦਾ ਨਾਸ਼ ਹੋਵੇ, ਸਭ ਧਰਮਾਂ ਦਾ ਸਤਿਕਾਰ ਹੋਵੇ। ਪੰਜਾਬ ਦੀ ਭਾਈਚਾਰਕ ਸਾਂਝ ਅਤੇ ਏਕਤਾ ਵਧੇ। ਜਿਹੜੀ ਸਾਡੇ ਦਿਲਾਂ ਨੂੰ, ਮਨਾਂ ਨੂੰ ਠੇਸ ਪਹੁੰਚੀ ਹੈ, ਉਨ੍ਹਾਂ ਨੂੰ ਮੱਲ੍ਹਮ ਲੱਗੇ। ਅਗਰ ਕੋਈ ਖੁਨਾਮੀ ਹੋ ਜਾਵੇ ਤਾਂ ਆਪ ਜੀ ਸਦਾ ਮਿਹਰਬਾਨ ਹੋ, ਸੰਗਤ ਮਿਹਰਬਾਨ ਹੈ, ਆਪ ਬਖਸ਼ਣਹਾਰ ਹੋ, ਸੰਗਤ ਔਰ ਗੁਰੂ ਬਖਸ਼ਣਹਾਰ ਹੈ। ਆਪ ਜੀ ਬਖਸ਼ ਦੇਣਾ। ਆਪਣੇ ਨਿਮਾਣੇ ਸਿੱਖਾਂ ਤੇ ਮਿਹਰ ਕਰਨਾ। ਸੱਚੇ ਪਾਤਸ਼ਾਹ, ਆਪਣੇ ਨਿਮਾਣੇ ਜੀਵਾਂ ਤੇ ਮਿਹਰ ਕਰਨਾ। ਇਹ ਸੇਵਾ ਅੱਛੀ ਤਰ੍ਹਾਂ ਲੈਣੀ। ਸੱਚੇ ਪਾਤਸ਼ਾਹ ਜੀ, ਮਿਹਰ ਕਰਨੀ।

ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਧੰਨਵਾਦ ਜੀ। ਬੈਠ ਜਾਉ ਜੀ। ਅੱਜ ਦਾ ਇਹ ਕਾਰਜ ਬੜਾ ਮਹੱਤਵਪੂਰਨ ਹੈ।

------

## OBITUARY REFERENCE

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਜਿਵੇਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਕੱਲ੍ਹ ਇੱਕ ਬਹੁਤ ਹੀ ਦਰਦਨਾਕ ਤੇ ਦੁਖਦਾਈ ਹਾਦਸਾ ਵਾਪਰਿਆ ਹੈ। ਸਾਡੇ ਬੜੇ ਹੀ ਸਤਿਕਾਰਤ ਫੌਜਾ ਸਿੰਘ ਜੀ, ਜੋ ਕਿ 114 ਸਾਲ ਦੀ ਉਮਰ ਦੇ ਸਨ, ਜਿਨ੍ਹਾਂ ਨੇ ਦੌੜਾਂ ਵਿੱਚ ਸਿੱਖ ਕੌਮ ਦਾ ਹੀ ਨਹੀਂ ਬਲਕਿ ਪੂਰੇ ਪੰਜਾਬ ਦਾ ਦੁਨੀਆ ਵਿੱਚ ਨਾਮ ਰੌਸ਼ਨ ਕੀਤਾ ਹੈ, ਉਹ ਅੱਜ ਸਾਡੇ ਵਿੱਚ ਨਹੀਂ ਰਹੇ। ਮੈਂ ਉਨ੍ਹਾਂ ਨੂੰ ਸਦਨ ਵਿੱਚ ਸੱਚੀ ਤੇ ਸੁੱਚੀ ਸ਼ਰਧਾਂਜਲੀ ਦੇਣ ਲਈ ਪ੍ਰਸਤਾਵ ਪੇਸ਼ ਕਰਦਾ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਵਾਕਿਆ ਹੀ ਸਰਦਾਰ ਫੌਜਾ ਸਿੰਘ ਜੀ ਭਾਵੇਂ 114 ਸਾਲ ਦੇ ਬਜ਼ੁਰਗ ਸਨ ਲੇਕਿਨ ਉਨ੍ਹਾਂ ਦਾ ਜਜ਼ਬਾ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਸੀ। ਮੈਨੂੰ ਇਹ ਜਾਣ ਕੇ ਬਹੁਤ ਦੁੱਖ ਹੋਇਆ ਕਿ ਮੈਰਾਥਨ ਦੌੜਾਕ ਸਰਦਾਰ ਫੌਜਾ ਸਿੰਘ ਜੀ ਬੀਤੇ ਕੱਲ੍ਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਅਪ੍ਰੈਲ, 1911 ਨੂੰ ਪਿੰਡ ਬਿਆਸ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਹ ਮਿਤੀ 16 ਅਕਤੂਬਰ, 2011 ਨੂੰ ਟੋਰਾਂਟੋ ਮੈਰਾਥਨ 8 ਘੰਟੇ 11 ਮਿੰਟ ਤੇ 06 ਸਕਿੰਟ ਵਿੱਚ ਪੂਰੀ ਕਰਕੇ ਵਿਸ਼ਵ ਦੇ ਪਹਿਲੇ 100 ਸਾਲਾ ਬਜ਼ੁਰਗ ਦੌੜਾਕ ਬਣੇ। ਉਨ੍ਹਾਂ ਦਾ ਨਾਮ ਗਿੰਨੀਜ਼ ਵਰਲਡ ਰਿਕਾਰਡ ਬੁੱਕ ਵਿੱਚ ਵੀ ਦਰਜ ਕੀਤਾ ਗਿਆ। ਉਨ੍ਹਾਂ ਦੀਆਂ ਉਹ ਫੋਟੋਆਂ ਅੱਜ ਵੀ ਮੈਨੂੰ ਯਾਦ ਹਨ, ਉਨ੍ਹਾਂ ਦੇ ਮੱਥੇ ਤੇ ਖੰਡਾ ਲੱਗਿਆ ਹੁੰਦਾ ਸੀ, ਦਾੜ੍ਹਾ ਪ੍ਰਕਾਸ਼ ਕੀਤਾ ਹੋਇਆ ਅਤੇ ਲੰਡਨ ਦੀਆਂ ਸੜਕਾਂ ਤੇ ਭੱਜ ਰਹੇ ਹੁੰਦੇ ਸਨ। ਸਾਡੇ ਨੌਜਵਾਨਾਂ ਦੇ ਵੀ ਉਹ ਪ੍ਰੇਰਨਾ ਸਰੋਤ ਰਹਿਣਗੇ। ਉਨ੍ਹਾਂ ਦਾ ਚਲੇ ਜਾਣਾ ਸਾਡੇ ਲਈ ਬਹੁਤ ਦੁੱਖ ਦੀ ਘੜੀ ਹੈ।

-------

## CALLING ATTENTION NOTICES UNDER RULE 66

**(ਕ੍ਰਮ ਨੰ: 15)**

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਇੱਕ ਜ਼ਰੂਰੀ ਤੇ ਲੋਕ ਮਹੱਤਤਾ ਦੇ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਪਿੰਡ ਟਿਵਾਣਾ ਵਿੱਚ ਘੱਗਰ ਦਰਿਆ ਦੇ ਉੱਪਰ ਕਰੋੜਾਂ ਰੁਪਏ ਦੀ ਲਾਗਤ ਨਾਲ ਪੱਥਰਾਂ ਦੇ ਬਣਾਏ ਗਏ ਬੰਨ੍ਹ ਵਿੱਚ ਪਿਛਲੇ ਕੁਝ ਦਿਨਾਂ ਤੋਂ ਮਾਨਸੂਨ ਦੇ ਮੀਂਹ ਕਰਕੇ ਤੋੜ ਪੈ ਗਿਆ ਹੈ, ਜਿਸ ਕਰਕੇ ਨੇੜਲੇ ਪਿੰਡਾਂ ਦੇ ਕਿਸਾਨ ਵੀਰਾਂ ਦੀ ਫਸਲ ਖਰਾਬ ਹੋਣ ਦਾ ਖਤਰਾ ਵੱਧ ਰਿਹਾ ਹੈ, ਇਸ ਕਰਕੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਕੇ ਬੰਨ੍ਹ ਦੀ ਮੁਰੰਮਤ ਜਲਦ ਤੋਂ ਜਲਦ ਕਰਨ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਦੀ ਖੇਚਲ ਕੀਤੀ ਜਾਵੇ ਜੀ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਕਿ ਘੱਗਰ ਬੰਨ੍ਹ ਤੇ ਪਹਿਲੀ ਵਾਰ 10 ਕਰੋੜ ਰੁਪਏ ਨਾਲ ਪੱਥਰ ਦਾ ਬੰਨ੍ਹ ਬਣਿਆ ਹੈ, ਜੋ ਪਿਛਲੀਆਂ ਸਰਕਾਰਾਂ ਵੱਲੋਂ ਅੱਜ ਤੱਕ ਨਹੀਂ ਬਣਾਇਆ ਗਿਆ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦਾ ਧਿਆਨ ਆਪਣੇ ਹਲਕੇ ਦੇ ਘੱਗਰ ਦਰਿਆ ਨਾਲ ਲਗਦੇ ਪਿੰਡ ਟਿਵਾਣਾ, ਆਲਮਗੀਰ, ਖਜੂਰ ਮੰਡੀ, ਸ਼ਾਹਪੁਰ, ਡੰਗਡੇਹਰਾ, ਭਾਂਖਰਪੁਰ, ਸਾਧ ਨਗਰ, ਬਾਕਰਪੁਰ, ਸਤਾਬਗੜ੍ਹ, ਮੁਬਾਰਕਪੁਰ, ਇਬਰਾਹੀਮਪੁਰ, ਬੋਹੜਾ, ਹੁੰਭੜਾ, ਹੰਸਾਲਾ ਆਦਿ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਨ ਪਿੰਡ ਟਿਵਾਣਾ ਨੇੜੇ ਕਰੋੜਾਂ ਰੁਪਏ ਦੀ ਲਾਗਤ ਨਾਲ ਬਣਾਏ ਗਏ ਇਸ ਪੱਥਰ ਦੇ ਬੰਨ੍ਹ ਵਿੱਚ ਪਾੜ ਪੈ ਗਿਆ ਸੀ। ਉਸ ਨੂੰ ਮੌਕੇ ਤੇ ਸੰਭਾਲ ਕੇ ਕਿਸਾਨਾਂ ਦਾ ਨੁਕਸਾਨ ਹੋਣ ਤੋਂ ਬਚਾਇਆ ਗਿਆ। ਇਸ ਕਰਕੇ ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਦਰਿਆ ਨਾਲ ਸਬੰਧਤ ਡਰੇਨੇਜ਼ ਅਧਿਕਾਰੀਆਂ ਨੂੰ ਘੱਗਰ ਉੱਤੇ ਲੱਗੇ ਬੰਨ੍ਹ ਨੂੰ ਹੋਰ ਮਜ਼ਬੂਤ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ ਅਤੇ ਅਧਿਕਾਰੀਆਂ/ਕਰਮਚਾਰੀਆਂ ਨੂੰ ਬਰਸਾਤਾਂ ਤੱਕ 24 ਘੰਟੇ ਤੱਕ ਡਿਊਟੀ ਕਰਨ ਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਜਾਣ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਹੁਤ ਹੀ ਮਹੱਤਵਪੂਰਨ ਧਿਆਨ ਦਿਵਾਊ ਮਤਾ ਪੇਸ਼ ਕੀਤਾ ਹੈ। ਮੈਂ ਇਸ ਸਬੰਧ ਵਿੱਚ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਲ 2023 ਵਿੱਚ ਇਨ੍ਹਾਂ ਦੇ ਹਲਕੇ ਦੇ ਪਿੰਡ ਟਿਵਾਣਾ ਵਿਖੇ ਬਹੁਤ ਵੱਡੀ ਮੁਸ਼ਕਿਲ ਆਈ ਸੀ। ਉਸ ਵੇਲੇ ਪਾਣੀ ਹੀ ਇੰਨਾ ਆ ਗਿਆ ਸੀ ਕਿ ਉਸ ਨੂੰ ਰੋਕਿਆ ਨਹੀਂ ਜਾ ਸਕਦਾ ਸੀ। ਉਸ ਸਮੇਂ ਉੱਥੇ ਕਰੀਬ 8-10 ਫੁੱਟ ਪਾਣੀ ਭਰ ਗਿਆ ਸੀ ਅਤੇ ਜ਼ਮੀਨ ਨੂੰ ਵੱਡਾ ਖੋਰਾ ਲੱਗ ਗਿਆ ਸੀ। ਉਦੋਂ ਜ਼ਮੀਨ ਵੀ 8-10 ਫੁੱਟ ਗਹਿਰੀ ਹੋ ਗਈ ਸੀ ਅਤੇ ਮਿੱਟੀ ਖੁਰ ਕੇ ਅੱਗੇ ਚਲੇ ਗਈ ਸੀ। ਉਸ ਸਮੇਂ ਉੱਥੇ 2500 ਫੁੱਟ ਦੇ ਕਰੀਬ revetment ਪੱਥਰਾਂ ਦੀ ਮਜ਼ਬੂਤੀ ਨਾਲ ਬਣਾਇਆ ਗਿਆ ਸੀ ਜੋ ਕਿ ਅੱਜ ਵੀ ਉੱਥੇ ਪੂਰੀ ਮਜ਼ਬੂਤੀ ਦੇ ਨਾਲ ਕਾਇਮ ਹੈ। ਮੈਂ ਉਸ ਦੀਆਂ ਤਸਵੀਰਾਂ ਵੀ ਲੈ ਕੇ ਆਇਆ ਹਾਂ। ਇਸ ਦੇ ਪਿੱਛੇ ਇਸ ਨੂੰ ਸਪੋਰਟ ਦੇਣ ਲਈ ਮਿੱਟੀ ਦਾ ਬੰਨ੍ਹ ਬੰਨ੍ਹਿਆ ਗਿਆ ਸੀ। ਉਸ ਮਿੱਟੀ ਦੇ ਬੰਨ੍ਹ ਦੀ compaction ਵਿੱਚ ਕੋਈ ਕਮੀ ਰਹਿ ਗਈ ਹੋਵੇਗੀ। ਜਦੋਂ ਘਰ ਨਵਾਂ ਬਣਾਇਆ ਜਾਂਦਾ ਹੈ ਤਾਂ ਉਦੋਂ ਬਰਸਾਤਾਂ ਵਿੱਚ ਹੀ ਪਤਾ ਲੱਗਦਾ ਹੈ ਕਿ ਇਹ ਚੋਂਦਾ ਹੈ ਜਾਂ ਨਹੀਂ। ਹੁਣ ਜਦੋਂ ਪਾਣੀ ਆਇਆ ਤਾਂ ਪੱਥਰਾਂ ਦੇ ਵਿੱਚੋਂ ਉਹ ਪਾਣੀ ਲੀਕ ਹੋ ਗਿਆ ਅਤੇ ਉਸ ਨੂੰ ਖੋਰਾ ਲੱਗ ਗਿਆ। ਜਦੋਂ ਖੋਰਾ ਲੱਗਾ ਤਾਂ ਪਾਣੀ ਉਸ ਦੇ ਵਿੱਚੋਂ ਲੀਕ ਹੋ ਕੇ ਚਲਾ ਗਿਆ। ਜਿਵੇਂ ਮੈਂਬਰ ਸਾਹਿਬ ਵੱਲੋਂ ਦੱਸਿਆ ਗਿਆ ਕਿ ਜੋ revetment ਤੇ ਬੰਨ੍ਹ ਬੰਨਿਆ ਗਿਆ ਸੀ, ਉਸ ਤੇ ਸਰਕਾਰ ਵੱਲੋਂ 10 ਕਰੋੜ ਰੁਪਿਆ ਖਰਚਿਆ ਗਿਆ ਸੀ। ਹੁਣ ਮਿਤੀ 29-06-2025 ਨੂੰ ਜਦੋਂ ਕੈਚਮੈਂਟ ਵਿੱਚ ਭਾਰੀ ਬਰਸਾਤ ਹੋਈ ਹੈ ਤਾਂ ਉੱਥੇ ਕਾਫੀ ਮਾਤਰਾ ਵਿੱਚ ਘੱਗਰ ਵਿੱਚ ਪਾਣੀ ਆ ਗਿਆ। ਜਦੋਂ ਇਹ ਲੀਕ ਹੋਇਆ ਤਾਂ ਤਿੰਨ-ਚਾਰ ਦਿਨਾਂ ਦੇ ਵਿੱਚ-ਵਿੱਚ ਡਿਪਾਰਟਮੈਂਟ ਵੱਲੋਂ ਪਿਛਲੇ ਮਿੱਟੀ ਦੇ ਬੰਨ੍ਹ ਵਿੱਚ ਚੰਗੀ ਤਰ੍ਹਾਂ compaction ਕਰਕੇ ਉਸ ਨੂੰ ਮਜ਼ਬੂਤੀ ਨਾਲ ਤਿਆਰ ਕਰ ਦਿੱਤਾ ਗਿਆ। 10 ਦਿਨਾਂ ਬਾਅਦ ਮਿਤੀ 08-07-2025 ਨੂੰ ਵੱਡੀ ਪੱਧਰ ਤੇ ਘੱਗਰ ਵਿੱਚ ਪਾਣੀ ਆਇਆ। ਤਿੰਨ-ਚਾਰ ਦਿਨਾਂ ਦੇ ਵਿੱਚ ਹੀ ਬੰਨ੍ਹ ਦੀ ਮਜ਼ਬੂਤੀ ਕਰ ਦਿੱਤੀ ਗਈ ਸੀ ਅਤੇ 10 ਦਿਨ ਬਾਅਦ ਫਿਰ ਪਾਣੀ ਆ ਗਿਆ। ਉਸ ਤੇ ਕੋਈ ਵੀ ਲੀਕੇਜ ਨਹੀਂ ਹੋਈ ਅਤੇ ਪਾਣੀ ਠੀਕ ਤਰੀਕੇ ਨਾਲ ਨਿਕਲ ਗਿਆ ਸੀ। ਘੱਗਰ ਦਰਿਆ ਉਤੇ 7-8 ਮੈਂਬਰ ਸਾਹਿਬਾਨ ਦੇ ਹਲਕੇ ਪੈਂਦੇ ਹਨ। ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਘੱਗਰ ਦਰਿਆ ਤੇ ਬਹੁਤ ਵੱਡੀ ਪੱਧਰ ਤੇ ਕੰਮ ਕੀਤਾ ਗਿਆ ਹੈ ਜਿੱਥੇ ਬੰਨ੍ਹ ਕਮਜ਼ੋਰ ਸੀ, ਉਹ ਮਜ਼ਬੂਤ

ਕੀਤੇ ਗਏ ਹਨ ਅਤੇ ਜਿੱਥੇ revetment ਦੀ ਲੋੜ ਸੀ, ਉੱਥੇ revetment ਲਗਾਈ ਗਈ ਹੈ, ਜਿੱਥੇ ਸਟੱਡਾਂ ਦੀ ਲੋੜ ਸੀ, ਉੱਥੇ ਸਟੱਡ ਲਗਾਏ ਗਏ ਹਨ। ਸਾਲ 2023 ਵਿੱਚ ਘੱਗਰ ਦਰਿਆ ਦੀ ਜੋ ਪਿਛਲੀ ਤਬਾਹੀ ਹੋਈ ਸੀ, ਇੰਨੀ ਵੱਡੀ ਤਬਾਹੀ ਕਦੇ ਨਹੀਂ ਹੋਈ। ਉਸ ਸਮੇਂ ਵੀ ਮੇਰੇ ਹਲਕੇ ਵਿੱਚ ਜਦੋਂ 53 ਜਗ੍ਹਾ ਤੋਂ ਘੱਗਰ ਟੁੱਟਿਆ ਸੀ ਤਾਂ 20-22 ਦਿਨਾਂ ਵਿੱਚ ਉਥੇ ਬੰਨ੍ਹ ਬਣਾ ਦਿੱਤੇ ਗਏ ਸਨ। ਇਸ ਤੋਂ ਪਹਿਲਾਂ ਕੀ ਹੁੰਦਾ ਆਇਆ ਹੈ ਕਿ ਜਦੋਂ ਬੰਨ੍ਹ ਟੁੱਟ ਜਾਂਦੇ ਸੀ ਅਤੇ ਹੜ੍ਹ ਆ ਜਾਂਦੇ ਸਨ, ਪਾਣੀ ਉਤਰ ਜਾਣ ਤੋਂ ਬਾਅਦ ਲੋਕਾਂ ਨੂੰ ਹੀ ਉਹ ਬੰਨ੍ਹ ਪੂਰਨੇ ਪੈਂਦੇ ਸਨ। ਸੋ, ਅਸੀਂ ਸਾਰੇ ਘੱਗਰ ਤੇ ਕੰਮ ਕੀਤਾ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਸਾਰੇ ਘੱਗਰ ਤੇ ਕਿਸੇ ਕਿਸਮ ਦੀ ਕੋਈ ਵੀ ਦਿੱਕਤ ਨਹੀਂ ਹੈ ਅਤੇ ਇਹ ਬੰਨ੍ਹ ਜਿਹੜਾ ਮਾਣਯੋਗ ਮੈਂਬਰ ਸਾਹਿਬ ਦੇ ਹਲਕੇ ਦੇ ਪਿੰਡ ਵਿੱਚ ਹੈ, ਇੱਥੇ ਵੀ ਅਸੀਂ ਕੰਮ ਕਰਕੇ ਦਿੱਤਾ ਹੈ। ਧੰਨਵਾਦ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਮਾਣਯੋਗ ਸਪੀਕਰ ਸਾਹਿਬ, ਘੱਗਰ ਦਰਿਆ ਨੂੰ 7 ਐਮ.ਐਲ.ਏਜ਼. ਸਾਹਿਬਾਨ ਦਾ ਹਲਕਾ ਟੱਚ ਕਰਦਾ ਹੈ। ਪਿਛਲੀਆਂ ਸਰਕਾਰਾਂ ਸਮੇਂ ਹਰ ਵਾਰ ਹੀ ਦੇਖਣ ਨੂੰ ਮਿਲਦਾ ਸੀ ਕਿ ** ਚੜ੍ਹਾ ਦਿਓ ਤੇ ਘੱਗਰ ਲਹਿ ਜਾਵੇਗਾ। ਅੱਜ ਤੁਹਾਡੇ ਸਾਹਮਣੇ ** ਵਾਲਾ ਕੋਈ ਨਜ਼ਰ ਵੀ ਨਹੀਂ ਆਉਂਦਾ। ਮੰਤਰੀ ਜੀ, ਇਹ ਇਕੱਲਾ ** ਨਾਲ ਕੰਮ ਨਹੀਂ ਚੱਲਣਾ। ਪਿਛਲੀ ਵਾਰੀ ਜੋੜਾਮਾਜਰਾ ਸਾਹਿਬ ਮੰਤਰੀ ਸਨ, ਉਹ ਵੀ ਮੇਰੇ ਇਲਾਕੇ ਦਾ ਕਾਫੀ ਕੰਡਾ ਜਿਹਾ ਕੱਢ ਗਏ ਸਨ। ਗੋਇਲ ਸਾਹਿਬ, ਤੁਹਾਡਾ ਏਰੀਆ ਤਾਂ ਬਿਲਕੁਲ ਹੀ ਘੱਗਰ 'ਤੇ ਪੈਂਦਾ ਹੈ। ਮੈਂ ਆਸ ਕਰਾਂਗਾ ਕਿ ਇਸ ਦਾ ਕੋਈ ਪਰਮਾਨੈਂਟ ਹੱਲ ਨਿਕਲੇ ਕਿਉਂਕਿ ਇਨ੍ਹਾਂ ਸਬੰਧਤ ਹਲਕਿਆਂ ਦੇ 7 ਦੇ 7 ਐਮ.ਐਲ.ਏਜ਼ ਹਰ ਵਾਰ ਬਰਸਾਤਾਂ ਵਿੱਚ ਆਪਣੀ ਟਿੰਡ-ਫੋੜੀ ਚੁੱਕ ਕੇ ਘੱਗਰ ਦੇ ਬੰਨ੍ਹਾਂ ਤੇ ਤੁਰੇ ਫਿਰਦੇ ਹਨ। ਮੈਂ ਆਸ ਕਰਾਂਗਾ ਕਿ ਹੁਣ ਤੁਸੀਂ ਮੰਤਰੀ ਹੋ ਅਤੇ ਜਲ ਸਰੋਤ ਵਿਭਾਗ ਤੁਹਾਡੇ ਕੋਲ ਹੈ, ਇਸ ਵੱਲ ਧਿਆਨ ਕੀਤਾ ਜਾਵੇ। ਸਪੀਕਰ ਸਾਹਿਬ, ਸਾਰੇ ਪੰਜਾਬ ਵਿੱਚ ਟੇਲਾਂ ਤੱਕ ਪਾਣੀ ਪਹੁੰਚਿਆ ਹੈ। ਕੱਲ੍ਹ ਵੀ ਮੇਰੇ ਸਾਥੀ ਸ੍ਰੀ ਗੁਰਲਾਲ ਘਨੌਰ ਜੀ ਨੇ ਕਿਹਾ ਸੀ ਕਿ ਜਦੋਂ ਅਸੀਂ ਮਾਰ ਝੱਲਦੇ ਹਾਂ ਤਾਂ ਸਾਡੇ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਘੱਗਰ ਵਿੱਚੋਂ ਮਿੱਟੀ ਪੁੱਟ ਕੇ ਭਰਤ ਪਾਉਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਨਾਲ ਘੱਗਰ ਵਿੱਚ ਰੇਤੇ ਦਾ ਲੈਵਲ ਡਾਊਨ ਜਾਵੇਗਾ ਅਤੇ ਫਲੱਡ ਵੀ ਨਹੀਂ ਆਉਣਗੇ। ਸਾਡੇ ਤੋਂ ਪਹਿਲੀਆਂ ਸਰਕਾਰਾਂ ਵਿਚ ਜਿਹੜੇ ਐਮ.ਐਲ.ਏ. ਚੁਣ ਕੇ ਆਉਂਦੇ ਸੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਉਹ ਰੇਤੇ ਦੇ ਸਿਰ ਤੇ ਆਉਂਦੇ ਸੀ। ਸਾਡੇ ਤਾਂ ਹੁਣ ਉੱਥੇ ਰੇਤੇ ਦੀ ਚੋਰੀ ਦਾ ਨਾਂ-ਨਿਸ਼ਾਨ ਨਹੀਂ ਹੈ।

ਪੰਜਾਬ ਵਿੱਚ ਸੜਕਾਂ ਦੀ ਹਾਲਤ ਬਹੁਤ ਮਾੜੀ ਹੈ, ਘੱਟੋ-ਘੱਟ ਸਾਡੇ ਇਲਾਕੇ ਵਿੱਚ ਜਿਹੜੀ ਵੱਡੀ 4 ਲੇਨ ਰੋਡ ਨਿਕਲ ਰਹੀ ਹੈ, ਉਸ ਤੇ ਵੀ ਚੁੱਕ ਕੇ ਮਿੱਟੀ ਪਾਈ ਜਾਵੇ, ਇਸ ਨਾਲ ਸਰਕਾਰ ਦਾ ਪੈਸਾ ਬਚੇਗਾ। ਸਪੀਕਰ ਸਾਹਿਬ, ਮੰਤਰੀ ਸਾਹਿਬ ਖੁਦ ਘੱਗਰ ਕਮੇਟੀ ਵਿੱਚ ਮੇਰੇ ਨਾਲ ਮੈਂਬਰ ਰਹੇ ਹਨ, ਮੈਂ ਇਨ੍ਹਾਂ ਤੋਂ ਉਮੀਦ ਕਰਾਂਗਾ ਕਿ ਜਿਵੇਂ ਜੋੜਾਮਾਜਰਾ ਸਾਹਿਬ ਨੇ ਸਾਡੇ ਹਲਕੇ ਲਈ ਕੰਮ ਕੀਤਾ, ਤੁਸੀਂ ਵੀ ਹੁਣ ਘੱਗਰ ਦਾ ਪੱਕਾ ਹੱਲ ਕਰ ਦਿਓਗੇ। ** ਵਾਲੇ ਤਾਂ ਕੋਹਲੀ (ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.) ਹੋਰਾਂ ਨੇ ਪਰਮਾਨੈਂਟ ਹੀ ਬਾਹਰ ਭੇਜ ਦਿੱਤੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਬੇਨਤੀ ਕਰਦਾ ਹਾਂ ਕਿ ** ਤੋਂ ਬਾਅਦ ਜੇ ਘੱਗਰ ਦਰਿਆ ਵਾਲੇ 7 ਐਮ.ਐਲ.ਏਜ਼. ਦਾ ਏਰੀਆ ਬਚਾਉਣਾ ਹੈ ਤਾਂ ਇਸ ਤੇ ਬਹੁਤ ਧਿਆਨ ਦੇਣ ਦੀ ਲੋੜ ਹੈ। ਧੰਨਵਾਦ।

---

** Expunged as ordered by the Chair.

**ਮਾਣਯੋਗ ਸਪੀਕਰ** : ** ਡਿਲੀਟ ਕੀਤਾ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਮਾਣਯੋਗ ਐਮ.ਐਲ.ਏ. ਸਾਹਿਬ ਦੇ ਹਲਕੇ ਦੀ ਮੇਨ ਪ੍ਰਾਬਲਮ ਪਿੰਡ ਟਿਵਾਣਾ ਦੀ ਹੈ। ਵੈਸੇ ਇਨ੍ਹਾਂ ਨੇ ਠੀਕ ਕਿਹਾ ਹੈ ਕਿ ਘੱਗਰ ਦਰਿਆ ਪੰਜਾਬ ਵਿੱਚ ਵੱਡੀ ਤਬਾਹੀ ਮਚਾਉਂਦਾ ਹੈ ਕਿਉਂਕਿ ਹਿਮਾਚਲ ਅਤੇ ਹਰਿਆਣਾ ਦੀਆਂ ਨਦੀਆਂ ਦਾ ਪਾਣੀ ਘੱਗਰ ਦਰਿਆ ਵਿੱਚ ਪੈਂਦਾ ਹੈ। ਉਹ ਆਪਣਾ ਏਰੀਆ ਤਾਂ ਸਾਂਭ ਲੈਂਦੇ ਹਨ। ਲੇਕਿਨ ਸਾਰੇ ਹਰਿਆਣੇ ਅਤੇ ਹਿਮਾਚਲ ਦਾ ਪਾਣੀ ਮੇਰੇ ਹਲਕਾ ਲਹਿਰਾ ਦੇ ਖਨੌਰੀ ਵਿੱਚ ਛੱਡ ਕੇ ਸਾਡਾ ਸਾਰਾ ਏਰੀਆ ਡੋਬ ਦਿੱਤਾ ਜਾਂਦਾ ਹੈ। ਪਿਛਲੀ ਵਾਰ ਜਦੋਂ ਸਾਲ 2023 ਵਿੱਚ ਹੜ੍ਹ ਆਏ ਸਨ ਤਾਂ 42,000 ਏਕੜ ਫਸਲ ਮਰੀ ਸੀ ਜੋ ਕਿ ਸਾਰੇ ਪੰਜਾਬ ਵਿੱਚੋਂ ਸਭ ਤੋਂ ਵੱਧ ਸੀ ਪਰ ਪਿੰਡ ਟਿਵਾਣੇ ਵੱਲ ਸਾਡਾ ਵਿਸ਼ੇਸ਼ ਧਿਆਨ ਹੈ, ਇਥੇ ਘੱਗਰ ਦਰਿਆ ਨੂੰ ਚੌੜਾ ਕੀਤਾ ਜਾਵੇਗਾ। ਅਸੀਂ ਸੱਜੇ ਪਾਸੇ ਤੋਂ ਘੱਗਰ ਨੂੰ ਚੌੜਾ ਕਰਾਂਗੇ, ਉੱਥੋਂ ਮਿੱਟੀ ਕੱਢ ਕੇ ਖੱਬੇ ਪਾਸੇ ਕਿਨਾਰੇ ਉੱਤੇ ਪਾਵਾਂਗੇ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਕੰਮ ਕੱਲ੍ਹ ਹੀ ਸ਼ੁਰੂ ਹੋ ਜਾਵੇਗਾ। ਉਸ ਤੋਂ ਬਾਅਦ ਕੋਈ ਵੀ ਪ੍ਰਾਬਲਮ ਨਹੀਂ ਰਹੇਗੀ।

-------

**(ਕ੍ਰਮ ਨੰ : 16)**

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਸੂਬੇ ਵਿੱਚ ਅਵਾਰਾ ਪਸ਼ੂਆਂ ਦੀ ਗਿਣਤੀ ਬਹੁਤ ਵੱਧ ਚੁੱਕੀ ਹੈ ਜੋ ਕਿ ਸੜਕਾਂ ਤੇ ਦੁਰਘਟਨਾਵਾਂ ਦਾ ਕਾਰਨ ਬਣਦੇ ਹਨ, ਜਿਸ ਕਾਰਨ ਲੋਕਾਂ ਦੀਆਂ ਜਾਨਾਂ ਅਜਾਈਂ ਜਾ ਰਹੀਆਂ ਹਨ। ਇਹ ਅਵਾਰਾ ਪਸ਼ੂ ਹਰ ਥਾਂ ਤੇ ਮੌਜੂਦ ਰਹਿੰਦੇ ਹਨ, ਭਾਵੇਂ ਪਿੰਡਾਂ/ਸ਼ਹਿਰਾਂ ਦੀਆਂ ਗਲੀਆਂ ਹੋਣ, ਚਾਹੇ ਮਾਰਕੀਟ ਹੋਵੇ, ਸੂਬੇ ਦੇ ਲੋਕ ਇਨ੍ਹਾਂ ਅਵਾਰਾ ਪਸ਼ੂਆਂ ਤੋਂ ਬਹੁਤ ਪ੍ਰੇਸ਼ਾਨ ਹਨ। ਇਸ ਤੋਂ ਇਲਾਵਾ ਇਹ ਅਵਾਰਾ ਪਸ਼ੂ ਕਿਸਾਨਾਂ ਦੀਆਂ ਫਸਲਾਂ ਦਾ ਵੱਡੇ ਪੱਧਰ ਤੇ ਨੁਕਸਾਨ ਕਰ ਰਹੇ ਹਨ। ਸਰਕਾਰ ਅਵਾਰਾ ਪਸ਼ੂਆਂ ਦੀ ਇਸ ਗੰਭੀਰ ਸਮੱਸਿਆ ਨੂੰ ਵੇਖਦੇ ਹੋਏ ਇਨ੍ਹਾਂ ਨੂੰ ਕੰਟਰੋਲ ਕਰਨ ਲਈ ਕੋਈ ਠੋਸ ਕਦਮ ਚੁੱਕੇ ਤਾਂ ਜੋ ਆਮ ਜਨਤਾ ਦੇ ਨਾਲ ਨਾਲ ਕਿਸਾਨਾਂ ਦੇ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ।

ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਇਸ ਸਬੰਧੀ ਸਬੰਧਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਥਾਨਕ ਸਰਕਾਰ ਮੰਤਰੀ (ਡਾਕਟਰ ਰਵਜੋਤ ਸਿੰਘ)** : ਸਪੀਕਰ ਸਾਹਿਬ, ਮੈਂ ਆਪਣੇ ਵਿਧਾਨ ਸਭਾ ਦੇ ਸਾਥੀ ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ., ਨਿਹਾਲ ਸਿੰਘ ਵਾਲਾ ਜੀ ਦਾ ਧੰਨਵਾਦ ਵੀ ਕਰਦਾ ਹਾਂ ਅਤੇ ਸ਼ਲਾਘਾ ਵੀ ਕਰਦਾ ਹਾਂ ਕਿ ਇਨ੍ਹਾਂ ਨੇ ਇੱਕ ਅਹਿਮ ਮੁੱਦੇ ਅਤੇ ਗੰਭੀਰ ਸਮੱਸਿਆ ਉੱਤੇ ਸਦਨ ਦਾ ਧਿਆਨ ਦਿਵਾਇਆ ਹੈ। ਇਹ ਠੀਕ ਹੈ ਕਿ ਰਾਜ ਅੰਦਰ ਆਵਾਰਾ ਪਸ਼ੂਆਂ ਦੀ ਗਿਣਤੀ ਕਾਫੀ ਵੱਧ ਚੁੱਕੀ ਹੈ ਅਤੇ ਇਹ ਆਵਾਰਾ ਪਸ਼ੂ ਅਕਸਰ ਸੜਕ ਦੁਰਘਟਨਾਵਾਂ ਦਾ ਕਾਰਨ ਬਣਦੇ ਹਨ। ਇਸ ਸਮੱਸਿਆ ਸਬੰਧੀ ਵਿਭਾਗ ਸੁਚੇਤ ਹੈ। ਇਸ ਸਬੰਧੀ ਰਾਜ ਦੀਆਂ ਸਮੂਹ ਸ਼ਹਿਰੀ ਅਤੇ ਸਥਾਨਕ ਸੰਸਥਾਵਾਂ ਨੂੰ ਇਸ ਸਮੱਸਿਆ ਨਾਲ ਨਜਿੱਠਣ ਲਈ ਸਮੇਂ ਸਮੇਂ ਤੇ ਖਾਸ

ਉਪਰਾਲੇ ਕਰਨ ਲਈ ਲਗਾਤਾਰ ਦਿਸ਼ਾ ਨਿਰਦੇਸ਼ ਵੀ ਦਿੱਤੇ ਜਾ ਰਹੇ ਹਨ। ਸਪੀਕਰ ਸਾਹਿਬ, ਜਿਹੜਾ ਸਾਲ 2020 ਵਿੱਚ 20th Livestock Census ਹੋਇਆ ਸੀ, ਉਸ ਅਨੁਸਾਰ ਪੰਜਾਬ ਰਾਜ ਵਿੱਚ ਤਕਰੀਬਨ 1,40,000 ਆਵਾਰਾ ਪਸ਼ੂ ਸਨ। ਸਾਲ 2025 ਵਿੱਚ ਰਾਜ ਦੇ ਪਸ਼ੂ ਪਾਲਣ ਵਿਭਾਗ ਵੱਲੋਂ 21ਵਾਂ Livestock Census ਕਰਵਾਇਆ ਜਾ ਚੁੱਕਾ ਹੈ, ਜਿਸ ਦੇ ਅੰਕੜੇ ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਭੇਜ ਦਿੱਤੇ ਗਏ ਹਨ ਪਰ ਕੇਂਦਰ ਸਰਕਾਰ ਵੱਲੋਂ ਇਹ ਅੰਕੜੇ ਜਾਰੀ ਹੋਣੇ ਹਾਲੇ ਬਾਕੀ ਹਨ। ਜੇ ਮੈਂ ਪੰਜਾਬ ਰਾਜ ਦੀ ਗੱਲ ਕਰਾਂ ਤਾਂ ਉਪਲਬਧ ਅੰਕੜਿਆਂ ਮੁਤਾਬਕ ਅੱਜ ਦੀ ਤਰੀਕ ਵਿੱਚ ਪੂਰੇ ਪੰਜਾਬ ਵਿੱਚ ਤਕਰੀਬਨ 518 ਰਜਿਸਟਰਡ ਗਊਸ਼ਾਲਾਵਾਂ ਹਨ। ਇਨ੍ਹਾਂ ਵਿੱਚ ਤਕਰੀਬਨ 2 ਲੱਖ ਤੋਂ ਵੱਧ ਪਸ਼ੂ in house ਹਨ ਅਤੇ ਇਸ ਵਿੱਚ ਤਕਰੀਬਨ 20 ਸਰਕਾਰੀ ਕੈਟਲ ਸ਼ੈੱਡ ਹਨ ਜੋ ਕਿ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਵੱਲੋਂ ਬਣਾਏ ਗਏ ਹਨ ਜਦ ਕਿ ਸਥਾਨਕ ਸਰਕਾਰ ਵਿਭਾਗ ਵੱਲੋਂ 10 ਗਊਸ਼ਾਲਾਵਾਂ ਚਲਾਈਆਂ ਜਾ ਰਹੀਆਂ ਹਨ। ਸਾਲ 2020 ਵਿੱਚ 417 ਗਊਸ਼ਾਲਾਵਾਂ ਰਜਿਸਟਰਡ ਸਨ। ਸੋ, ਗਊਸ਼ਾਲਾਵਾਂ ਦਾ ਤਕਰਬੀਨ 100 ਦਾ ਅੰਕੜਾ ਵਧਿਆ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਵੱਲੋਂ ਉਨ੍ਹਾਂ ਦੀ ਹਦੂਦ ਅੰਦਰ ਘੁੰਮ ਰਹੇ ਆਵਾਰਾ ਪਸ਼ੂਆਂ ਨੂੰ ਫੜ ਕੇ ਸਰਕਾਰੀ ਜਾਂ ਪ੍ਰਾਈਵੇਟ ਗਊਸ਼ਾਲਾ ਵਿੱਚ ਛੱਡਿਆ ਜਾਂਦਾ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਵੱਲੋਂ ਸਰਕਾਰੀ, ਪ੍ਰਾਈਵੇਟ ਗਊਸ਼ਾਲਾ ਨੂੰ ਆਪਣੀ ਵਿੱਤੀ ਸਥਿਤੀ ਅਤੇ ਉਨ੍ਹਾਂ ਪਾਸ ਉਪਲਬਧ cow cess ਦੇ ਫੰਡਾਂ ਮੁਤਾਬਕ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ।

ਸਪੀਕਰ ਸਾਹਿਬ, ਸਥਾਨਕ ਸਰਕਾਰਾਂ ਵਿਭਾਗ ਵੱਲੋਂ ਅਵਾਰਾ ਜਾਨਵਰਾਂ ਦੇ attacks ਦੇ victims ਨੂੰ ਕੰਪਨਸੇਸ਼ਨ ਦੇਣ ਲਈ ਸਟੇਟ ਲੈਵਲ ਤੇ The Punjab Compensation to Victims of Animal Attacks & Accidents Policy, 2023 ਤਿਆਰ ਕੀਤੀ ਗਈ ਹੈ। ਇਸ ਪਾਲਿਸੀ ਤਹਿਤ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਬਣਾਈ ਕਮੇਟੀ ਵੱਲੋਂ ਆਵਾਰਾ ਪਸ਼ੂਆਂ ਕਾਰਨ ਜੇਕਰ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਅਤੇ ਜੇਕਰ ਕੋਈ ਵਿਅਕਤੀ ਸਥਾਈ ਤੌਰ ਤੇ ਅਪਾਹਜ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਮੁਆਵਜ਼ਾ ਦੇਣ ਦਾ ਵੀ ਉਪਬੰਧ ਹੈ। ਸਪੀਕਰ ਸਾਹਿਬ, ਇਸ ਸਪੈਸ਼ਲ ਸੈਸ਼ਨ ਵਿੱਚ ਜਦੋਂ Prevention of Cruelty to Animals Act, 1960 ਅਧੀਨ ਬਿਲ ਦੀ ਸੋਧਨਾ ਤੇ ਬਹਿਸ ਹੋਈ ਸੀ ਤਾਂ ਉਸ ਵੇਲੇ ਵੀ ਇਸ ਸਬੰਧੀ ਸਾਡੇ ਮਾਣਯੋਗ ਸੀ.ਐਮ. ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਇਸ ਸਦਨ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਸਰਕਾਰ ਵੱਲੋਂ ਆਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਜਲਦ ਹੀ ਕਾਰਵਾਈ ਕੀਤੀ ਜਾਵੇਗੀ ਅਤੇ ਸਥਾਨਕ ਸਰਕਾਰ ਵਿਭਾਗ ਵੱਲੋਂ ਇਸ ਸਮੱਸਿਆ ਦਾ ਮੁਕੰਮਲ ਹੱਲ ਕਰਨ ਲਈ ਸਬੰਧਤ ਵਿਭਾਗਾਂ ਅਤੇ ਮਾਹਿਰਾਂ ਨਾਲ ਤਾਲਮੇਲ ਕਰਕੇ ਇਸ ਸਬੰਧੀ ਇੱਕ ਵਿਸਥਾਰਪੂਰਵਕ ਨੀਤੀ ਵੀ ਤਿਆਰ ਕੀਤੀ ਜਾਵੇਗੀ। ਧੰਨਵਾਦ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਸਪੀਕਰ ਸਾਹਿਬ, ਜਦੋਂ ਅਸੀਂ ਰਾਤ ਨੂੰ ਸਫਰ ਕਰਦੇ ਹਾਂ ਤਾਂ ਕਈ ਵਾਰ ਹਨੇਰੇ ਵਿੱਚ ਝਾੜੀਆਂ ਵਿੱਚੋਂ ਪਸ਼ੂ ਨਿਕਲ ਕੇ ਸੜਕ ਉਤੇ ਆ ਜਾਂਦੇ ਹਨ, ਜਿਸ ਕਾਰਨ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਇਨ੍ਹਾਂ ਅਵਾਰਾ ਪਸ਼ੂਆਂ ਕਾਰਨ ਬਹੁਤ ਸਾਰੇ ਐਕਸੀਡੈਂਟਸ ਅਤੇ ਹਾਦਸੇ ਹੁੰਦੇ ਹਨ, ਇਨ੍ਹਾਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ। ਬਾਕੀ ਜਿਹੜੀ ਗਊਸ਼ਾਲਾਵਾਂ ਦੀ ਗੱਲ ਕੀਤੀ ਗਈ ਹੈ ਇਨ੍ਹਾਂ ਸਾਰੀਆਂ ਗਊਸ਼ਾਲਾਵਾਂ ਵਿੱਚ ਪਸ਼ੂਆਂ ਦੇ ਰੱਖ-ਰਖਾਵ ਲਈ problems ਆ ਰਹੀਆਂ ਹਨ, ਜਿਸ ਤਰ੍ਹਾਂ ਬਿਜਲੀ ਦੇ ਬਿੱਲ ਆਦਿ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆ ਰਹੀਆਂ ਹਨ। ਇਸ ਲਈ ਸਾਨੂੰ ਸਮਾਜ ਸੇਵੀ ਲੋਕਾਂ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ

ਸਰਕਾਰ ਵੱਲੋਂ ਵੀ ਜਿੰਨੀ ਮਦਦ ਹੋ ਸਕੇ ਉਹ ਕਰਨੀ ਚਾਹੀਦੀ ਹੈ ਤਾਂ ਕਿ ਕੀਮਤੀ ਜਾਨਾਂ ਦਾ ਬਚਾਅ ਹੋ ਸਕੇ। ਧੰਨਵਾਦ ਜੀ।

--------

**MOTION UNDER RULE 16**

**ਮਾਣਯੋਗ ਸਪੀਕਰ** : ਨਿਯਮ 16 ਅਧੀਨ ਪ੍ਰਸਤਾਵ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

----------

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਮੈਂ ਹਾਊਸ ਦੇ ਰੂਲਜ਼ ਆਫ ਪ੍ਰੋਸਿਜਰ ਦੇ Rule 256 ਅਧੀਨ ਇੱਕ privilege ਤੁਹਾਡੇ ਨੋਟਿਸ ਵਿੱਚ ਲੈ ਕੇ ਆਉਣਾ ਚਾਹੁੰਦਾ ਹਾਂ। ਸਰ, ਕੱਲ੍ਹ ਜਦੋਂ ਤੁਸੀਂ ਥੋੜ੍ਹੀ ਦੇਰ ਵਾਸਤੇ ਹਾਊਸ ਨੂੰ ਐਡਜਰਨ ਕੀਤਾ ਸੀ, ਅਸੀਂ ਸਾਰੇ ਬਾਹਰ ਹੀ ਜਾ ਰਹੇ ਸੀ। ਮੈਂ ਦੇਖਿਆ ਕਿ ਸਕਿਉਰਿਟੀ ਦਾ ਦਰਵਾਜ਼ਾ ਖੁੱਲ੍ਹਿਆ ਹੋਇਆ ਸੀ ਅਤੇ ਇੱਥੇ ਬਹੁਤ ਜ਼ਿਆਦਾ ਸ਼ਗੂਫਾ ਇਕੱਠਾ ਹੋਇਆ ਪਿਆ ਸੀ। ਮੈਂ ਅੰਦਰ ਜਾ ਕੇ ਵੇਖਿਆ ਤਾਂ ਬਹੁਤ ਸਾਰੇ ਅਨਆਥੋਰਾਈਜ਼ਡ ਲੋਕ, ਜਿਨ੍ਹਾਂ ਕੋਲ ਲੈਪਟਾਪ ਸਨ, ਉਹ ਇੱਥੇ ਸਾਡੀਆਂ ਹਾਊਸ ਪ੍ਰੋਸੀਡਿੰਗਜ਼ ਨੂੰ ਬਕਾਇਦਾ ਤੌਰ ਤੇ ਤੋੜ-ਮਰੋੜ ਰਹੇ ਸਨ। ਸਰ, ਮੇਰੀ ਗੁਜ਼ਾਰਿਸ਼ ਹੈ ਕਿ ਇਨ-ਹਾਊਸ ਸਕਿਉਰਿਟੀ ਵਾਸਤੇ ਜਿਹੜਾ ਪ੍ਰੋਵੀਜ਼ਨ ਹੈ, ਜੋ ਵਿਧਾਨ ਸਭਾ ਸਪੀਕਰ ਨੂੰ ਦਿੱਤਾ ਗਿਆ ਹੈ, ਇਸ ਦਾ ਮਿਸਯੂਜ਼ ਹੋ ਰਿਹਾ ਹੈ। There are certain people sitting. ਜਿਹੜਾ ਸਾਡਾ ਹਾਊਸ ਹੈ, it is a very solemn House. ਇਸ ਦੀਆਂ ਸਾਰੀਆਂ ਪ੍ਰੋਸੀਡਿੰਗਜ਼ ਤੁਹਾਡੀ ਮਨਜ਼ੂਰੀ ਤੋਂ ਬਿਨਾਂ ਕਿਤੇ ਬਾਹਰ ਨਹੀਂ ਜਾ ਸਕਦੀਆਂ। ਜਿਹੜੇ ਬੰਦੇ ਇੱਥੇ ਅੰਦਰ ਬੈਠੇ ਹਨ, ਕਿਰਪਾ ਕਰਕੇ ਇਨ੍ਹਾਂ ਨੂੰ ਬਾਹਰ ਕੱਢਿਆ ਜਾਵੇ। They are not employees of the Vidhan Sabha. They cannot sit here. ਸੋ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਸ ਮਾਮਲੇ ਦਾ ਰੂਲ 256 ਦੇ ਵਿੱਚ privilege ਲੈ ਕੇ,

ਇਨ੍ਹਾਂ ਨੂੰ ਕਾਈਂਡਲੀ ਇੱਥੋਂ ਬਾਹਰ ਕਢਾਇਆ ਜਾਵੇ because I feel ਕਿ ਸਾਡੀ secrecy of the office of the Assembly has been compromised.

**ਮਾਣਯੋਗ ਸਪੀਕਰ**: ਧੰਨਵਾਦ ਜੀ। ਮੈਂ, ਮਾਣਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਦਾ ਧੰਨਵਾਦੀ ਹਾਂ ਲੇਕਿਨ ਮੇਰੀ ਇੱਥੇ ਗੁਜ਼ਾਰਿਸ਼ ਹੈ ਕਿ ਜਿਸ ਤਰ੍ਹਾਂ ਅਸੀਂ ਅੱਗੇ ਬੁੱਕਲ ਵਿੱਚ ਗੁੜ ਭੰਨ ਲੈਂਦੇ ਸੀ, ਉਹ ਹੁਣ ਨਹੀਂ ਭੰਨਿਆ ਜਾਂਦਾ। ਜਦੋਂ ਦੀ ਤੁਸੀਂ ਲੋਕਾਂ ਨੇ ਇਹ ਸਰਕਾਰ ਬਣਾਈ ਹੈ ਔਰ ਦਾਸ ਨੂੰ ਜ਼ਿੰਮੇਵਾਰੀ ਦਿੱਤੀ ਹੈ, ਉਦੋਂ ਤੋਂ ਸਾਰਾ ਕੁਝ ਲਾਈਵ ਹੈ। ਸਾਰੀਆਂ ਪ੍ਰੋਸੀਡਿੰਗਜ਼ ਬਾਹਰ ਜਾਂਦੀਆਂ ਹਨ ਔਰ ਉਹ ਲਾਈਵ ਕਰਨ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੇ ਡਿਪਾਰਟਮੈਂਟ ਆਫ ਪਬਲਿਕ ਰਿਲੇਸ਼ਨਜ਼ ਨੂੰ ਦਿੱਤੀ ਗਈ ਹੈ। ਸੋ, ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਜਿਸ ਨੂੰ ਵੀ ਇਸ ਕੰਮ ਲਈ ਆਥੋਰਾਈਜ਼ ਕਰਦਾ ਹੈ, ਉਸ ਕੰਮ ਲਈ ਉਸ ਦੀ ਡਿਊਟੀ ਲੱਗੀ ਹੋਈ ਹੈ। ਸੋ, ਇਹ ਮੇਰੀ ਸਬਮਿਸ਼ਨ ਹੈ। ਮੇਰਾ ਖਿਆਲ ਹੈ ਕਿ ਹੁਣ ਆਪਾਂ ਇਸ ਤੇ ਬਹਿਸ ਨਾ ਕਰੀਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਦੇ ਆਦਮੀ ਹੋਣ ਤਾਂ ਸਾਨੂੰ ਕੋਈ ਤਕਲੀਫ ਨਹੀਂ ਪਰ ਤੁਹਾਡੀ ਜਿਹੜੀ ਮੌਜੂਦਾ ਸਰਕਾਰ ਹੈ, ਇਸ ਦੇ ਸੋਸ਼ਲ ਮੀਡੀਆ ਦੇ ਇੰਚਾਰਜ Ankit Saxena was sitting over there. I have a photograph of this person. Photograph is present with me on my personal camera. We cannot allow people who are not employees of the Vidhan Sabha to sit inside.

**Mr. Speaker.** No, no. It is not like this.

**Sardar Partap Singh Bajwa**: They are playing with the secrecy of this august House. It cannot be allowed.

**Mr. Speaker**: Please sit down. I have taken your point. Let me reply in English. The people, whosoever is authorized by the DPR, is authorized by me also. Please....

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਕੀ ਇਹ ਸਾਰੇ allowed ਹਨ?

**Mr. Speaker**: Yes, DPR has allowed many people for this job. ਪਲੀਜ਼ ਬੈਠੋ। ਇਸ ਸਬੰਧੀ ਤੁਹਾਨੂੰ ਅੱਜ ਰੂਲਜ਼ ਭੇਜ ਦਿੱਤੇ ਜਾਣਗੇ। ਤੁਹਾਡਾ ਜੋ ਹੁਕਮ ਹੋਇਆ ਹੈ, ਉਹ ਵੀ ਤੁਹਾਨੂੰ ਭੇਜ ਦਿੱਤਾ ਜਾਵੇਗਾ। You will get the rules today.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਹ ਬੜਾ unfortunate ਹੈ ਪਰ ਅਸੀਂ ਮਾਹੌਲ ਨਹੀਂ ਖਰਾਬ ਕਰਨਾ ਚਾਹੁੰਦੇ।

**Mr. Speaker**: I appreciate. Thank you.

**ਸਰਦਾਰ ਪ੍ਰਤਾਪ ਸਿੰਘ ਬਾਜਵਾ** (ਬਿਨਾਂ ਮਾਈਕ ਤੋਂ) : ਸਰ, ਸਾਡੀ ਇੱਕ ਬੇਨਤੀ ਵੀ ਸੁਣ ਲਵੋ, ਜਿਹੜੀ ਜ਼ੀਰੋ ਆਵਰ ਬਾਰੇ ਹੈ। ਪੰਜਾਬ ਵਿੱਚ ਅੱਜ ਇੰਨੇ important matters ਹਨ, Law and Order ਹੈ, Land Pooling Policy ਦੀ ਗੱਲ ਹੈ, ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ, ਆਦਿ। ਤੁਸੀਂ ਬਹੁਤ ਦਿਆਨਤਦਾਰ ਸਪੀਕਰ ਹੋ। Government cannot run like this.

**ਮਾਣਯੋਗ ਸਪੀਕਰ**: ਤੁਹਾਡੀ ਵਾਰੀ ਆ ਰਹੀ ਹੈ। ਤੁਹਾਡਾ ਮਾਈਕ ਆਨ ਹੋਣ ਜਾ ਰਿਹਾ ਹੈ। (ਵਿਘਨ) ਪਲੀਜ਼ ਬੈਠੋ, ਪਲੀਜ਼ ਬੈਠੋ। ਤੁਹਾਡੀ ਵਾਰੀ ਆ ਰਹੀ ਹੈ। ਹੁਣ ਵਿਧਾਨਕ ਕੰਮ-ਕਾਰ ਲਿਆ ਜਾਵੇਗਾ।

-------

## LEGISLATIVE BUSINESS

## DISCUSSION ON MOTION MOVED IN RESPECT OF THE PUNJAB PREVENTION OF OFFENCES AGAINST HOLY SCRIPTURES BILL, 2025

**ਮਾਣਯੋਗ ਸਪੀਕਰ** : ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਕੱਲ੍ਹ ਮਿਤੀ 14.07.2025 ਨੂੰ The Punjab Prevention of Offences against Holy Scriptures Bill, 2025 ਸਦਨ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਇਸ ਬਿਲ ਉਤੇ ਤੁਰੰਤ ਵਿਚਾਰ ਕਰਨ ਲਈ ਪ੍ਰਸਤਾਵ ਪੇਸ਼ ਕੀਤਾ ਗਿਆ ਸੀ। ਇਸ ਸਬੰਧ ਵਿੱਚ ਵਿਰੋਧੀ ਧਿਰ ਵੱਲੋਂ ਕੀਤੀ ਗਈ ਬੇਨਤੀ ਦੇ ਅਧਾਰ ਤੇ ਅੱਜ ਬਿਲ ਤੇ ਬਹਿਸ ਅਰੰਭ ਕੀਤੀ ਜਾਣੀ ਹੈ। ਸੋ, ਮੈਂ ਬਹਿਸ ਸ਼ੁਰੂ ਕਰਵਾਉਂਦਾ ਹਾਂ। ਹਾਂ ਜੀ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕੀ ਟਾਈਮ ਦੱਸ ਦਿਓਗੇ ਕਿ ਸਾਡਾ ਕਿੰਨਾ ਟਾਈਮ ਹੈ?

**ਮਾਣਯੋਗ ਸਪੀਕਰ** : ਇਸ ਬਹਿਸ ਲਈ ਦੋ ਘੰਟੇ ਦਾ ਸਮਾਂ ਮਿੱਥਿਆ ਗਿਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕਾਂਗਰਸ ਪਾਰਟੀ ਦਾ ਕਿੰਨਾ ਸਮਾਂ ਹੈ?

**ਮਾਣਯੋਗ ਸਪੀਕਰ** : ਮੈਂ ਸਾਰੀਆਂ ਪਾਰਟੀਆਂ ਦਾ ਸਮਾਂ ਦੱਸ ਦਿੰਦਾ ਹਾਂ। ਪਹਿਲਾਂ ਕਾਂਗਰਸ ਪਾਰਟੀ ਦਾ ਦੱਸ ਦਿੰਦਾ ਹਾਂ। ਕਾਂਗਰਸ ਪਾਰਟੀ ਦੇ 16 ਮੈਂਬਰ ਹਨ ਅਤੇ 16 ਹੀ ਮਿੰਟ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਮੇਰੀ ਗੁਜ਼ਾਰਿਸ਼ ਹੈ ਕਿ ਇਹ ਬਹੁਤ ਇੰਪਾਰਟੈਂਟ ਮਸਲਾ ਹੈ ਅਤੇ ਸਾਰਾ ਦਿਨ ਆਪਾਂ ਨੂੰ ਹੋਰ ਕੋਈ ਕੰਮ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਆਪਾਂ ਟਾਈਮ ਥੋੜ੍ਹਾ ਜਿਹਾ ਐਕਸਟੈਂਡ ਕਰ ਦੇਈਏ। Let us add on two more hours. ਮੇਰੀ ਗੁਜ਼ਾਰਿਸ਼ ਹੈ ਕਿ ਤੁਸੀਂ ਆਪ ਇਹ ਗੱਲ ਕਹੀ ਸੀ ਕਿ ਜਿੰਨਾ ਵਕਤ ਮੰਗੋਗੇ, ਇਸ ਬੇਅਦਬੀ ਦੇ ਬਿਲ ਤੇ ਬੋਲਣ ਲਈ ਤੁਹਾਨੂੰ ਦੇਵਾਂਗੇ। ਮੇਰੀ ਤੁਹਾਨੂੰ ਕਾਈਂਡਲੀ ਰਿਕੁਐਸਟ ਹੈ।

**ਮਾਣਯੋਗ ਸਪੀਕਰ** : ਤੁਸੀਂ ਬੋਲ ਲੈਣਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੈਂ ਤਾਂ ਬੋਲ ਹੀ ਲਵਾਂਗਾ ਪਰ ਮੇਰੇ ਕੁਝ ਹੋਰ ਸਾਥੀਆਂ ਨੇ ਵੀ ਬੋਲਣਾ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ਼੍ਰੀ ਅਮਨ ਅਰੋੜਾ) (ਬੈਠੇ ਬੈਠੇ)** : ਸਪੀਕਰ ਸਾਹਿਬ, ਜੇ ਲੋੜ ਹੋਈ ਤਾਂ ਵਧਾ ਲਵਾਂਗੇ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਵਧਾ ਲਵਾਂਗੇ।

**Sardar Partap Singh Bajwa** : Thank you.

**ਮਾਣਯੋਗ ਸਪੀਕਰ** : ਆਮ ਆਦਮੀ ਪਾਰਟੀ ਦੇ 93 ਮੈਂਬਰ ਹਨ ਅਤੇ ਦੋ ਘੰਟੇ ਦੇ ਹਿਸਾਬ ਨਾਲ ਇਨ੍ਹਾਂ ਦੇ 1 ਘੰਟਾ 35 ਮਿੰਟ ਬਣਦੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਇਨ੍ਹਾਂ ਨੂੰ ਭਾਵੇਂ ਕੱਲ੍ਹ ਦਾ ਪੂਰਾ ਦਿਨ ਦੇ ਦਿਓ ਜੀ।

**ਮਾਣਯੋਗ ਸਪੀਕਰ** : ਕੋਈ ਗੱਲ ਨਹੀਂ। ਅਕਾਲੀ ਦਲ ਦੇ ਤਿੰਨ ਮਿੰਟ ਹਨ ਪਰ ਸਮਾਂ ਵਧਾ ਦੇਵਾਂਗੇ। ਭਾਰਤੀ ਜਨਤਾ ਪਾਰਟੀ ਦੇ ਦੋ ਮਿੰਟ ਹਨ, ਤੁਹਾਡਾ ਸਮਾਂ ਵੀ ਵਧਾ ਦੇਵਾਂਗੇ। ਬਹੁਜਨ ਸਮਾਜ ਪਾਰਟੀ ਦੇ ਦੋ ਮਿੰਟ ਹਨ, ਤੁਹਾਡਾ ਸਮਾਂ ਵੀ ਵਧਾ ਦੇਵਾਂਗੇ। ਜੇਕਰ ਸਾਡੇ ਇੰਡੀਪੈਂਡੈਂਟ ਮੈਂਬਰ ਹਾਜ਼ਰ ਹੋਏ ਤਾਂ ਉਨ੍ਹਾਂ ਦੇ ਦੋ ਮਿੰਟ ਬਣਦੇ ਹਨ, ਉਨ੍ਹਾਂ ਦਾ ਵੀ ਸਮਾਂ ਵਧਾ ਦੇਵਾਂਗੇ। ਹਾਂ ਜੀ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਰ, ਇਹ ਬਹੁਤ ਹੀ ਅਹਿਮ ਬਿਲ ਹੈ, ਜਿਸ ਵਾਸਤੇ ਸਾਰਾ ਪੰਜਾਬੀ ਵਰਲਡ ਆਲ ਓਵਰ ਬਹੁਤ ਸਮੇਂ ਤੋਂ ਆਸ ਕਰ ਰਿਹਾ ਸੀ ਕਿ ਇਸ ਬਿਲ ਨੂੰ ਵਾਪਸ ਕਿਸ ਸ਼ੇਪ ਵਿੱਚ ਲਿਆਂਦਾ ਜਾਵੇਗਾ, ਇਸ ਦਾ ਖਰੜਾ ਕਿਸ ਤਰ੍ਹਾਂ ਤਿਆਰ ਹੋਵੇਗਾ। ਮੈਨੂੰ ਯਾਦ ਹੈ, ਕੱਲ੍ਹ ਜਦੋਂ ਮੈਂ ਤੁਹਾਡੇ ਧਿਆਨ ਵਿੱਚ ਇਹ ਗੱਲ ਲਿਆਂਦੀ ਸੀ ਕਿ ਸਾਨੂੰ ਬਿਲ ਦੀ ਕਾਪੀ 15 ਮਿੰਟ ਪਹਿਲਾਂ ਮਿਲੀ ਹੈ, ਜਦ ਕਿ ਕਨਵੈਂਸ਼ਨਜ਼ ਇਹ ਹਨ ਕਿ ਮਿਨੀਮਮ 48 ਆਵਰਜ਼ ਅਤੇ ਪਾਰਲੀਮੈਂਟ ਦੀਆਂ ਕਨਵੈਂਸ਼ਨਜ਼ ਮੁਤਾਬਿਕ ਮਿਨੀਮਮ 72 ਘੰਟੇ ਪਹਿਲਾਂ ਬਿਲ ਦੀ ਕਾਪੀ ਮਿਲਣੀ ਚਾਹੀਦੀ ਹੈ। ਅਸੀਂ ਇਹ ਗੱਲ ਕਹੀ ਸੀ ਕਿ ਅਸੀਂ ਕੰਪਿਊਟਰ ਨਹੀਂ ਹਾਂ। ਇਹ ਲੀਗਲ ਚੀਜ਼ ਹੈ, ਇਸ ਵਿੱਚ ਸਾਨੂੰ ਆਪਣੀ ਪਾਰਟੀ ਦੇ ਸਾਥੀਆਂ ਨਾਲ, ਐਡਵੋਕੇਟਸ ਨਾਲ, ਸਾਰਿਆਂ ਨਾਲ ਸਲਾਹ ਕਰਨੀ ਪਵੇਗੀ। I have been extremely thankful. You are very great and magnanimous. ਸਾਰੀ ਆਪੋਜ਼ੀਸ਼ਨ ਪਾਰਟੀ ਨੇ ਬੀ.ਏ.ਸੀ. ਦੀ ਮੀਟਿੰਗ ਵਿੱਚ ਤੁਹਾਨੂੰ ਕਿਹਾ ਸੀ ਅਤੇ ਜੋ ਫੈਸਲਾ ਹੋਇਆ ਸੀ, ਤੁਸੀਂ ਉਸ ਨੂੰ ਪ੍ਰਵਾਨ ਚੜ੍ਹਾਇਆ ਹੈ। We are extremely thankful. ਸਰ, ਕੱਲ੍ਹ ਸੀ.ਐਮ. ਸਾਹਿਬ ਨੇ ਇਹ ਗੱਲ ਕਹੀ ਸੀ ਕਿ ਬਾਜਵਾ ਸਾਹਿਬ ਤੁਸੀਂ ਟਾਈਮ ਮੰਗਦੇ ਹੋ ਤਾਂ ਇਸ ਦਾ ਮਤਲਬ ਤੁਸੀਂ ਪ੍ਰੀਪੇਅਰਡ ਨਹੀਂ ਹੋ। ਸਰ, ਮੈਂ ਤੁਹਾਡੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਅਸੀਂ ਤਾਂ 12 ਘੰਟੇ ਮੰਗੇ ਸੀ ਪਰ ਮੈਨੂੰ ਯਾਦ ਹੈ ਕਿ ਜਦੋਂ ਤੁਹਾਡੀ ਸਰਕਾਰ ਨਹੀਂ ਬਣੀ ਸੀ, ਉਸ ਟਾਈਮ ਤੁਹਾਡੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਸਾਹਿਬ ਅਤੇ ਭਗਵੰਤ ਮਾਨ ਜੀ ਨੇ ਸਮੁੱਚੇ ਪੰਜਾਬ ਨੂੰ ਇਹ ਯਕੀਨ ਦਿਵਾਇਆ ਸੀ ਕਿ ਤੁਸੀਂ ਤਬਦੀਲੀ ਲੈ ਕੇ ਆਓਗੇ। ਮੈਨੂੰ ਉਨ੍ਹਾਂ ਦੇ ਕਹੇ ਇਹ ਸ਼ਬਦ ਯਾਦ ਹਨ ਕਿ ਜਿਸ ਦਿਨ ਆਨੇਸਟ ਸੀ.ਐਮ. ਆਏਗਾ, ਅਸੀਂ ਕੁੰਵਰ ਵਿਜੈ ਪ੍ਰਤਾਪ ਸਿੰਘ, ਜਿਹੜੇ ਤੁਸੀਂ ਉਦੋਂ ਪੋਸਟਰ ਬੁਆਏ ਬਣਾਏ ਸਨ, ਉਨ੍ਹਾਂ ਦੀ 13 ਸਾਲ ਦੀ ਆਈ.ਪੀ.ਐਸ. ਦੀ ਨੌਕਰੀ ਛੁਡਵਾਈ, ਉਨ੍ਹਾਂ ਨੂੰ ਵਾਅਦਾ ਕੀਤਾ ਗਿਆ

ਕਿ ਤੁਹਾਨੂੰ ਮਨਿਸਟਰੀ ਆਫ ਹੋਮ ਅਫੇਅਰਜ਼ ਦੇਵਾਂਗੇ, ਤੁਹਾਡੇ ਜ਼ਰੀਏ ਅਸੀਂ ਬੇਅਦਬੀ ਦੇ ਕੇਸਿਜ਼, ਡਰੱਗਜ਼ ਦੇ ਕੇਸਿਜ਼ ਨੂੰ ਨੇਪਰੇ ਚੜ੍ਹਾਵਾਂਗੇ, ਡਿਪਟੀ ਚੀਫ ਮਨਿਸਟਰ ਬਣਾਵਾਂਗੇ। ਉਹ ਆਪਣੀ 13 ਸਾਲ ਦੀ ਆਈ.ਪੀ.ਐਸ. ਦੀ ਨੌਕਰੀ ਛੱਡ ਕੇ ਤੁਹਾਡੇ ਵਿੱਚ ਆ ਗਏ। ਸਾਰੇ ਪੰਜਾਬ ਵਿੱਚ ਉਨ੍ਹਾਂ ਨੂੰ ਘੁੰਮਾਇਆ-ਫਿਰਾਇਆ ਗਿਆ। ਉਨ੍ਹਾਂ ਦੇ ਪੋਸਟਰ ਲਗਾਏ ਗਏ। ਕੇਜਰੀਵਾਲ ਸਾਹਿਬ ਨੇ ਇਹ ਗੱਲ ਕਹੀ ਸੀ ਕਿ ਚੌਵੀ ਘੰਟਿਆਂ ਵਿੱਚ ਅਸੀਂ ਇਹ ਮਾਮਲੇ ਨੇਪਰੇ ਚੜ੍ਹਾਵਾਂਗੇ। ਜਿਹੜੀ ਬੇਅਦਬੀਆਂ ਦੇ ਕੇਸਿਜ਼ ਵਾਸਤੇ SIT ਬਣੀ ਸੀ, ਉਸ ਵਿੱਚ ਕੁੰਵਰ ਵਿਜੈ ਪ੍ਰਤਾਪ ਸਿੰਘ ਮੈਂਬਰ ਸੀ। ਉਨ੍ਹਾਂ ਨੇ ਕਿਹਾ ਸੀ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲੀ SIT ਦੀ ਰਿਪੋਰਟ ਨੂੰ ਉਸੇ ਤਰ੍ਹਾਂ, ਇੰਨ-ਬਿੰਨ ਲਾਗੂ ਕਰਾਂਗੇ ਅਤੇ 24 ਘੰਟਿਆਂ ਵਿੱਚ ਦੋਸ਼ੀਆਂ ਨੂੰ ਕਟਹਿਰੇ ਵਿੱਚ ਪਹੁੰਚਾ ਦਿੱਤਾ ਜਾਵੇਗਾ। ਮੈਨੂੰ ਅੱਜ ਸਾਰੇ ਪੰਜਾਬ ਨੂੰ ਇਹ ਦੱਸਦਿਆਂ ਅਫਸੋਸ ਹੁੰਦਾ ਹੈ ਕਿ ਜਿਹੜੇ ਮੁੱਖ ਮੰਤਰੀ ਸਾਹਿਬ ਸਾਨੂੰ 12 ਘੰਟੇ ਨਹੀਂ ਦੇਣਾ ਚਾਹੁੰਦੇ ਸਨ, ਉਸ ਮੁੱਖ ਮੰਤਰੀ ਦੀ ਸਰਕਾਰ ਨੂੰ 27,456 ਘੰਟੇ ਇੰਤਜ਼ਾਰ ਕਰਨਾ ਪਿਆ। ਸਪੀਕਰ ਸਾਹਿਬ, ਅੱਜ ਤੁਹਾਡੀ ਸਰਕਾਰ ਆਈ ਨੂੰ 27,456 ਘੰਟੇ ਹੋ ਚੁੱਕੇ ਹਨ ਪ੍ਰੰਤੂ ਹੁਣ 24 ਘੰਟਿਆਂ, ਭਾਵ 1 ਦਿਨ ਦੀ ਬਜਾਏ 1144 ਦਿਨ ਹੋ ਚੁੱਕੇ ਹਨ। ਅੱਜ ਤੁਸੀਂ ਬਿਲ ਕਿਹੜਾ ਲਿਆਂਦਾ ਹੈ? ਇਹ ਉਹੀ ਹੈ, ਜਿਹੜਾ ਸਾਲ 2018 ਵਿੱਚ ਕਾਂਗਰਸ ਪਾਰਟੀ ਲੈ ਕੇ ਆਈ ਸੀ ਅਤੇ ਉਸ ਵੇਲੇ ਯੂਨਾਨੀਮਸਲੀ ਪਾਸ ਹੋਇਆ ਸੀ। ਮੈਂ, ਅੱਜ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹਵਾਂਗਾ ਕਿ ਕਿਰਪਾ ਕਰਕੇ ਪੰਜਾਬ ਦੇ ਲੋਕਾਂ ਨੂੰ ਦੱਸੋ ਕਿ ਰਾਸ਼ਟਰਪਤੀ ਸਾਹਿਬ ਦੀ ਯੈੱਸ ਵਾਸਤੇ, ਉਨ੍ਹਾਂ ਦੇ ਸਿਗਨੇਚਰਜ਼ ਵਾਸਤੇ ਜਦੋਂ ਦਾ ਬਿਲ ਉਥੇ ਪਿਆ ਹੈ, ਕੀ ਤੁਸੀਂ ਸਾਢੇ ਤਿੰਨ ਸਾਲਾਂ ਵਿੱਚ ਇੱਕ ਵਾਰ ਵੀ ਹਿੰਦੁਸਤਾਨ ਦੇ ਰਾਸ਼ਟਰਪਤੀ ਕੋਲ ਗਏ ਕਿ ਇਸ ਨੂੰ ਸੈਂਕਸ਼ਨ ਦਿੱਤੀ ਜਾਵੇ ਜਾਂ ਕੀ ਤੁਸੀਂ ਪ੍ਰਧਾਨ ਮੰਤਰੀ ਸਾਹਿਬ ਨੂੰ ਇਸ ਬਾਰੇ ਮਿਲੇ ਹੋ ਕਿਉਂਕਿ ਕੌਂਸਲ ਆਫ ਮਨਿਸਟਰਜ਼ ਦੀ ਐਡਵਾਈਜ਼ ਉਤੇ ਹੀ ਰਾਸ਼ਟਰਪਤੀ ਨੇ ਕੰਮ ਕਰਨਾ ਹੁੰਦਾ ਹੈ। We never found it. ਕੀ ਤੁਹਾਨੂੰ ਵਕਤ ਨਹੀਂ ਲੱਗਿਆ ਜੀ?

ਸਪੀਕਰ ਸਾਹਿਬ, ਸਾਨੂੰ ਤੁਹਾਡੇ ਗੁਰਸਿੱਖ ਹੋਣ ਦੀ ਕਦਰ ਹੈ ਅਤੇ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਤੁਸੀਂ ਵੀ ਉਸੇ ਹੀ ਸਰਜ਼ਮੀਨ ਤੋਂ ਆਉਂਦੇ ਹੋ, ਜਿੱਥੇ ਬੇਅਦਬੀਆਂ ਹੋਈਆਂ ਹਨ। ਮੈਨੂੰ ਪਤਾ ਹੈ ਕਿ ਤੁਹਾਨੂੰ ਵੀ ਬਹੁਤ ਭਾਰੀ ਤਕਲੀਫ਼ ਹੈ ਪਰ ਬਹੁਤ ਸਾਰੀਆਂ ਚੀਜ਼ਾਂ ਐਸੀਆਂ ਹਨ ਜਿਹੜੀਆਂ ਤੁਹਾਡੇ ਹੱਥ-ਵੱਸ ਨਹੀਂ ਹਨ। ਸਰ, ਮੈਂ ਆਪਣੀ ਗੱਲ ਇੱਥੋਂ ਸ਼ੁਰੂ ਕਰਨਾ ਚਾਹਾਂਗਾ ਕਿ ਇਹ ਮਸਲਾ ਗੰਭੀਰ ਕਦੋਂ ਬਣਿਆ? ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਉਸ ਵੇਲੇ ਪਹਿਲੀ ਜੂਨ, 2015 ਵਿੱਚ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਵਿੱਚ ਸਾਰਿਆਂ ਨਾਲੋਂ ਵੱਡੀ ਬੇਅਦਬੀ ਹੋਈ ਸੀ, ਉਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉਥੋਂ ਚੋਰੀ ਕੀਤੇ ਗਏ। ਦੂਸਰਾ ਇੰਸੀਡੈਂਟ ਚੰਦ ਮਹੀਨਿਆਂ ਬਾਅਦ 12 ਅਕਤੂਬਰ ਨੂੰ ਬਰਗਾੜੀ ਵਿੱਚ ਹੋਇਆ। ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਨੂੰ ਡਿਸਟਰਾਇ ਕੀਤਾ ਗਿਆ ਸੀ। ਸਬਸੀਕੁਐਂਟਲੀ, ਤੁਹਾਡੇ ਸ਼ਹਿਰ ਵਿੱਚ ਦੋ ਜਗ੍ਹਾ ਤੇ ਧਰਨੇ ਲੱਗਣੇ ਸ਼ੁਰੂ ਹੋ ਗਏ। ਪਹਿਲਾ ਧਰਨਾ ਕੋਟਕਪੂਰਾ ਚੌਂਕ ਵਿੱਚ ਸ਼ੁਰੂ ਹੋਇਆ ਅਤੇ ਦੂਜਾ ਬਹਿਬਲ ਕਲਾਂ ਦੇ ਚੌਂਕ ਵਿੱਚ ਸ਼ੁਰੂ ਹੋਇਆ। ਸਰ, ਜਿਹੜੀ ਗੱਲ ਸਾਡੇ ਸਾਹਮਣੇ ਆਈ, ਉਹ ਇਹ ਹੈ ਕਿ 14 ਤਰੀਕ ਨੂੰ ਉਦੋਂ ਦੇ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਅਤੇ ਹੋਮ ਮਨਿਸਟਰ, ਸਰਦਾਰ ਸੁਖਬੀਰ ਸਿੰਘ ਬਾਦਲ, ਨੇ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੂੰ ਇਹ ਹੁਕਮ ਕਲੀਅਰ ਕੱਟ ਜਾਰੀ ਕੀਤੇ ਕਿ ਦੋਵਾਂ ਜਗ੍ਹਾ ਤੇ ਬੇਅਦਬੀਆਂ ਦੇ ਖਿਲਾਫ ਜਿਹੜੇ ਧਰਨਾਕਾਰੀ ਸਿੰਘ ਬੈਠੇ ਹਨ, ਗੁਰੂ ਦੀ ਬਾਣੀ ਦਾ ਜਾਪ ਕਰ ਰਹੇ ਹਨ, ਇਨ੍ਹਾਂ ਨੂੰ ਉੱਥੋਂ ਉਖੇੜਿਆ ਜਾਵੇ। ਇਹ ਉਥੇ ਸਵੇਰ ਤੱਕ ਰਹਿਣੇ ਨਹੀਂ ਚਾਹੀਦੇ। ਸਬਸੀਕੁਐਂਟਲੀ ਉਥੇ ਲਾਠੀਚਾਰਜ ਹੋਇਆ, ਜੋ ਕੰਟਰੋਲ ਵਿੱਚ ਨਹੀਂ ਆਇਆ। ਬਾਅਦ ਵਿੱਚ ਉਨ੍ਹਾਂ ਨੂੰ

ਫਾਇਰਿੰਗ ਕਰਨੀ ਪਈ। ਕੋਟਕਪੂਰੇ ਵਿੱਚ ਕਈ ਬੰਦੇ ਇੰਜਰਡ ਹੋਏ। ਬਹਿਬਲ ਕਲਾਂ ਵਿੱਚ ਸਾਡੇ ਦੋ ਸਿੰਘ ਸਰਦਾਰ ਕ੍ਰਿਸ਼ਨ ਭਗਵਾਨ ਸਿੰਘ ਜੀ ਅਤੇ ਸਰਦਾਰ ਗੁਰਜੀਤ ਸਿੰਘ ਨਾਮ ਦੇ ਸ਼ਹੀਦ ਹੋ ਗਏ। ਸਬਸੀਕੁਐਂਟਲੀ ਐਫ.ਆਈ.ਆਰਜ਼. ਦਰਜ ਹੋਈਆਂ। ਪਹਿਲਾਂ ਦੋਵੇਂ ਕੇਸ ਫਰੀਦਕੋਟ ਵਿਖੇ ਚਲਦੇ ਰਹੇ, ਇੱਕ ਕੇਸ ਤਾਂ ਚਲਦਾ ਰਿਹਾ ਅਤੇ ਚੰਦ ਮਹੀਨੇ ਬਾਅਦ ਉਨ੍ਹਾਂ ਵਿੱਚੋਂ ਇੱਕ ਕੇਸ ਵਿੱਚ ਇਨਵਾਲਵਡ ਐਸ.ਪੀ. ਨੇ ਹਾਈ ਕੋਰਟ ਵਿੱਚ ਅਪੀਲ ਕੀਤੀ ਕਿ ਮੇਰੀ ਜਾਨ ਨੂੰ ਖਤਰਾ ਹੋ ਸਕਦਾ ਹੈ ਕਿਉਂਕਿ ਫਰੀਦਕੋਟ ਵਿੱਚ ਇਮੋਸ਼ਨਜ਼ ਬੜੇ ਹਾਈ ਹਨ, ਮੈਂ ਚਾਹਵਾਂਗਾ ਕਿ ਸਾਡਾ ਬਹਿਬਲ ਕਲਾਂ ਵਾਲਾ ਕੇਸ ਸ਼ਿਫਟ ਕਰਕੇ ਚੰਡੀਗੜ੍ਹ ਘੱਲ ਦਿੱਤਾ ਜਾਵੇ। ਸਰ, ਉਹ ਕੇਸ ਚੰਡੀਗੜ੍ਹ ਘੱਲ ਦਿੱਤਾ ਗਿਆ, ਪਿਛਲੇ ਤਕਰੀਬਨ ਇੱਕ ਸਾਲ ਤੋਂ ਉਹ ਕੇਸ ਚੰਡੀਗੜ੍ਹ ਵਿੱਚ ਹੈ। ਦੂਸਰਾ, ਕੋਟਕਪੂਰੇ ਵਿੱਚ ਫਾਇਰਿੰਗ ਦਾ ਕੇਸ ਫਰੀਦਕੋਟ ਦੇ ਸੈਸ਼ਨ ਜੱਜ ਦੇ ਕੋਲ ਚੱਲ ਰਿਹਾ ਹੈ। ਸਰ, ਇੱਕ ਚੀਜ਼ ਬੜੀ ਹੈਰਾਨੀ ਵਾਲੀ ਹੈ ਅਤੇ ਜਿਸ ਗੱਲ ਤੋਂ ਸਾਰਾ ਪੰਜਾਬ ਦਹਿਲ ਜਾਵੇਗਾ, ਉਹ ਇਹ ਹੈ ਕਿ ਜਿਨ੍ਹਾਂ ਨੂੰ ਤੁਸੀਂ ਮੁੱਖ ਦੋਸ਼ੀ ਕਹਿੰਦੇ ਰਹੇ ਹੋ, ਜਿਨ੍ਹਾਂ ਨੂੰ ਤੁਸੀਂ ਕਹਿੰਦੇ ਰਹੇ ਹੋ ਕਿ ਇਹ ਆਦਮੀ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਇਹ ਬੇਅਦਬੀਆਂ ਕਰਵਾਈਆਂ ਹਨ ਅਤੇ ਇੱਥੋਂ ਤੱਕ ਕਿ ਸਾਡੇ ਸਿੰਘ ਸ਼ਹੀਦ ਕਰਵਾਏ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਸ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਇੱਕ ਵੀ ਕੇਸ ਵਿੱਚ ਨਾਮ ਹੀ ਨਹੀਂ ਹੈ। ਜਿਹੜਾ ਕੋਟਕਪੂਰੇ ਦਾ ਕੇਸ ਹੈ, ਉਸ ਵਿੱਚ 7 ਆਦਮੀਆਂ ਦੇ ਨਾਮ ਹਨ। ਸਰਦਾਰ ਪਰਕਾਸ਼ ਸਿੰਘ ਬਾਦਲ, ਉਸ ਸਮੇਂ ਦੇ ਚੀਫ਼ ਮਨਿਸਟਰ ਆਫ ਪੰਜਾਬ, ਸਰਦਾਰ ਸੁਖਬੀਰ ਸਿੰਘ ਬਾਦਲ, ਉਦੋਂ ਹੋਮ ਮਨਿਸਟਰ ਸਨ, ਸੁਮੇਧ ਸਿੰਘ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਚਰਨਜੀਤ ਸਿੰਘ ਸ਼ਰਮਾ, ਅਮਰ ਸਿੰਘ ਚਾਹਲ, ਸੁਖਵਿੰਦਰ ਸਿੰਘ ਮਾਨ। ਸਰ, ਦੂਜੇ ਪਾਸੇ ਜਿਹੜਾ ਕੇਸ ਬਹਿਬਲ ਕਲਾਂ ਵਿੱਚ ਬਣਿਆ, ਉਸ ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦਾ ਨਾਮ ਹੀ ਨਹੀਂ ਹੈ। ਇਹੀ ਕਾਰਨ ਹੈ ਕਿ ਮੈਂ ਜਿਹੜਾ ਐਲੀਗੇਸ਼ਨ ਲਗਾਉਂਦਾ ਹਾਂ ਕਿ ਤੁਹਾਡੀ ਸਰਕਾਰ is not sincere. ਕੀ ਤੁਸੀਂ ਪਰਕਾਸ਼ ਸਿੰਘ ਬਾਦਲ ਨੂੰ, ਸੁਖਬੀਰ ਸਿੰਘ ਬਾਦਲ ਨੂੰ, ਸ਼੍ਰੋਮਣੀ ਅਕਾਲੀ ਦਲ ਨੂੰ ਸਾਫ਼ ਤੌਰ ਤੇ ਬਰੀ ਨਹੀਂ ਕਰ ਦਿੱਤਾ? ਜੇਕਰ ਪਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਇੱਕ ਥਾਂ ਤੋਂ ਆਰਡਰ ਦਿੰਦੇ ਹਨ, ਸਬਸੀਕੁਐਂਟ ਦੋ ਘਟਨਾਵਾਂ ਹੁੰਦੀਆਂ ਹਨ ਤਾਂ ਉਸ ਦੀ ਜ਼ਿੰਮੇਵਾਰੀ ਕਿਸ ਦੀ ਹੋਵੇਗੀ? ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਇੱਕ ਚਲਾਨ ਦੇ ਵਿੱਚ ਸੀ.ਐਮ. ਅਤੇ ਉਸ ਦੇ ਲੜਕੇ ਨਾ ਨਾਮ ਹੋਵੇ ਅਤੇ ਦੂਜੇ ਚਲਾਨ ਵਿੱਚ ਇਨ੍ਹਾਂ ਵਿੱਚੋਂ ਕਿਸੇ ਦਾ ਨਾਮ ਹੀ ਨਾ ਹੋਵੇ?

**ਮਾਣਯੋਗ ਸਪੀਕਰ:** ਬਾਜਵਾ ਜੀ, ਮੈਂ ਤੁਹਾਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇਕਰ ਬਿਲ ਤੇ ਕੋਈ ਗੱਲ ਹੈ ਤਾਂ ਉਹ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਉਸ ਤੇ ਵੀ ਗੱਲ ਕਰਾਂਗਾ ਪਰ ਪੰਜਾਬ ਦੇ ਲੋਕਾਂ ਨੂੰ ਇਸ ਦੀ ਹਿਸਟਰੀ ਵੀ ਪਤਾ ਹੋਣੀ ਚਾਹੀਦੀ ਹੈ। ਤੁਸੀਂ ਲੋਕਾਂ ਨੂੰ ਕੀ ਵਾਅਦਾ ਕੀਤਾ ਸੀ ਅਤੇ ਉਸੇ ਵਾਅਦੇ ਕਰਕੇ ਤੁਸੀਂ ਸਰਕਾਰ ਵਿੱਚ ਆਏ ਸੀ। ਅੱਜ ਸਾਢੇ ਤਿੰਨ ਸਾਲ ਬੀਤ ਗਏ ਹਨ। ਪੰਜਾਬ ਦੀ ਤਰਾਸਦੀ ਵੇਖੋ। ਜਿਹੜੇ ਪੋਸਟਰ ਬੁਆਏ ਦੇ ਨਾਂ ਉਤੇ ਤੁਹਾਡੀ ਪਾਰਟੀ ਪੰਜਾਬ ਵਿਚ ਸੱਤਾ ਵਿੱਚ ਆਈ ਹੈ, ਜਿਸ ਦਾ ਨਾਮ ਇਸਤੇਮਾਲ ਕੀਤਾ ਗਿਆ, ਅੱਜ ਉਹ ਹਾਊਸ

ਵਿੱਚ ਹੀ ਨਹੀਂ ਹੈ। ਤੁਸੀਂ ਪੰਜਾਬ ਦੀ ਤਰਾਸਦੀ ਵੇਖੋ ** ਸਪੀਕਰ ਸਾਹਿਬ, ਅਸੀਂ ਵੀ ਕਹਿੰਦੇ ਰਹੇ ਕਿ ਉਸ ਗਰੀਬ ਨੂੰ ਬੋਲਣ ਵਾਸਤੇ ਪੰਜ-ਸੱਤ ਮਿੰਟ ਤਾਂ ਦੇ ਦਿਓ। ** ਉਸ ਨੂੰ ਪੰਜ ਸਾਲ ਵਾਸਤੇ ਪਾਰਟੀ ਵਿਚੋਂ ਹੀ ਕੱਢ ਦਿੱਤਾ।

**ਮਾਣਯੋਗ ਸਪੀਕਰ**: ਇਹ ਬਿਲਕੁਲ ਗਲਤ ਹੈ। ਮੈਂ ਤੁਹਾਨੂੰ ਹੁਣੇ ਰਿਕਾਰਡ ਕੱਢ ਕੇ ਦੇ ਸਕਦਾ ਹਾਂ। ਮੈਂ ਉਨ੍ਹਾਂ ਨੂੰ ਲੋੜ ਨਾਲੋਂ ਵੱਧ, ਉਨ੍ਹਾਂ ਦੇ ਬਣਦੇ ਸਮੇਂ ਨਾਲੋਂ ਵੱਧ ਸਮਾਂ ਦਿੰਦਾ ਰਿਹਾ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਵੱਧ ਕਿਸੇ ਦਾ ਵੀ ਸਤਿਕਾਰ ਮੇਰੇ ਮਨ ਵਿਚ ਨਹੀਂ ਹੈ। ਦੁਨੀਆ ਦੀ ਹਰੇਕ ਤਾਕਤ ਤੋਂ ਵੱਧ ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ। ਉਨ੍ਹਾਂ ਦੇ ਕਰਕੇ ਮੈਂ ਇੱਥੇ ਬੈਠਾ ਹਾਂ। ਜੇਕਰ ਕੋਈ ਗਲਤੀ ਹੋਈ ਹੈ ਤਾਂ ਮੈਂ ਉਸ ਵਾਸਤੇ ਮੁਆਫ਼ੀ ਵੀ ਮੰਗਦਾ ਹਾਂ ਲੇਕਿਨ ਮੇਰੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਾ ਸਤਿਕਾਰ ਦੇਣ ਦੀ ਕੋਸ਼ਿਸ਼ ਹੁੰਦੀ ਹੈ ਅਤੇ ਹੁੰਦੀ ਰਹੇਗੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਠੀਕ ਹੈ ਜੀ, ਮੈਂ ਕਬੂਲ ਕਰਦਾ ਹਾਂ। ਮੈਂ ਮੰਨ ਲੈਂਦਾ ਹਾਂ ਪਰ ਅੱਜ ਕੁੰਵਰ ਵਿਜੈ ਪ੍ਰਤਾਪ ਸਿੰਘ ਵੀ ਹਾਊਸ ਤੋਂ ਬਾਹਰ ਹੈ ਅਤੇ ਬਾਦਲ ਵੀ ਬਾਹਰ ਹਨ। ਕੀ ਇਸ ਸਰਕਾਰ ਦਾ ਬਾਦਲਾਂ ਨਾਲ ਇਹ ਸੌਦਾ ਹੋਇਆ ਹੈ? ਮੈਂ ਡਰਾਮੇ ਤੋਂ ਇਲਾਵਾ ਸਾਫ਼ ਤੌਰ ਤੇ ਪੁੱਛਣਾ ਚਾਹੁੰਦਾ ਹਾਂ ਕਿ you have compromised with Badals? ਉਹ ਸਮਝੌਤਾ ਕਿਹੜੀ ਗੱਲੋਂ ਹੋਇਆ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਬਿੱਲੀ ਥੈਲਿਓਂ ਬਾਹਰ ਆ ਜਾਣੀ ਹੈ। ਮੈਂ ਹੋਰ ਅੱਗੇ ਜਾਣਾ ਚਾਹੁੰਦਾ ਹਾਂ ਅਤੇ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਚਾਰ ਏ.ਜੀ. ਬਣਾਏ ਹਨ, ਜਿਨ੍ਹਾਂ ਵਿੱਚ ਦੋ ਐਡਵੋਕੇਟ ਜਨਰਲ ਉਹ ਹਨ, ਜਿਹੜੇ ਖੁਦ ਬੇਅਦਬੀਆਂ ਦੇ ਗੁਨਾਹਗਾਰ ਸੀ। ਉਨ੍ਹਾਂ ਨੇ ਬਕਾਇਦਾ ਤੌਰ ਤੇ ਇਹ ਕੇਸ ਰਿਪ੍ਰੈਜ਼ੈਂਟ ਕੀਤਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਵੰਤ ਸਿੰਘ, ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਸਰਦਾਰ ਫੌਜਾ ਸਿੰਘ ਅਤੇ ਸਰਦਾਰ ਮਨਜੀਤ ਸਿੰਘ ਬਿਲਾਸਪੁਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਨੇਤਾ ਨਾਲ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫ਼ੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਬਾਜਵਾ ਸਾਹਿਬ, ਮੈਂ ਇਹ ਮਹਿਸੂਸ ਕਰਦਾ ਹਾਂ ਕਿ ਆਪਾਂ ਨੂੰ ਕਾਨੂੰਨ ਦੇ ਸਬੰਧ ਵਿਚ ਗੱਲ ਕਰਨੀ ਚਾਹੀਦੀ ਹੈ, ਉਹ ਜ਼ਿਆਦਾ ਸਾਰਥਿਕ ਹੋਵੇਗੀ। ਤੁਸੀਂ ਹੁਣ ਤੱਕ ਜੋ ਵੀ ਗੱਲਾਂ ਕੀਤੀਆਂ ਹਨ, ਉਹ ਪਬਲਿਕ ਡੋਮੇਨ ਵਿਚ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੈਂ ਹੁਣ ਕਾਨੂੰਨ ਤੇ ਆ ਜਾਂਦਾ ਹਾਂ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ਜੀ। ਪਿਛਲੇ ਸਮੇਂ ਦੇ ਵਿਚ ਜਦੋਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਹਨ, ਉਸ ਨਾਲ ਹਰ ਸਿੱਖ ਦੇ ਮਨ ਨੂੰ ਬਹੁਤ ਵੱਡੀ ਠੇਸ ਪਹੁੰਚੀ ਹੈ ਅਤੇ ਇਸ ਤੇ ਰਾਜਨੀਤੀ ਬਹੁਤ ਹੋਈ ਹੈ। ਸੋ, ਮੈਂ ਇਸ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ। ਉਸ ਘਟਨਾ ਤੋਂ ਬਾਅਦ ਕਾਂਗਰਸ ਦੀ ਸਰਕਾਰ ਵੀ ਰਹੀ ਹੈ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਉਸ ਘਟਨਾ ਵਾਸਤੇ ਜਿਹੜੇ ਵੀ ਦੋਸ਼ੀ ਹਨ, ਚਾਹੇ ਕੋਈ ਵੀ ਹੈ ਜਾਂ

** Expunged as ordered by the Hon'ble Speaker.

ਕਿਸੇ ਵੀ ਰਾਜਨੀਤਕ ਪਾਰਟੀ ਦਾ ਲੀਡਰ ਹੋਵੇ, ਇਸ ਬਾਰੇ ਪਾਰਦਰਸ਼ੀ ਇਨਕੁਆਰੀ ਹੋ ਕੇ ਲੋਕਾਂ ਦੇ ਸਾਹਮਣੇ ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਹੋਣਾ ਚਾਹੀਦਾ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਧੰਨਵਾਦ। ਸੋ, ਬਾਜਵਾ ਜੀ, ਰਾਜਨੀਤੀ ਕਰਨ ਵਾਸਤੇ ਹੋਰ ਬਹੁਤ ਸਬਜੈਕਟ ਹਨ। Please come to the point.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਬੈਕਗਰਾਉਂਡ ਦੱਸਣੀ ਜ਼ਰੂਰੀ ਸੀ। ਜਿਹੜਾ ਇਹ ਨਵਾਂ ਬਿਲ ਆਇਆ ਹੈ, ਇਸ ਬਿਲ ਵਿਚ ਜ਼ਿਕਰ ਕੀਤਾ ਹੈ -

"In this Act, unless the context otherwise requires -

> "Holy Scriptures" means any of the Scriptures considered sacred and held as "Holy" by respective religious denominations and may include Sri Guru Granth Sahib or extracts thereof including Pothis and Gutka Sahib, Srimad Bhagavad Gita, Quran Sharif and Holy Bible;

Sir, there is difference between scriptures and living Gurus. Sri Guru Granth Sahib ji is living Guru. ਅਸੀਂ Guru Granth Sahib Ji ਨੂੰ living Guru ਤਸਲੀਮ ਕਰਦੇ ਹਾਂ। ਕਿਰਪਾ ਕਰਕੇ scriptures ਦੇ ਨਾਲ ਅਸੀਂ equate ਨਹੀਂ ਕਰ ਸਕਦੇ। So, Bill has to decisively go into this very important factor. ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਨੰਬਰ 2, ਉਸੇ ਪੈਰ੍ਹਾ ਵਿੱਚ ਜੋ ਗੱਲ ਕਹੀ ਗਈ ਹੈ-

> 'offence' means and includes any sacrilege, damage, destruction, de-facing, disfiguring, de-colouring, defiling, decomposing, burning, breaking or tearing of any Holy Scriptures or part thereof.

ਉਸ ਵਿੱਚ theft is not included. ਜੇਕਰ ਕੋਈ ਗ੍ਰੰਥ ਚੋਰੀ ਹੋ ਜਾਏ, ਜਿਸ ਤਰ੍ਹਾਂ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਹੋਇਆ ਹੈ, that theft word is not included. So, I would like the word 'theft' to be included in this Bill. ਨੰਬਰ 3 -

> The investigation of the offence(s) punishable under this Act shall be conducted by the police officer not below the rank of Deputy Superintendent of Police.

ਮੇਰੀ ਰਾਏ ਹੈ ਕਿ ਜਦੋਂ ਵੀ ਬੇਅਦਬੀ ਹੋਈ ਹੈ, ਉਸ ਵਾਸਤੇ ਜਿੰਨੀਆਂ ਵੀ SITs ਬਣੀਆਂ ਹਨ, ਉਹ ਸਾਰੀਆਂ ਆਈ.ਜੀ. ਜਾਂ ਆਈ.ਜੀ. ਦੇ ਲੈਵਲ ਤੋਂ ਉਪਰਲੇ ਅਫਸਰਾਂ ਦੀਆਂ ਬਣੀਆਂ ਹਨ। ਮੇਰੀ ਗੌਰਮਿੰਟ ਨੂੰ ਇਹ

ਰਾਏ ਹੋਵੇਗੀ ਕਿ investigation should be time bound. ਹੁਣ ਵਾਲੀਆਂ investigations ਵਿੱਚ there is no time limit. 10 ਸਾਲ ਹੋ ਚੁੱਕੇ ਹਨ, ਹਾਲੇ ਤੱਕ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰੇ ਦੇ ਫਾਈਨਲ ਚਲਾਨ ਨਹੀਂ ਦਿੱਤੇ ਗਏ ਹਨ। ਸੋ, ਮੈਂ ਇਸ ਵਿੱਚ ਆਪਣੇ ਵੱਲੋਂ ਰਾਏ ਦਿਆਂਗਾ ਕਿ investigation ਦਾ maximum ਟਾਈਮ 30 ਦਿਨ ਕੀਤਾ ਜਾਵੇ। ਜੇਕਰ 30 ਦਿਨਾਂ ਵਿੱਚ investigation ਮੁਕੰਮਲ ਨਹੀਂ ਹੋਈ ਤਾਂ ਐਕਸਟਰਾ 15 ਦਿਨ ਚਾਹੀਦੇ ਹਨ and sanction should be at the level of the SSP of that district. ਜੇ 45 ਦਿਨ ਬੀਤਣ ਤੋਂ ਬਾਅਦ ਵੀ ਫਿਰ ਐਕਸਟਰਾ ਟਾਈਮ ਚਾਹੀਦਾ ਹੈ, ਫਿਰ ਡਾਇਰੈਕਟਰ ਜਨਰਲ ਆਫ ਪੁਲਿਸ ਹੀ ਟਾਈਮ ਦੇ ਸਕਦਾ ਹੈ। ਇਸ ਦਾ ਮਕਸਦ ਇਹ ਹੈ ਕਿ ਡਾਇਰੈਕਟਰ ਜਨਰਲ ਆਫ ਪੁਲਿਸ ਨੂੰ ਇਸ ਮਾਮਲੇ ਦੀ ਗੰਭੀਰਤਾ ਦਾ ਪਤਾ ਹੋਵੇ ਤੇ ਉਹ ਟਾਈਮਲੀ ਐਕਸ਼ਨ ਕਰੇ।

ਨੰਬਰ 4, ਜਿੱਥੇ ਵੀ ਕੋਈ investigation ਗਲਤ ਪਾਈ ਜਾਏ ਜਾਂ biased ਪਾਈ ਜਾਏ, ਉਸ ਅਫਸਰ ਦੇ ਅਗੇਂਸਟ prosecution ਹੋਣੀ ਚਾਹੀਦੀ ਹੈ। ਇਹ ਨਹੀਂ ਕਿ ਤੁਸੀਂ ਜੋ ਮਰਜ਼ੀ ਲਿਖ ਦਿਓ ਕਿ ਕਚਹਿਰੀਆਂ ਵਿੱਚ ਮਾਮਲਾ ਟਿਕ ਨਾ ਸਕੇ, investigation faulty ਨਜ਼ਰ ਆਏ ਅਤੇ ਉਸ ਅਫਸਰ 'ਤੇ ਕਿਸੇ ਕਿਸਮ ਦਾ ਇਤਰਾਜ਼ ਵੀ ਨਾ ਜਤਾਇਆ ਜਾਏ, ਉਸ ਦੀ ਨੌਕਰੀ ਵਿੱਚ ਕਿਸੇ ਕਿਸਮ ਦੀ ਕੋਈ ਬੰਦਿਸ਼ ਵੀ ਨਾ ਪਵੇ, ਇਸ ਤਰ੍ਹਾਂ ਦੇ ਕੇਸ ਵਿੱਚ ਅਸੀਂ ਚਾਹਾਂਗੇ ਕਿ ਉਸ ਅਫਸਰ ਦੀ prosecution ਹੋਣੀ ਚਾਹੀਦੀ ਹੈ।

ਪੰਜਵਾਂ, ਕਿਸੇ ਵੀ ਪਬਲਿਕ ਪਲੇਸ ਤੇ ਕੋਈ religious protest ਹੋਵੇ, ਉਥੇ ਇਹ ਕਾਨੂੰਨ ਹੋਣਾ ਚਾਹੀਦਾ ਹੈ ਕਿ real bullets will not be fired. ਅਸਲ ਦੀ ਗੋਲੀ ਨਹੀਂ ਚੱਲਣੀ ਚਾਹੀਦੀ। There are various means world over, ਜਿਸ ਤਰ੍ਹਾਂ ਉਹ ਕੰਟਰੋਲ ਕਰਦੇ ਹਨ। ਅਸਲ ਗੋਲੀਆਂ ਨਹੀਂ ਚਲਾਈਆਂ ਜਾਂਦੀਆਂ। ਇੱਥੇ ਤਾਂ AK.47 ਤੱਕ ਚੱਲੀਆਂ ਹਨ। ਮੇਰੀ ਗੁਜ਼ਾਰਿਸ਼ ਸਿਰਫ ਇਹੀ ਹੈ ਅਤੇ ਇਹ ਮੇਰੀ ਰਾਏ ਹੈ। ਬਹੁਤ ਬਹੁਤ ਸ਼ੁਕਰੀਆ, ਮਿਹਰਬਾਨੀ। You have given me time for this very important issue.

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਲੀਡਰ ਆਫ ਦਿ ਆਪੋਜ਼ੀਸ਼ਨ ਨੇ ਸਾਲ 2015-16 ਦੇ ਪੁਰਾਣੇ ਘਟਨਾਕ੍ਰਮ ਬਾਰੇ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਬਰਗਾੜੀ ਦੇ ਅੰਦਰ, ਬਹਿਬਲ ਕਲਾਂ ਦੇ ਅੰਦਰ ਉਸ ਸਮੇਂ ਦੀ ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ. ਦੀ ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ। ਮੈਂ ਥੋੜ੍ਹਾ ਜਿਹਾ ਪਿੱਛੇ ਜਾਣਾ ਚਾਹੁੰਦਾ ਹਾਂ। ਇਸ ਦਾ ਬੜਾ ਹੀ ਇਤਿਹਾਸਕ ਪਿਛੋਕੜ ਹੈ। ਜਿੰਨਾ ਵੀ ਮੇਰਾ ਰਾਜਨੀਤਕ ਤਜਰਬਾ ਹੈ ਜਾਂ ਜਿੰਨੀ ਮੇਰੀ ਸੋਚਣ ਦੀ ਪਹੁੰਚ ਹੈ, ਮੈਨੂੰ ਲੱਗਦਾ ਹੈ ਕਿ ਜਦੋਂ ਵੀ ਬੀ.ਜੇ.ਪੀ. ਤੇ ਅਕਾਲੀ ਦਲ ਦੀ ਸਰਕਾਰ ਆਈ ਹੈ, ਇਹ ਧਰਮ ਦੇ ਨਾਂ ਤੇ ਹੀ ਬਣੀ ਹੈ ਅਤੇ ਉਸੇ ਸਮੇਂ ਕਿਸੇ ਨਾ ਕਿਸੇ ਰੂਪ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਵਾਉਣ ਦਾ ਯਤਨ ਜਾਂ ਤਾਂ ਉਸ ਸਮੇਂ ਦੀਆਂ ਸਰਕਾਰਾਂ ਨੇ ਕੀਤਾ ਜਾਂ ਉਸ ਸਮੇਂ ਦੀਆਂ ਸਰਕਾਰਾਂ ਨਾਲ ਮਿਲ ਕੇ ਕੁਝ ਸਾਜ਼ਿਸ਼ਕਾਰਾਂ ਨੇ ਕੀਤਾ, ਜਿਹੜੇ ਪੰਜਾਬ ਦਾ ਅਮਨ ਕਾਨੂੰਨ ਤੋੜਨਾ ਚਾਹੁੰਦੇ ਸੀ ਅਤੇ ਪੰਜਾਬ ਦੇ ਅੰਦਰ ਅੱਗ ਲਗਾਉਣਾ ਚਾਹੁੰਦੇ ਸੀ। ਮੈਂ ਸਿਰਫ ਇੱਕ ਵਾਕਿਆ ਦਾ ਜ਼ਿਕਰ ਕਰਨਾ ਚਾਹਾਂਗਾ, ਮੈਂ ਜ਼ਿਆਦਾ ਸਮਾਂ ਨਹੀਂ ਲਵਾਂਗਾ। ਸਾਲ 1986 ਵਿੱਚ ਨਕੋਦਰ ਦੇ ਗੁਰਦੁਆਰਾ ਗੁਰੂ ਅਰਜੁਨ ਸਾਹਿਬ ਵਿਖੇ ਪੰਜ ਪਵਿੱਤਰ ਬੀੜਾਂ ਨੂੰ ਅਗਨ ਭੇਂਟ ਕੀਤਾ ਗਿਆ। ਇਹ 2 ਫਰਵਰੀ, 1986 ਦਾ ਵਾਕਿਆ ਹੈ ਅਤੇ 4 ਫਰਵਰੀ, 1986 ਨੂੰ ਲੋਕ peaceful protest ਕਰ ਰਹੇ ਸਨ, ਧਰਨਾ ਦੇ ਰਹੇ ਸਨ, ਜਿਵੇਂ ਬਰਗਾੜੀ

ਵਿੱਚ ਹੋਇਆ, ਉਸੇ ਸਮੇਂ ਦੀ ਸਰਕਾਰ ਨੇ 4 ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਉਨ੍ਹਾਂ ਨੂੰ ਸਿੱਧੀਆਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਇਹ ਚਾਰ ਨੌਜਵਾਨ ਉਸ ਸਮੇਂ ਸ਼ਹੀਦ ਕਰ ਦਿੱਤੇ ਗਏ ਸਨ - ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਿਲ ਸਿੰਘ ਗੁਰਸੀਆਣਾ ਅਤੇ ਹਰਮਿੰਦਰ ਸਿੰਘ। ਖਹਿਰਾ ਸਾਹਿਬ, ਸ਼ਾਇਦ ਦੋ ਤੁਹਾਡੇ ਪਿੰਡ ਤੋਂ ਸੀ। ਜੇ ਮੈਂ ਗਲਤ ਨਾ ਹੋਵਾਂ, ਜੇ ਗਲਤ ਹੋਇਆ ਤਾਂ ਕੁਰੈਕਟ ਕਰ ਦਿਉ, ਉਸ ਸਮੇਂ ਪੰਜਾਬ ਵਿੱਚ ਸਰਦਾਰ ਸੁਰਜੀਤ ਸਿੰਘ ਬਰਨਾਲਾ, ਮੁੱਖ ਮੰਤਰੀ ਸਨ, ਕੈਪਟਨ ਕੰਵਲਜੀਤ ਸਿੰਘ ਉਸ ਸਮੇਂ ਹੋਮ ਮਨਿਸਟਰ ਸਨ ਅਤੇ ਸਰਦਾਰ ਸੁਖਜਿੰਦਰ ਸਿੰਘ ਉਸ ਸਮੇਂ ਐਜੂਕੇਸ਼ਨ ਮਨਿਸਟਰ ਸਨ, ਜਿਨ੍ਹਾਂ ਦੇ ਫਰਜੰਦ ਸੁਖਪਾਲ ਸਿੰਘ ਖਹਿਰਾ ਜੀ ਇਸ ਸਮੇਂ ਵਿਧਾਨ ਸਭਾ ਦੇ ਮੈਂਬਰ ਹਨ। ਖਹਿਰਾ ਸਾਹਿਬ, ਜੇ ਮੈਂ ਗਲਤ ਹੋਵਾਂ ਤਾਂ ਮੈਨੂੰ ਜ਼ਰੂਰ ਦਰੁੱਸਤ ਕਰ ਦਿਉ। ਉਸ ਸਮੇਂ ਸਰਦਾਰ ਸੁਖਜਿੰਦਰ ਸਿੰਘ ਵਿਧਾਨ ਸਭਾ ਦੇ ਮੈਂਬਰ ਵੀ ਸਨ ਅਤੇ ਉਸ ਸਮੇਂ ਦੀ ਸਰਕਾਰ ਵਿੱਚ ਮੰਤਰੀ ਵੀ ਸਨ ਪਰ ਅਫ਼ਸੋਸ ਕਿ 1986 ਤੋਂ ਲੈ ਕੇ 2022 ਤੱਕ ਇਸ ਮਾਮਲੇ ਵਿਚ ਕੋਈ ਵੀ ਐਕਸ਼ਨ ਨਹੀਂ ਹੋਇਆ, ਕੋਈ ਵੀ ਐਫ.ਆਈ.ਆਰ. ਦਰਜ ਨਹੀਂ ਹੋਈ ਬਲਕਿ ਜਦੋਂ ਰਾਮਗੜ੍ਹ ਪਿੰਡ ਵਿੱਚ ਬਲਧੀਰ ਸਿੰਘ ਜੀ ਦੇ ਨਾਂ ਤੇ ਗੇਟ ਬਣਾਉਣ ਦੀ ਗੱਲ ਆਈ ਤਾਂ ਜਿੰਨਾ ਕੁ ਮੈਨੂੰ ਉਸ ਪਿੰਡ ਦੇ ਵਸਨੀਕਾਂ ਨੇ ਦੱਸਿਆ ਹੈ ਕਿ ਉਸ ਸਮੇਂ ਦੇ ਮੰਤਰੀ ਸੁਖਜਿੰਦਰ ਸਿੰਘ ਜੀ ਨੇ ਇਸ ਦਾ ਬਹੁਤ ਵਿਰੋਧ ਕੀਤਾ ਸੀ ਅਤੇ ਬਹੁਤ ਵੱਡੀ ਐਜੀਟੈਸ਼ਨ ਹੋਣ ਤੋਂ ਬਾਅਦ ਉਹ ਗੇਟ ਬਣਿਆ। (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਪੁਆਇੰਟ ਆਫ ਆਰਡਰ, ਸਰ।

**ਮਾਣਯੋਗ ਸਪੀਕਰ** : ਹਾਂ ਜੀ, ਦੱਸੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੇਰੇ ਪਿੰਡ ਬਾਰੇ ਇਨ੍ਹਾਂ ਨੂੰ ਜ਼ਮਾਨਤ ਜ਼ਬਤ ਬੰਦੇ ਨੇ misleading facts ਦਿੱਤੇ ਹਨ ਤੇ ਇਹ ਇੱਥੇ ਸਦਨ ਵਿੱਚ ਬੋਲੀ ਜਾਂਦੇ ਹਨ। ਇਹ ਜਿਨ੍ਹਾਂ ਬਾਰੇ ਗੱਲ ਕਰ ਰਹੇ ਹਨ, ਉਹ ਤਾਂ ਇਸ ਦੁਨੀਆ ਵਿੱਚ ਹੀ ਨਹੀਂ ਹਨ। ਜਦੋਂ ਸ੍ਰੀ ਦਰਬਾਰ ਸਾਹਿਬ ਵਿੱਚ Black Thunder ਪੁਲਿਸ ਭੇਜੀ ਗਈ ਸੀ ਤਾਂ ਮੇਰੇ ਪਿਤਾ ਜੀ ਸਰਦਾਰ ਸੁਖਜਿੰਦਰ ਸਿੰਘ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਉਸੇ ਹੀ ਦਿਨ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਕੈਬਨਿਟ ਤੋਂ ਬਤੌਰ ਮਨਿਸਟਰ ਅਸਤੀਫਾ ਦੇ ਦਿੱਤਾ ਸੀ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਰ, that is how to uphold the values of politics and morality ਅਤੇ ਇਹ ਉਨ੍ਹਾਂ ਦੀ ਸ੍ਰੀ ਦਰਬਾਰ ਸਾਹਿਬ ਪ੍ਰਤੀ ਆਸਥਾ ਸੀ। ਕੀ ਇਹ ਬਿਲ ਤੇ ਗੱਲ ਹੋ ਰਹੀ ਹੈ? ਤੁਸੀਂ ਬਾਜਵਾ ਸਾਹਿਬ ਨੂੰ ਤਾਂ ਰੋਕਿਆ ਸੀ।

**ਮਾਣਯੋਗ ਸਪੀਕਰ** : ਬਾਜਵਾ ਸਾਹਿਬ ਨੇ ਆਪਣੀ ਸਾਰੀ ਗੱਲ ਕਰ ਲਈ ਹੈ ਅਤੇ ਤੁਹਾਨੂੰ ਪੁਆਇੰਟ ਆਫ ਆਰਡਰ ਮਿਲ ਗਿਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ।)

**Mr. Speaker :** Don't try to hand-hold the Speaker. Please sit down. (ਵਿਘਨ, ਸ਼ੋਰ) ਵਿੱਤ ਮੰਤਰੀ ਜੀ, ਤੁਸੀਂ ਬੋਲੋ ਜੀ। (ਵਿਘਨ, ਸ਼ੋਰ) ਸ਼ਬਦਾਂ ਦੀ ਮਰਿਆਦਾ ਦਾ ਧਿਆਨ ਰੱਖਿਆ ਜਾਵੇ ਅਤੇ ਕਿਸੇ ਵੀ ਬੁਲਾਰੇ ਨੂੰ ਇੰਟਰੱਪਟ ਨਾ ਕੀਤਾ ਜਾਵੇ। ਮੰਤਰੀ ਜੀ, ਪਲੀਜ਼ ਬੋਲੋ।

**ਵਿੱਤ ਮੰਤਰੀ** : ਮੈਂ ਤਾਂ ਅੱਜ ਬੋਲਣਾ ਵੀ ਨਹੀਂ ਚਾਹੁੰਦਾ ਸੀ। ਜਦੋਂ ਮਾਣਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ ਨੇ ਇਤਿਹਾਸ ਦੇ ਪੰਨਿਆਂ ਦੀ ਗੱਲ ਕੀਤੀ ਕਿ ਇਤਿਹਾਸ ਵਿੱਚ ਕੀ ਕੁਝ ਹੋਇਆ ਹੈ ਤਾਂ ਬੋਲਿਆ ਹਾਂ। ਅੱਜ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਕਰ ਰਹੇ ਹਾਂ। ਅੱਜ ਅਸੀਂ ਸਾਡੇ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਹੋ ਰਹੀ ਬੇਅਦਬੀ ਨੂੰ ਪ੍ਰੋਟੈਕਟ ਕਰਨ ਲਈ, ਬਚਾਉਣ ਦੀ ਗੱਲ ਕਰ ਰਹੇ ਹਾਂ। ਸੋ, ਸਾਨੂੰ ਇਤਿਹਾਸ ਵਿੱਚ ਜਾਣਾ ਚਾਹੀਦਾ ਹੈ, ਹਿਸਟਰੀ ਵਿੱਚ ਜਾਣਾ ਚਾਹੀਦਾ ਹੈ, ਘਬਰਾਉਣਾ ਨਹੀਂ ਚਾਹੀਦਾ। ਜਿਹੜੀਆਂ ਆਤਮਾਵਾਂ ਇਸ ਦੁਨੀਆ ਤੋਂ ਚਲੀਆਂ ਗਈਆਂ ਹਨ, ਮੈਂ ਉਨ੍ਹਾਂ ਬਾਰੇ ਇਹ ਨਹੀਂ ਕਹਿ ਰਿਹਾ ਹਾਂ ਕਿ ਉਨ੍ਹਾਂ ਨੇ ਕਿੰਨਾ ਜੁਰਮ ਕੀਤਾ ਹੈ ਜਾਂ ਕੀ ਕੀਤਾ ਹੈ। ਮੈਂ ਤਾਂ ਸਿਰਫ ਇਤਿਹਾਸਕ ਤੌਰ ਤੇ ਕੁਝ ਪੱਖ ਪੇਸ਼ ਕਰ ਰਿਹਾ ਹਾਂ ਕਿ ਉਹ ਵੀ ਉਸ ਸਮੇਂ ਸਰਕਾਰਾਂ ਵਿੱਚ ਸਨ। ਉਨ੍ਹਾਂ ਦੇ ਪਿੰਡਾਂ ਵਿੱਚ ਘਟਨਾਵਾਂ ਹੋਈਆਂ, ਉਥੋਂ ਦੇ ਇਲਾਕੇ ਵਿੱਚ ਘਟਨਾਵਾਂ ਹੋਈਆਂ, ਕਿਸ ਤਰ੍ਹਾਂ ਸਿੱਖ ਸੰਗਤ ਨੇ ਇਕੱਠੇ ਹੋ ਕੇ ਉਸ ਪਿੰਡ ਵਿੱਚ ਉਸ ਗੇਟ ਦਾ ਨਿਰਮਾਣ ਕਰਵਾਇਆ ਅਤੇ ਉਥੇ ਅਰਦਾਸ ਹੋਈ ਕਿ ਜਿਹੜੇ ਵੀ ਲੋਕ ਉਥੋਂ ਲੰਘਿਆ ਕਰਨਗੇ, ਉਹ ਘੱਟੋ ਘੱਟ ਬਲਧੀਰ ਸਿੰਘ ਜੀ ਨੂੰ ਨਮਸਕਾਰ ਕਰਕੇ ਤਾਂ ਲੰਘਿਆ ਕਰਨਗੇ। ਗੱਲ ਤਾਂ ਇੰਨੀ ਕੁ ਹੀ ਹੈ। ਗੱਲ ਇਹ ਨਹੀਂ ਹੈ ਕਿ ਮੈਂ ਕਿਸੇ ਨੂੰ ਦੋਸ਼ੀ ਠਹਿਰਾ ਰਿਹਾ ਹਾਂ।

**ਸਰਦਾਰ ਸੁਖਪਾਲ ਸਿੰਘ ਖਹਿਰਾ**: **

**ਮਾਣਯੋਗ ਸਪੀਕਰ** : ਰਨਿੰਗ ਕੁਮੈਂਟਰੀ ਨਾ ਕੀਤੀ ਜਾਵੇ। (ਵਿਘਨ, ਸ਼ੋਰ) ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ।

**ਵਿੱਤ ਮੰਤਰੀ** : ਸਰਦਾਰ ਸਾਹਿਬ, ਮੈਂ ਕੋਈ ਗਲਤ ਗੱਲ ਨਹੀਂ ਕਰ ਰਿਹਾ ਹਾਂ ਲੇਕਿਨ ਤੁਸੀਂ ਘਬਰਾਉ ਨਾ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਮੰਤਰੀ ਜੀ, ਚੇਅਰ ਨੂੰ ਐਡਰੈਸ ਕਰੋ। (ਵਿਘਨ, ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ** : **

**ਮਾਣਯੋਗ ਸਪੀਕਰ** : ਤੁਸੀਂ ਬੈਠੋ ਜੀ। (ਵਿਘਨ, ਸ਼ੋਰ) ਚੀਮਾ ਜੀ, ਤੁਸੀਂ ਬੋਲੋ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਸ ਤਰ੍ਹਾਂ ਕਰੋ ਕਿ ਲਾਸਟ ਵਿਧਾਨ ਸਭਾ ਦੀਆਂ ਪ੍ਰੋਸੀਡਿੰਗਜ਼ ਕਢਵਾ ਲਓ। ਦੇਖ ਲਓ ਕਿ ਇਹ ਕਿੰਨਾ ਕੁ ਬੋਲਦਾ ਸੀ। (ਵਿਘਨ) (ਸ਼ੋਰ) ਇਹ ਤਾਂ ਅਕਾਲੀ ਦਲ ਦੇ ਤਲਵੇ ਚੱਟਦਾ ਸੀ, ਜਦੋਂ ਇਸ ਤੇ 2015 ਵਿੱਚ ਪਰਚਾ ਦਰਜ ਹੋਇਆ ਸੀ। (ਵਿਘਨ, ਸ਼ੋਰ) ਹੁਣ ਮੈਂ ਥੋੜ੍ਹਾ ਜਿਹਾ ਹਟ ਕੇ ਗੱਲ ਕਰਨੀ ਚਾਹਾਂਗਾ।

** Not recorded as ordered by the Chair.

ਸਰਦਾਰ ਜੀ ਬੋਲਣ ਲੱਗ ਗਏ ਹਨ, ਮੈਂ ਇਨ੍ਹਾਂ ਨੂੰ ਥੋੜ੍ਹਾ ਜਿਹਾ ਦੱਸ ਦਿਆਂ ਕਿ ਇਨ੍ਹਾਂ ਦਾ ਕੀ ਕਿਰਦਾਰ ਰਿਹਾ ਹੈ। (ਵਿਘਨ, ਸ਼ੋਰ) ਤੁਸੀਂ ਸ਼ਾਂਤ ਰਹੋ, ਮੈਂ ਦੱਸ ਦਿੰਦਾ ਹਾਂ। ਤੁਹਾਡਾ ਕਿਰਦਾਰ ਮੈਂ ਦੱਸ ਦਿੰਦਾ ਹਾਂ। ਜਦੋਂ ਸਾਲ 2015 ਵਿੱਚ ਇਨ੍ਹਾਂ ਦੇ ਸਾਥੀ ਗੁਰਦੇਵ ਸਿੰਘ ਦੇਬੀ ਉਤੇ ਮੁਕੱਦਮਾ ਦਰਜ ਹੋਇਆ ਸੀ ਤਾਂ ਉਸ ਸਮੇਂ ਕਿਸ ਦੇ ਤਲਵੇ ਚੱਟੇ ਸੀ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ** **

**ਮਾਣਯੋਗ ਸਪੀਕਰ**: ਤੁਹਾਡੀ ਵਾਰੀ ਆਏਗੀ ਤਾਂ ਤੁਸੀਂ ਬੋਲ ਲੈਣਾ, ਹੁਣ ਬੈਠੋ। ਤੁਹਾਨੂੰ ਟਾਈਮ ਮਿਲੇਗਾ।

**ਵਿੱਤ ਮੰਤਰੀ** : ਕਿਸ ਦੇ ਤਲਵੇ ਚੱਟੇ ਸੀ? ਬਿਕਰਮ ਮਜੀਠੀਆ ਦੇ, ਸੁਖਬੀਰ ਸਿੰਘ ਬਾਦਲ ਦੇ ਤਲਵੇ ਚੱਟੇ ਸੀ, ਪ੍ਰਕਾਸ਼ ਸਿੰਘ ਬਾਦਲ ਦੇ ਤਲਵੇ ਚੱਟੇ ਸੀ। 2015 ਵਿੱਚ ਜਦੋਂ ਤੇਰੇ ਤੇ ਪਰਚਾ ਦਰਜ ਹੋਇਆ ਸੀ ਤਾਂ ਢਾਈ ਢਾਈ ਘੰਟੇ ਡਰੱਗ ਸਮੱਗਲਰਾਂ ਦੇ ਨਾਲ ਗੱਲ ਕਰਦਾ ਸੀ। ਇਹ ਇੱਕ ਰਿਕਾਰਡ ਹੈ। It's a fact. (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮਿਸਟਰ ਸੁਖਪਾਲ ਸਿੰਘ ਜੀ, 2015 ਵਿੱਚ ਇਹ ਲਿਖਤੀ ਰਿਕਾਰਡ ਹੈ ਕਿ ਤੁਹਾਡੇ ਦੁਆਰਾ ਨੋਮੀਨੇਟਿਡ ਗੁਰਦੇਵ ਸਿੰਘ ਦੇਬੀ ਤੇ ਮੁਕੱਦਮਾ ਦਰਜ ਹੋਇਆ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ :** ਮੰਤਰੀ ਜੀ, ਆਪਾਂ ਮੁੱਦੇ 'ਤੇ ਰਹੀਏ।

**ਵਿੱਤ ਮੰਤਰੀ :** ਮੈਂ ਮੁੱਦੇ 'ਤੇ ਵੀ ਆਉਣਾ ਹੈ, ਮੈਂ ਮੁੱਦੇ ਉੱਤੇ ਵੀ ਬੋਲਣਾ ਹੈ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਤੁਸੀਂ ਬੈਠੋ ਜੀ, ਸਾਰੇ ਮਾਣਯੋਗ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹਰੇਕ ਨੂੰ ਬੋਲਣ ਦਾ ਮੌਕਾ ਮਿਲੇਗਾ। You will have an opportunity for rebuttal, ਤੁਹਾਨੂੰ ਮੌਕਾ ਦਿੱਤਾ ਜਾਵੇਗਾ। Let him complete.

**ਵਿੱਤ ਮੰਤਰੀ** : ਇਹ ਰਜਵਾੜਿਆਂ ਦੇ ਘਰ ਵਿੱਚ ਪੈਦਾ ਹੋਇਆ ਹੋਵੇਗਾ ਤੇ ਸਾਡੇ ਵਰਗੇ ਲੋਕ ਗਰੀਬਾਂ ਦੇ ਘਰ ਵਿੱਚ ਪੈਦਾ ਹੋਏ ਹਨ। ਇਹ ਬਾਕੀਆਂ ਨੂੰ ਬੰਧੂਆ ਮਜ਼ਦੂਰ ਦੱਸਦਾ ਹੈ। ਇਹ ਕਦੇ ਕਿਸੇ ਨੂੰ ਕੁਝ ਕਹਿੰਦਾ ਹੈ, ਕਿਸੇ ਨੂੰ ਕਹਿੰਦਾ ਹੈ ਕਿ ਕਿਸੇ ਕੋਲ ਕੁਆਲੀਫਿਕੇਸ਼ਨ ਨਹੀਂ ਹੈ ਪ੍ਰੰਤੂ ਆਪ ਇਹ ਖੁਦ +2 ਪਾਸ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਅੱਜ ਮੈਂ ਪੰਜਾਬ ਦੇ ਲੋਕਾਂ ਨੂੰ ਦੱਸਦਾ ਹਾਂ ਕਿ ਇਹ ਆਪ ਆਪਣੀ ਬੀ.ਏ. ਦੀ ਡਿਗਰੀ ਲੁਕੋ ਕੇ ਰੱਖਦਾ ਹੈ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਬਿਨਾ ਇਜਾਜ਼ਤ ਬੋਲ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਣਯੋਗ ਸਪੀਕਰ :** ਮੰਤਰੀ ਜੀ, ਇੱਕ ਮਿੰਟ ਬੈਠੋ। (ਗੇਵਲ ਮਾਰਦੇ ਹੋਏ) ਬੈਠੋ ਜੀ, ਤੁਸੀਂ ਵੀ ਬੈਠੋ ਜੀ। ਮੈਂ ਬੇਨਤੀ ਕਰਦਾ ਹਾਂ ਕਿ ਆਪਾਂ ਬਿਲ ਤੇ ਡਿਸਕਸ ਕਰੀਏ, ਕਿਰਪਾ ਕਰਕੇ ਆਪਾਂ ਬਿਲ ਤੇ ਡਿਸਕਸ ਕਰੀਏ। ਇਹ ਪੰਜਾਬ

ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਬਿਲ ਹੈ। ਇਹ ਬਹੁਤ ਜ਼ਰੂਰੀ ਬਿਲ ਹੈ, ਆਪਾਂ ਇਸ ਦੀ ਸੀਰੀਅਸਨੈੱਸ ਬਰਕਰਾਰ ਰੱਖੀਏ। ਹਾਂ ਜੀ, ਸਰਦਾਰ ਹਰਪਾਲ ਸਿੰਘ ਚੀਮਾ ਜੀ।

**ਵਿੱਤ ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਬੋਲਣਾ ਨਹੀਂ ਚਾਹੁੰਦਾ ਸੀ, ਮੈਂ ਸਿਰਫ ਇਤਿਹਾਸ ਦੇ ਪੰਨਿਆਂ ਦੀ ਗੱਲ ਕਰ ਰਿਹਾ ਸੀ ਕਿਉਂਕਿ ਜਦੋਂ ਮੈਂ ਦੇਖਦਾ ਹੁੰਦਾ ਹਾਂ ਕਿ ਕਿਸ ਤਰ੍ਹਾਂ ਇਹ ਕੁਝ ਯੂ-ਟਿਊਬ ਚੈਨਲਜ਼ ਤੇ ਕਿਸੇ ਨੂੰ ਕਹਿ ਦਿੰਦੇ ਹਨ ਕਿ ਇਹ ਬੰਧੂਆ ਮਜ਼ਦੂਰ ਹਨ। ਕੀ ਦਲਿਤਾਂ ਦੇ ਬੱਚੇ ਹੀ ਬੰਧੂਆ ਮਜ਼ਦੂਰ ਹਨ? ਜੇ ਤੁਸੀਂ ਰਜਵਾੜਿਆਂ ਦੇ ਘਰ ਪੈਦਾ ਹੋ ਗਏ, ਜੇ ਤੁਸੀਂ ਸੋਨੇ ਦੇ ਬਿਸਕੁਟਾਂ ਵਾਲੇ ਘਰਾਂ ਵਿੱਚ ਪੈਦਾ ਹੋ ਗਏ ਤਾਂ ਸਾਡਾ ਕੀ ਕਸੂਰ ਹੈ? ਸਾਡਾ ਕੀ ਕਸੂਰ ਹੈ? ਸਾਨੂੰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਅਧਿਕਾਰ ਦੇ ਦਿੱਤਾ ਤਾਂ ਅਸੀਂ ਇਸ ਵਿਧਾਨ ਸਭਾ ਵਿੱਚ ਆ ਗਏ। ਤੁਸੀਂ ਕਦੇ ਕਿਸੇ ਨੂੰ ਕੁਝ ਕਹਿ ਦਿੰਦੇ ਹੋ, ਕਿਸੇ ਨੂੰ ਕੁਝ ਕਹਿ ਦਿੰਦੇ ਹੋ। ਤੁਸੀਂ ਝੂਠ ਬੋਲਦੇ ਰਹਿੰਦੇ ਹੋ। ਮੈਂ ਤਾਂ ਤੁਹਾਡਾ ਥੋੜ੍ਹਾ ਜਿਹਾ ਕਿੱਸਾ ਰੱਖ ਰਿਹਾ ਹਾਂ। ਤੁਸੀਂ ਤੜਫੋ ਨਾ। (ਵਿਘਨ)

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਬਿਨਾ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ** : ਖਹਿਰਾ ਸਾਹਿਬ, ਮੈਨੂੰ ਤੁਹਾਨੂੰ ਨੇਮ ਕਰਨਾ ਪੈਣਾ ਹੈ, let him complete. (ਵਿਘਨ) ਤੁਸੀਂ ਬੈਠੋ। Let me decide that. (ਵਿਘਨ) No, no.

**ਵਿੱਤ ਮੰਤਰੀ** : ਇਹ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਲੜ ਕੇ ਆਇਆ ਹੈ ਤੇ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਦਿੜ੍ਹਬੇ ਅਦਾਲਤਾਂ ਹੀ ਨਹੀਂ ਹਨ। ਇਸ ਟਾਈਪ ਦੀ ਇਨ੍ਹਾਂ ਕੋਲ ਇਨਫਰਮੇਸ਼ਨ ਹੈ। ਇੰਨਾ ਝੂਠ ਬੋਲਦਾ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ** : ਮੰਤਰੀ ਜੀ, ਇੱਕ ਮਿੰਟ। ਹਾਂ ਜੀ, ਬਾਜਵਾ ਸਾਹਿਬ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੇਰੀ ਗੁਜ਼ਾਰਿਸ਼ ਹੈ ਕਿ ਇਹ ਬਹੁਤ ਗੰਭੀਰ ਅਤੇ ਸੰਜੀਦਾ ਮੁੱਦਾ ਹੈ। (ਵਿਘਨ)

**ਵਿੱਤ ਮੰਤਰੀ** : ਮੇਰੇ ਕੋਲ ਰਿਕਾਰਡ ਹੈ। ਇਹ ਪੰਜਾਬ ਦਾ ਝੂਠਾ ਬੰਦਾ ਹੈ।

**ਮਾਣਯੋਗ ਸਪੀਕਰ** : ਮੰਤਰੀ ਜੀ, ਪਲੀਜ਼ ਬੈਠ ਜਾਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ let us not go personal. ਮੇਰੀ ਐਫ.ਐਮ. ਸਾਹਿਬ ਨੂੰ ਵੀ ਬੇਨਤੀ ਹੈ ਕਿ Let us not go personal. ਇਹ ਗੱਲ ਬਾਹਰ ਵੀ ਹੋ ਸਕਦੀ ਹੈ। ਅਸੈਂਬਲੀ ਖਤਮ ਹੋਵੇਗੀ ਤਾਂ ਬਾਹਰ ਪ੍ਰੈਸ ਦਾ ਪੋਡੀਅਮ ਲੱਗਿਆ ਹੈ, ਉੱਥੇ ਇਹ ਵੀ ਚਾਰਜ ਲਗਾ ਲੈਣ ਅਤੇ ਆਪਣੇ ਆਪ ਗੱਲ ਕਰ ਸਕਦੇ ਹਨ।

**ਮਾਣਯੋਗ ਸਪੀਕਰ**: ਬੈਠੋ, ਬਿਲਕੁਲ ਠੀਕ ਹੈ। ਹੋ ਗਿਆ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾਂ ਮਾਈਕ ਤੋਂ)** : ਇੱਥੇ ਮਾਈਕ ਹੀ ਆਨ ਨਹੀਂ ਕਰਨ ਦਿੰਦੇ ਤਾਂ ਉਹ ਕਿਸ ਤਰ੍ਹਾਂ ਗੱਲ ਕਰੇਗਾ ਅਤੇ ਸਪੈਸ਼ਲੀ ਜਿਹੜੇ ਵਿਅਕਤੀ ਇਸ ਦੁਨੀਆ ਵਿੱਚ ਨਹੀਂ ਹਨ, ਉਨ੍ਹਾਂ ਤੇ ਟਿੱਪਣੀ ਨਾ ਕਰਵਾਈਏ।

**Mr. Speaker** : Done Sir. Thank you, thank you. (Interruptions) ਬੈਠੋ ਤੁਸੀਂ, ਹੋ ਗਿਆ ਜੀ, ਹੋ ਗਿਆ। ਮੰਤਰੀ ਜੀ, ਆਪਾਂ ਡਿਸਕਸ਼ਨ ਚੱਲਣ ਦੇਈਏ।

**ਵਿੱਤ ਮੰਤਰੀ** : ਠੀਕ ਹੈ ਜੀ, ਮੈਂ ਡਿਗਰੀ ਤੇ ਗੱਲ ਨਹੀਂ ਕਰਦਾ, ਮੈਂ ਬਿਲ ਤੇ ਗੱਲ ਕਰਦਾ ਹਾਂ ਪਰ ਮੈਂ ਇੰਨੀ ਗੱਲ ਜ਼ਰੂਰ ਕਰਨੀ ਚਾਹਾਂਗਾ ਕਿ ਬਾਜਵਾ ਸਾਹਿਬ, ਮੈਂ ਗੱਲ ਨਹੀਂ ਕਰਨੀ ਚਾਹੁੰਦਾ ਸੀ ਪਰ ਮੈਂ ਦੇਖਦਾ ਸੀ ਕਿ ਹਰ ਰੋਜ਼ unnecessarily ਆਪਾਂ ਕਦੇ ਕਿਸੇ ਨੂੰ ਕਹਿ ਦਿੰਦੇ ਹਾਂ ਕਿ ਇਹ ਅਨਪੜ੍ਹ ਹੈ, ਕਦੇ ਕਹਿ ਦਿੰਦੇ ਹਾਂ ਕਿ ਇਸ ਨੂੰ ਕੁਝ ਨਹੀਂ ਆਉਂਦਾ। ਮੈਂ ਬੜੀ ਰਿਸਪੈਕਟਫੁੱਲੀ ਗੱਲ ਕਰਦਾ ਹਾਂ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਕਰ ਰਿਹਾ ਹਾਂ। (ਵਿਘਨ) ਸਰਦਾਰ ਜੀ, ਮੈਂ ਇਸੇ ਦੀ ਗੱਲ ਕਰ ਰਿਹਾ ਹਾਂ।

**ਮਾਣਯੋਗ ਸਪੀਕਰ** : ਮੰਤਰੀ ਜੀ, ਇੱਕ ਮਿੰਟ, ਮੈਂ ਇੱਕ ਬੇਨਤੀ ਕਰਦਾ ਹਾਂ। ਮੰਤਰੀ ਜੀ, ਕਿਰਪਾ ਕਰਕੇ ਚੇਅਰ ਨੂੰ ਐਡਰੈੱਸ ਕਰੋ।

**ਵਿੱਤ ਮੰਤਰੀ** : ਕਿਉਂਕਿ ਬਾਜਵਾ ਸਾਹਿਬ ਨੇ ਇਤਿਹਾਸ ਬਾਰੇ ਕਿਹਾ ਹੈ, ਸਾਡੇ ਬੰਦੇ ਤਾਂ ਬੋਲਣਗੇ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਬਿਨਾਂ ਇਜਾਜ਼ਤ ਤੋਂ ਉੱਚੀ ਉੱਚੀ ਬੋਲ ਰਹੇ ਸਨ।)

**ਵਿੱਤ ਮੰਤਰੀ** : ਸਾਡੇ ਬੰਦੇ ਫੈਕਟਸ ਤੇ ਬੋਲਣਗੇ। ਮੈਂ ਤਾਂ ਸਿਰਫ ਔਰ ਸਿਰਫ ਫੈਕਟਸ ਤੇ ਹਿਸਟਰੀ ਦੱਸ ਰਿਹਾ ਹਾਂ।

**ਮਾਣਯੋਗ ਸਪੀਕਰ** : ਮੰਤਰੀ ਜੀ, ਚੇਅਰ ਨੂੰ ਐਡਰੈੱਸ ਕਰੋ।

**ਵਿੱਤ ਮੰਤਰੀ** : ਤੁਸੀਂ ਇਵੇਂ ਨਾ ਤੜਫੋ। (ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ ਕਰਦੇ ਹੋਏ) ਮੈਂ ਹਿਸਟਰੀ ਦੱਸ ਰਿਹਾ ਹਾਂ, ਇਵੇਂ ਨਾ ਡਰਿਆ ਕਰੋ (ਵਿਘਨ) ਅਸੀਂ ਕਦੋਂ ਕਹਿੰਦੇ ਹਾਂ ਕਿ ਤੁਹਾਡੇ ਦੋਸ਼ੀਆਂ ਨਾਲ ਸਬੰਧ ਹਨ?

**ਮਾਣਯੋਗ ਸਪੀਕਰ** : ਮੰਤਰੀ ਜੀ, ਸਰਦਾਰ ਹਰਪਾਲ ਸਿੰਘ ਚੀਮਾ ਜੀ, ਚੇਅਰ ਨੂੰ ਐਡਰੈਸ ਕਰੋ।

**ਵਿੱਤ ਮੰਤਰੀ** : ਉਹ ਤਾਂ ਫਾਈਲਾਂ ਬੋਲਦੀਆਂ ਹਨ ਕਿ ਢਾਈ ਢਾਈ ਘੰਟੇ ਇੰਟਰਨੈਸ਼ਨਲ ਸਮੱਗਲਰਾਂ ਦੇ ਨਾਲ ਗੱਲਾਂ ਕਰਦੇ ਸੀ, ਇਹ ਮੈਂ ਨਹੀਂ ਕਹਿੰਦਾ। ਸਰਦਾਰ ਪ੍ਰਤਾਪ ਸਿੰਘ ਜੀ, ਇਨ੍ਹਾਂ ਨੂੰ ਸਮਝਾਇਆ ਕਰੋ ਕਿਉਂਕਿ ਇਹ ਤੁਹਾਡੇ ਨਾਲ ਬੈਠਦੇ ਹਨ। ਮੇਰੀ ਬੇਨਤੀ ਹੈ ਕਿ ਤੁਸੀਂ ਸਿਆਣੇ ਹੋ, ਪਲੀਜ਼, ਤੁਸੀਂ ਇਨ੍ਹਾਂ ਨੂੰ ਸਮਝਾਇਆ ਕਰੋ।

**ਮਾਣਯੋਗ ਸਪੀਕਰ** : ਮੰਤਰੀ ਜੀ, ਤੁਸੀਂ ਪੁਆਇੰਟ ਉਤੇ ਆਉ ਜੀ।

**ਵਿੱਤ ਮੰਤਰੀ** : ਸੋ, ਮੈਂ ਜ਼ਿਆਦਾ ਸਮਾਂ ਨਹੀਂ ਲਵਾਂਗਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਲਗਾਤਾਰ ਬੋਲ ਰਹੇ ਸਨ।)

**ਮਾਣਯੋਗ ਸਪੀਕਰ** : ਰਨਿੰਗ ਕੁਮੈਂਟਰੀ ਬੰਦ ਕੀਤੀ ਜਾਵੇ। (ਵਿਘਨ, ਸ਼ੋਰ) He is allowed to do it. I will have to name you, you are creating indiscipline. *(interruptions)* This is the last warning to you. I am going to name you, please sit down.

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਸਰਦਾਰ ਅਜੀਤ ਪਾਲ ਸਿੰਘ ਕੋਹਲੀ ਅਤੇ ਸਰਦਾਰ ਚੇਤਨ ਸਿੰਘ ਜੌੜਾਮਾਜਰਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨਾਲ ਬਹਿਸ ਕਰ ਰਹੇ ਸਨ।)

**ਵਿੱਤ ਮੰਤਰੀ** : ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ, ਇਹ ਕਾਗਜ਼ ਤੁਸੀਂ ਪੜ੍ਹ ਦਿਉ।

**ਮਾਣਯੋਗ ਸਪੀਕਰ** : ਇੱਕ ਮਿੰਟ ਜੀ, ਨਕੋਦਰ ਕਾਂਡ ਬਾਰੇ ਸਾਰਾ ਪੰਜਾਬ ਜਾਣਦਾ ਹੈ, ਜਿੰਨੀਆਂ ਗੱਲਾਂ ਇਸ ਤੇ ਕਹੀਆਂ ਹਨ, ਮੇਰਾ ਖਿਆਲ ਹੈ ਕਿ ਇੱਕ ਨੂੰ ਵੀ ਝੂਠੀ ਨਹੀਂ ਕਿਹਾ ਜਾ ਸਕਦਾ।

**ਵਿੱਤ ਮੰਤਰੀ** : ਮੈਂ ਸਾਰੇ ਕਾਗਜ਼ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਫੜਾ ਦਿੰਦਾ ਹਾਂ, ਇਹ ਪੜ੍ਹ ਲੈਣ ਅਤੇ ਪੜ੍ਹ ਕੇ ਸੁਣਾਉਣ। (ਵਿਘਨ, ਸ਼ੋਰ) ਪੜ੍ਹੋ, ਪੜ੍ਹੋ, ਤੁਸੀਂ ਪੜ੍ਹੋ, ਮੈਂ ਕਦੋਂ ਕਹਿੰਦਾ ਹਾਂ? (ਵਿਘਨ) ਜੇ ਮੈਂ ਝੂਠ ਬੋਲਦਾ ਹਾਂ ਤਾਂ ਪੜ੍ਹ ਦਿਉ।

(ਇਸ ਸਮੇਂ ਸਿੱਖਿਆ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ ਆਪਣੀ ਸੀਟ ਉਤੇ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨਾਲ ਬਹਿਸ ਰਹੇ ਸਨ।)

**ਮਾਣਯੋਗ ਸਪੀਕਰ** : ਮਾਣਯੋਗ ਮੰਤਰੀ ਜੀ, ਤੁਸੀਂ ਬੈਠੋ। ਗੱਲ ਹੋ ਗਈ ਹੈ। ਖਹਿਰਾ ਸਾਹਿਬ, ਤੁਸੀਂ ਬੈਠੋ। ਵਿੱਤ ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ।

**ਵਿੱਤ ਮੰਤਰੀ** : ਬੱਸ ਮੈਂ ਕੰਪਲੀਟ ਹੀ ਕਰਨਾ ਸੀ। ਮੈਂ ਕਿਹਾ ਕਿਤੇ ਤੁਸੀਂ ਬਾਜਵਾ ਸਾਹਿਬ ਨੂੰ ਮੇਰੇ ਡਾਕੂਮੈਂਟ ਦੇ ਰਹੇ ਹੋ ਕਿ ਉਹ ਪੜ੍ਹ ਕੇ ਸੁਣਾਉਣਗੇ, ਮੈਂ ਇਸ ਕਰਕੇ ਬੈਠ ਗਿਆ ਸੀ। ਮੇਰੀ ਤਾਂ ਇਹੀ ਗੁਜ਼ਾਰਿਸ਼ ਸੀ ਕਿ ਸ਼ਾਇਦ ਮੈਂ ਗਲਤ ਪੜ੍ਹਦਾ ਹੋਵਾਂ, ਮੈਨੂੰ ਪੜ੍ਹਨਾ ਨਹੀਂ ਆਉਂਦਾ, ਇਹ ਪੜ੍ਹ ਕੇ ਸੁਣਾ ਦੇਣਗੇ। (ਹਾਸਾ) ਜਸਟਿਸ ਗੁਰਨਾਮ ਸਿੰਘ ਜੀ ਦੀ ਰਿਪੋਰਟ ਦੀ ਇੱਕ ਕਾਪੀ ਤਾਂ ਜਨਾਬ (ਲੀਡਰ ਆਫ ਦਿ ਆਪੋਜ਼ੀਸ਼ਨ ਵੱਲ ਇਸ਼ਾਰਾ) ਤੁਹਾਡੀ ਅਸੈਂਬਲੀ ਦੇ ਅੰਦਰ ਆਈ ਹੈ। ਇਸ ਉਤੇ ਐਕਸ਼ਨ ਟੇਕਨ ਰਿਪੋਰਟ ਸਮੇਂ ਅਕਾਲੀ ਦਲ ਦੀ ਸਰਕਾਰ ਸੀ, ਜਿਸ ਵਿੱਚ ਮੈਂ ਪਹਿਲਾਂ

ਤਿੰਨ ਵਿਅਕਤੀਆਂ ਬਾਰੇ ਜ਼ਿਕਰ ਕੀਤਾ ਸੀ, ਉਹ ਮਨਿਸਟਰ ਸਨ। ਸਪੀਕਰ ਸਾਹਿਬ, ਕਿਸੇ ਨਾ ਕਿਸੇ ਕੋਲੋਂ, ਉਨ੍ਹਾਂ ਦੇ ਬੰਦਿਆਂ ਕੋਲੋਂ ਜਾਂ ਉਨ੍ਹਾਂ ਤੋਂ ਬਾਅਦ ਦੇ ਬੰਦਿਆਂ ਕੋਲੋਂ ਉਹ ਰਿਪੋਰਟ ਗੁੰਮ ਕਰਵਾ ਦਿੱਤੀ ਗਈ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਉਸ ਲਈ ਕੋਈ ਹਾਊਸ ਦੀ ਕਮੇਟੀ ਬਣਾ ਦਿਉ, ਜਿਸ ਵਿੱਚ ਇਨ੍ਹਾਂ ਦੇ (ਵਿਰੋਧੀ ਧਿਰ ਵੱਲ ਇਸ਼ਾਰਾ) ਸਤਿਕਾਰਯੋਗ ਮੈਂਬਰ ਸਾਹਿਬਾਨ ਲੈ ਲੈਣਾ, ਸਾਡੇ ਮੈਂਬਰ ਲੈ ਲਵੋ, ਜੇਕਰ ਸਾਡੇ ਨਹੀਂ ਲੈਣੇ ਤਾਂ ਚਾਹੇ ਸਾਰੇ ਇਨ੍ਹਾਂ ਦੇ ਮੈਂਬਰ ਸਾਹਿਬਾਨ ਲੈ ਲੈਣਾ। ਇਸ ਲਈ ਹਾਊਸ ਦੀ ਇਕ ਕਮੇਟੀ ਬਣਾ ਦਿਉ ਪਰ ਰਿਪੋਰਟ ਜ਼ਰੂਰ ਲੱਭ ਕੇ ਲਿਆਉਣ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਪਤਾ ਲੱਗ ਜਾਵੇ ਕਿ 1986 ਵਿੱਚ ਉੱਥੇ ਕੌਣ ਐਸ.ਐਚ.ਓ. ਸੀ, ਕਿਸ ਦੀ ਭੂਆ ਦਾ ਮੁੰਡਾ ਐਸ.ਐਚ.ਓ. ਸੀ, ਉਸ ਤੋਂ ਬਾਅਦ ਕੌਣ ਅਕਾਲੀ ਦਲ ਦਾ ਐਮ.ਐਲ.ਏ. ਬਣਿਆ, ਕਿਹੜਾ ਮਨਿਸਟਰ ਬਣਿਆ, ਕਿਸ ਨੂੰ ਟਿਕਟ ਦਿੱਤੀ ਗਈ, ਕੌਣ ਹਾਰ ਗਿਆ, ਕੌਣ ਕਾਂਗਰਸ ਵਿੱਚ ਗਿਆ, ਕਿਸ ਦਾ ਚਾਚਾ-ਤਾਇਆ ਸੀ, ਉਹ ਸਾਰੀ ਰਿਪੋਰਟ ਕਿਤੇ ਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਘੱਟੋ-ਘੱਟ ਜੇਕਰ ਐਕਸ਼ਨ ਨਹੀਂ ਵੀ ਹੋਇਆ ਪਰ ਪੰਜਾਬ ਦੇ ਲੋਕਾਂ ਨੂੰ ਪਤਾ ਲੱਗ ਜਾਵੇਗਾ ਕਿਉਂਕਿ ਬਹੁਤ ਸਾਰੇ ਲੋਕ ਦੁਨੀਆ ਤੋਂ ਚਲੇ ਗਏ ਹਨ, ਮੈਂ ਤਾਂ ਉਨ੍ਹਾਂ ਦੀ ਆਤਮਾ ਲਈ ਅਰਦਾਸ ਵੀ ਕਰਦਾ ਹਾਂ ਲੇਕਿਨ ਦੁਨੀਆ ਨੂੰ ਪਤਾ ਤਾਂ ਲੱਗਣਾ ਚਾਹੀਦਾ ਹੈ ਕਿ ਉਹ ਲੋਕ ਕੀ ਕਰ ਗਏ ਹਨ ਅਤੇ ਅੱਜ ਉਨ੍ਹਾਂ ਦੇ ਬੱਚੇ ਕੀ ਕਰ ਰਹੇ ਹਨ। ਕਿਵੇਂ ਉਹ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ, (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਵੀ ਪਤਾ ਲੱਗ ਜਾਵੇ। ਸੋ, ਮੇਰੀ ਗੁਜ਼ਾਰਿਸ਼ ਹੈ ਕਿ ਜਿਹੜਾ ਉਸ ਰਿਪੋਰਟ ਦਾ part two ਹੈ, ਉਹ ਰਿਪੋਰਟ ਵੀ ਅਗਲੇ ਵਿਧਾਨ ਸਭਾ ਦੇ ਸੈਸ਼ਨ ਤੋਂ ਪਹਿਲਾਂ ਪਹਿਲਾਂ ਆ ਜਾਣੀ ਚਾਹੀਦੀ ਹੈ। ਇਸ ਵਾਸਤੇ ਚਾਹੇ ਡੀ.ਜੀ.ਪੀ. ਸਾਹਿਬ ਨੂੰ ਬੇਨਤੀ ਕਰ ਦਿਉ, ਚਾਹੇ ਤੁਸੀਂ ਕੋਈ ਹਾਊਸ ਦੀ ਕਮੇਟੀ ਬਣਾ ਦਿਉ, ਜਿਵੇਂ ਵੀ ਤੁਹਾਨੂੰ ਠੀਕ ਲੱਗਦਾ ਹੈ ਤਾਂ ਕਿ ਸਾਡੇ ਸਾਥੀ ਗੁੱਸੇ ਨਾ ਹੋਣ ਅਤੇ ਅਸਲੀਅਤ ਵੀ ਲੋਕਾਂ ਦੇ ਸਾਹਮਣੇ ਆ ਜਾਵੇ। ਬਹੁਤ ਬਹੁਤ ਧੰਨਵਾਦ ਜੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**Sardar Sukhpal Singh Khaira :** Speaker Sahib, can I make a point now?

**ਮਾਣਯੋਗ ਸਪੀਕਰ :** ਹਾਂ ਜੀ, ਸਰਦਾਰ ਸੁਖਪਾਲ ਸਿੰਘ ਖਹਿਰਾ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ) :** ਸਪੀਕਰ ਸਾਹਿਬ, ਅੱਜ ਅਸੀਂ ਕਿੰਨੇ ਇੰਪਾਰਟੈਂਟ ਇਸ਼ੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ 'ਤੇ ਗੱਲ ਕਰ ਰਹੇ ਹਾਂ, ਜਿਸ ਵਾਸਤੇ ਪਿਛਲੀਆਂ ਸਰਕਾਰਾਂ ਨੇ 10 ਸਾਲ ਤੋਂ ਇਨਸਾਫ ਨਹੀਂ ਦਿੱਤਾ ਅਤੇ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੇ ਉਸ ਗੱਲ ਦਾ ਖਮਿਆਜ਼ਾ ਭੁਗਤਿਆ ਹੈ, ਸਜ਼ਾ ਭੁਗਤੀ ਹੈ। ਕਿੰਨੀ ਅੱਛੀ vital, ਇੰਪਾਰਟੈਂਟ ਡਿਸਕਸ਼ਨ ਹੈ, ਜਿਸ ਤੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਪੂਰੀ ਭੂਮਿਕਾ ਦੱਸੀ ਹੈ। ਮੈਂ ਇਸ ਗੱਲ ਤੇ ਨਹੀਂ ਜਾਣਾ ਚਾਹੁੰਦਾ ਕਿ ਅੱਜ ਤੱਕ ਕਿਵੇਂ ਐਫ.ਆਈ.ਆਰਜ਼ ਦੇ ਚਾਰ ਸਾਲਾਂ ਬਾਅਦ ਵੀ ਚਲਾਨ ਪੇਸ਼ ਨਹੀਂ ਹੋਏ ਅਤੇ ਜਿਹੜੇ ਲੋਕ ਗੁਨਾਹਗਾਰ ਸੀ, ਜਿਨ੍ਹਾਂ ਨੇ ਬੰਦੇ ਮਾਰ ਦਿੱਤੇ ਸੀ, they have gotten scot-free. ਉਨ੍ਹਾਂ ਦੇ ਸਾਰੇ ਮੁਕੱਦਮੇ ਚੰਡੀਗੜ੍ਹ ਟਰਾਂਸਫਰ ਹੋ ਗਏ। ਆਮ ਆਦਮੀ ਪਾਰਟੀ ਦੀ ਸਰਕਾਰ, ਚਰਨਜੀਤ ਸ਼ਰਮਾ ਦੀ ਸੁਪਰੀਮ ਕੋਰਟ ਵਿੱਚ ਇੱਕ ਐਸ.ਐਲ.ਪੀ.(Special Leave Petition) ਡਿਫੈਂਡ ਨਹੀਂ ਕਰ ਸਕੀ। ਸਪੀਕਰ ਸਾਹਿਬ, ਸਟੇਟ ਦੀ ਐਸ.ਐਲ.ਪੀ. ਡਿਸਮਿਸ ਹੋਈ ਜਦਕਿ 150 ਤੋਂ ਉੱਤੇ ਸਰਕਾਰੀ ਵਕੀਲ ਹਨ। ਇੰਨੇ ਇੰਪਾਰਟੈਂਟ ਤੱਥ ਔਰ ਅਗਾਂਹ ਉਨ੍ਹਾਂ ਨੂੰ ਕਿਸ ਤਰ੍ਹਾਂ ਫੜ੍ਹਨਾ ਹੈ? They say 'Justice Delayed is Justice Denied'. ਸਪੀਕਰ ਸਾਹਿਬ, ਮਗਰਲੀਆਂ ਸਰਕਾਰਾਂ ਦਾ ਕਸੂਰ ਤਾਂ ਹੈ ਹੀ, ਜਿਹੜੇ ਬੰਦੇ ਗੁਨਾਹ ਕਰਕੇ ਲੰਘ ਗਏ ਹਨ ਲੇਕਿਨ ਪਿਛਲੇ

ਸਾਢੇ ਤਿੰਨ ਸਾਲ ਦਾ ਤੁਸੀਂ absolve ਨਹੀਂ ਕਰ ਸਕਦੇ। ਹੁਣ ਜਿਹੜਾ ਤੁਸੀਂ ਲਾਅ ਬਣਾਉਗੇ let me tell you it cannot be retrospectively effected. ਪਹਿਲੀ ਗੱਲ ਤਾਂ ਐਲ.ਓ.ਪੀ. ਸਾਹਿਬ ਨੇ ਕਹਿ ਦਿੱਤਾ ਹੈ ਕਿ ਤੁਹਾਨੂੰ Presidential Assent ਹੀ ਨਹੀਂ ਮਿਲਣਾ because this law is in direct clash with the BNS clauses. ਜਿਵੇਂ ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਆਈ.ਪੀ.ਸੀ. ਦੀਆਂ ਕਲਾਜ਼ਾਂ ਨੂੰ ਓਵਰ-ਰਾਈਡ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਗੌਰਮਿੰਟ ਆਫ ਇੰਡੀਆ ਵੱਲੋਂ ਪ੍ਰਵਾਨਗੀ ਨਹੀਂ ਦਿੱਤੀ ਗਈ। ਪ੍ਰੈਜੀਡੈਂਟ ਆਫ਼ ਇੰਡੀਆ ਦੇ ਦਫ਼ਤਰ ਵਿਚ ਉਸ ਬਿਲ ਉੱਤੇ ਮਿੱਟੀ ਪੈ ਰਹੀ ਹੈ and mark my words ਇਸ ਬਿਲ ਦਾ ਹਸ਼ਰ ਵੀ ਉਹੀ ਹੋਵੇਗਾ ਕਿਉਂਕਿ ਇਸ ਬਿਲ ਵਿੱਚ clarity ਨਹੀਂ ਹੈ। ਸਪੀਕਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਦੀ ਜੋਤ ਹਨ, ਉਨ੍ਹਾਂ ਨੂੰ ਅਸੀਂ ਡਿਫਰੈਂਟ ਤਰੀਕੇ ਨਾਲ ਟਰੀਟ ਕਰਦੇ ਹਾਂ ਅਤੇ ਜਿਹੜੀਆਂ ਨਾਰਮਲ ਪੋਥੀਆਂ ਹਨ, ਉਨ੍ਹਾਂ ਨੂੰ ਡਿਫਰੈਂਟ ਟਰੀਟ ਕਰਦੇ ਹਾਂ। ਮੈਂ ਕਿਸੇ ਦੀ disrespect ਨਹੀਂ ਕਰ ਰਿਹਾ ਹਾਂ। ਜਿਹੜੇ ਆਮ ਡੇਰਿਆਂ ਵਿੱਚ ਬੈਠੇ ਹਨ, ਉਹ ਵੀ ਪੋਥੀਆਂ ਬਣਾ ਕੇ ਬੈਠੇ ਹਨ। ਉਨ੍ਹਾਂ ਦੀ ਵੀ ਉਹੀ ਸਜ਼ਾ ਹੈ ਔਰ ਸਾਡੇ ਵਾਲਿਆਂ ਦੀ ਵੀ ਉਹੀ ਸਜ਼ਾ ਹੈ। ਸਪੀਕਰ ਸਾਹਿਬ, ਇਹ ਬਹੁਤ ਇੰਪਾਰਟੈਂਟ ਮਸਲਾ ਹੈ। ਤੁਸੀਂ ਬਿਲ ਬਣਾ ਲਓ। ਇਸ ਗੌਰਮਿੰਟ ਦਾ ਸਵਾ ਸਾਲ ਰਹਿ ਗਿਆ ਹੈ ਔਰ ਕਿਸੇ ਨੂੰ ਸਜ਼ਾ ਨਹੀਂ ਮਿਲੇਗੀ। ਸਾਰੇ ਗੁਨਾਹਗਾਰ, whether they are political leaders ਜਾਂ ਉਹ ਪੁਲਿਸ ਵਾਲੇ ਹਨ, ਉਹ ਕਿਸੇ ਨਾ ਕਿਸੇ ਚੋਰ ਮੋਰੀ ਰਾਹੀਂ ਸਜ਼ਾਵਾਂ ਨੂੰ escape ਕਰ ਚੁੱਕੇ ਹਨ। ਜੇਕਰ ਤੁਸੀਂ ਕੋਈ ਸੰਜੀਦਾ ਐਫਰਟ ਕਰਨਾ ਹੈ ਤਾਂ ਫਿਰ ਇਸ ਦਾ ਕੋਈ ਹੋਰ alternative ਲੱਭੋ। ਜਿਹੜੇ ਪਹਿਲੇ 'ਲੋਟਸ ਅਪਰੇਸ਼ਨ' ਅਤੇ ਬੀ.ਬੀ.ਐਮ.ਬੀ. ਵਾਲੇ ਬਿਲ ਹਨ, ਉਹ ਕਿੱਥੇ ਪਏ ਹਨ? ਮੇਰਾ ਖਿਆਲ ਹੈ ਕਿ ਉਹ ਰਾਜ ਭਵਨ ਦੇ ਦਫਤਰ ਦੇ ਕਿਸੇ ਕੋਨੇ ਵਿੱਚ ਪਏ ਹਨ।

ਅਗਲੀ ਗੱਲ, ਸਪੀਕਰ ਸਾਹਿਬ ਇੰਨੇ ਇੰਪਾਰਟੈਂਟ ਮਸਲੇ ਉੱਤੇ ਬਹਿਸ ਹੋ ਰਹੀ ਹੈ। ਤੁਸੀਂ ਆਪ ਹੀ ਕਿਹਾ ਹੈ ਕਿ ਇਹ ਬਹਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਹੈ। ਤੁਹਾਡੇ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਪਰ ਇਸ ਦੁਨੀਆ ਵਿੱਚ ਕੁਝ ਨਹੀਂ ਹੈ। ਕੀ ਅੱਜ ਖਹਿਰੇ ਨੂੰ ਟਾਰਗੈੱਟ ਕਰਨਾ ਜ਼ਰੂਰੀ ਸੀ? ਮੇਰੇ ਪਿਤਾ ਜੀ ਸਰਦਾਰ ਸੁਖਜਿੰਦਰ ਸਿੰਘ ਖਹਿਰਾ ਬਾਰੇ ਗੱਲ ਕੀਤੀ ਗਈ। ਪਹਿਲੀ ਗੱਲ ਤਾਂ ਉਥੇ ਮੇਰਾ ਕੋਈ ਰਿਸ਼ਤੇਦਾਰ ਨਹੀਂ ਸੀ। ਜੇਕਰ ਤੁਹਾਨੂੰ ਕੋਈ ਗੁਨਾਹਗਾਰ ਲੱਭਦਾ ਹੈ ਤਾਂ ਅੱਜ ਵੀ punish ਕਰ ਦਿਓ। ਸਾਡੇ ਪਿੰਡ ਦੇ ਬੰਦੇ ਮੇਰੇ ਨਾਲ ਹਨ। ਅਸੀਂ ਗੇਟ ਬਣਾ ਕੇ ਦਿੱਤਾ ਹੈ। ਸਪੀਕਰ ਸਾਹਿਬ, ਅੱਜ ਵੀ ਮੈਂ ਵਿਧਾਨ ਸਭਾ ਵਿੱਚ ਬਲਧੀਰ ਸਿੰਘ ਦਾ ਪਰਿਵਾਰ ਪੇਸ਼ ਕਰ ਸਕਦਾ ਹਾਂ। ਐਵੇਂ ਝੂਠ ਬੋਲਣ ਦੀ ਲੋੜ ਨਹੀਂ ਹੈ। ਤੁਹਾਨੂੰ ਥੱਲਿਓਂ ਮਿਸਲੀਡਿੰਗ ਇਨਫਰਮੇਸ਼ਨ ਪ੍ਰਾਪਤ ਹੁੰਦੀ ਹੈ। (ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਜੀ ਵੱਲ ਇਸ਼ਾਰਾ ਕਰਦੇ ਹੋਏ।) ਥੱਲਿਓਂ ਝੂਠੇ ਬੰਦੇ ਤੁਹਾਨੂੰ ਗਲਤ ਇਨਫਰਮੇਸ਼ਨ ਦਿੰਦੇ ਹਨ। ਜੇਕਰ ਤੁਹਾਨੂੰ ਮੇਰੇ ਨਾਲ ਕੋਈ ਰੰਜ਼ਿਸ਼ ਹੈ ਕਿ ਮੈਂ ਕਿਸੇ ਨਿਊਜ਼ ਚੈਨਲ ਤੇ ਕਿਹਾ ਹੈ ਤਾਂ ਤੁਸੀਂ ਮੇਰੇ ਨਾਲ ਬਾਹਰ ਗੱਲ ਕਰੋ। ਇੱਥੇ ਆਪਾਂ ਡਿਬੇਟ ਕਰ ਰਹੇ ਹਾਂ। ਇਹ ਗੱਲ ਅੱਜ ਕਰਨੀ ਨਹੀਂ ਬਣਦੀ ਸੀ। ਤੁਸੀਂ ਮੇਰੇ ਨਾਲ ਬਾਹਰ ਗੱਲ ਕਰੋ।

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ** : ਖਹਿਰਾ ਜੀ, ਚੇਅਰ ਨੂੰ ਐਡਰੈੱਸ ਕਰੋ। ਮੰਤਰੀ ਜੀ, ਤੁਸੀਂ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਤੁਹਾਨੂੰ ਹੀ ਐਡਰੈੱਸ ਕਰ ਰਿਹਾ ਹਾਂ ਅਗਰ ਇਨ੍ਹਾਂ ਨੂੰ ਮੇਰੇ ਨਾਲ ਪਰਸਨਲ ਰੰਜ਼ਿਸ਼ ਹੈ ਤਾਂ ਇਹ ਸਮਾਂ ਮਿੱਥ ਲੈਣ ਫਿਰ ਓਪਨ ਡਿਬੇਟ ਕਰ ਲੈਣ ਜੀ। ਆਪਾਂ ਉਥੇ ਗੱਲ

ਕਰਾਂਗੇ। ਸਪੀਕਰ ਸਾਹਿਬ, ਅਸੀਂ ਇਸ ਬਿਲ ਦੀ ਸਪੋਰਟ ਕਰਾਂਗੇ ਪਰ ਇਸ ਬਿਲ ਵਿੱਚ ਖਾਮੀਆਂ ਹਨ, ਜੋ ਐਲ.ਓ.ਪੀ. ਜੀ ਨੇ ਗਿਣਾ ਦਿੱਤੀਆਂ ਹਨ ਔਰ ਜਿਹੜੀ ਗੱਲ ਮੈਂ ਦੱਸੀ ਹੈ ਕਿ retrospectively effect mention ਹੀ ਨਹੀਂ ਕੀਤਾ ਗਿਆ ਹੈ। ਤੁਸੀਂ ਬਿਲ ਬਣਾ ਲਓ, let's say President ਦਾ assent ਵੀ ਹੋ ਗਿਆ ਲੇਕਿਨ ਜਿਹੜੇ ਬੰਦੇ ਗੁਨਾਹਗਾਰ ਹਨ, ਉਨ੍ਹਾਂ ਨੂੰ ਇਸ ਬਿਲ ਵਿੱਚ ਸਜ਼ਾ ਨਹੀਂ ਦਿੱਤੀ ਜਾ ਸਕਣੀ। Criminal Law Procedure says that you cannot punish people for their old crimes by bringing in a new law. Speaker Sir, we cannot do it. ਇਹ ਮੇਰੇ ਚੰਦ ਵਰਡਜ਼ ਸੀ, ਜੇਕਰ ਮੁੜ ਕੇ ਸਮਾਂ ਦਿਓਗੇ ਤਾਂ ਮੈਂ ਹੋਰ ਵੀ elaborate ਕਰ ਸਕਦਾ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਹਾਂ ਜੀ, ਮੰਤਰੀ ਜੀ, ਕੀ ਕਹਿਣਾ ਚਾਹੁੰਦੇ ਹੋ?

**ਵਿੱਤ ਮੰਤਰੀ** : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਗੱਲ retrospectively effect ਲਾਗੂ ਕਰਨ ਦੀ ਮੰਗ ਆਈ ਹੈ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਕ੍ਰਿਮੀਨਲ ਲਾਅ ਅੰਦਰ ਕੋਈ ਵੀ ਐਕਟ ਰੈਟਰੋਸਪੈਕਟਿਵਲੀ ਲਾਗੂ ਨਹੀਂ ਹੁੰਦਾ ਹੈ। ਹਾਊਸ ਨੂੰ ਮਿਸਲੀਡ ਨਾ ਕੀਤਾ ਜਾਵੇ। ਤੁਹਾਡੇ ਰਿਸ਼ਤੇਦਾਰ ਵੱਡੇ-ਵੱਡੇ ਅਫਸਰ ਰਹੇ ਹਨ। ਉਨ੍ਹਾਂ ਦੇ ਬਰੇਨ ਬੜੇ ਲੀਗਲ ਮਾਈਂਡ ਰਹੇ ਹਨ। ਸੋ, ਇਸ ਤਰ੍ਹਾਂ ਮਿਸਗਾਈਡ ਨਾ ਕੀਤਾ ਜਾਵੇ। ਧੰਨਵਾਦ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਅਤੇ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਆਪਣੀਆਂ ਆਪਣੀਆਂ ਸੀਟਾਂ ਉਤੇ ਬੈਠੇ ਆਪਸ ਵਿੱਚ ਬਹਿਸ ਰਹੇ ਸਨ।)

**ਮਾਣਯੋਗ ਸਪੀਕਰ** : ਰਨਿੰਗ ਕੁਮੈਂਟਰੀ ਨਾ ਕੀਤੀ ਜਾਵੇ। ਹਾਂ ਜੀ, ਸਿੱਖਿਆ ਮੰਤਰੀ, ਸਰਦਾਰ ਹਰਜੋਤ ਬੈਂਸ ਜੀ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸਪੀਕਰ ਸਾਹਿਬ, ਮੈਂ ਦਿਲ ਦੀਆਂ ਗਹਿਰਾਈਆਂ ਤੋਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਅੱਜ ਇਸ ਇਤਿਹਾਸਕ ਬਿਲ, ਜਿਸ ਨਾਲ ਕਰੋੜਾਂ ਲੋਕਾਂ ਦੀ ਆਸਥਾ ਅਤੇ ਸ਼ਰਧਾ ਜੁੜੀ ਹੋਈ ਹੈ, ਉਸ ਉੱਤੇ ਬੋਲਣ ਲਈ ਮੌਕਾ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਸਾਰਾ ਸਦਨ ਹੀ ਇਸ ਤੱਥ ਨਾਲ ਸਹਿਮਤ ਹੋਵੇਗਾ ਕਿ ਪੰਜਾਬ ਦੀ ਹਸਤੀ, ਪੰਜਾਬ ਦੀ ਪਹਿਚਾਣ ਪੰਜਾਬ ਦੇ ਧਾਰਮਿਕ ਗ੍ਰੰਥਾਂ ਦੀ ਸ੍ਰੇਸ਼ਠਤਾ ਤੋਂ ਹੈ ਕਿਉਂਕਿ ਪੰਜਾਬ ਉਹ ਧਰਤੀ ਹੈ, ਜਿਸ ਨੂੰ ਇਹ ਗੌਰਵ ਪ੍ਰਾਪਤ ਹੈ ਕਿ ਦੁਨੀਆ ਦਾ ਸਭ ਤੋਂ ਪਹਿਲਾ ਗ੍ਰੰਥ ਰਿਗਵੇਦ ਇੱਥੇ ਲਿਖਿਆ ਗਿਆ ਹੈ। ਭਗਵਾਨ ਬਾਲਮੀਕ ਜੀ ਨੇ ਰਮਾਇਣ ਦੀ ਰਚਨਾ ਲਈ ਵੀ ਪੰਜਾਬ ਦੀ ਹੀ ਧਰਤੀ ਚੁਣੀ। ਪੰਜਾਬ ਹੀ ਉਹ ਧਰਤੀ ਹੈ ਜਿੱਥੇ ਦੁਨੀਆ ਦਾ ਸਭ ਤੋਂ ਵੱਡਾ ਸੰਪਾਦਿਤ ਗ੍ਰੰਥ ਆਦਿ ਸ੍ਰੀ ਗ੍ਰੰਥ ਸਾਹਿਬ ਸੰਪਾਦਿਤ ਹੋਇਆ ਹੈ। ਪੰਜਾਬ ਹੀ ਉਹ ਧਰਤੀ ਹੈ ਜਿੱਥੋਂ ਗੁਰੂ ਨਾਨਕ ਦੇਵ ਜੀ ਨੇ ਚਾਰੋਂ ਦਿਸ਼ਾਵਾਂ ਵਿੱਚ ਜਾ ਕੇ ਚਾਰ ਉਦਾਸੀਆਂ ਕੀਤੀਆਂ। ਇਹ ਪੰਜਾਬ ਦੀ ਉਹ ਧਰਤੀ ਹੈ ਜਿੱਥੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਦਿ ਗ੍ਰੰਥ ਸਾਹਿਬ ਨੂੰ ਸੰਪਾਦਿਤ ਕੀਤਾ, ਜਿਸ ਵਿੱਚ ਪੰਜ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਨਾਲ ਨਾਲ ਉਨ੍ਹਾਂ ਰਹਿਬਰਾਂ, ਪੀਰਾਂ ਅਤੇ ਭਗਤਾਂ ਦੀ ਬਾਣੀ ਜੋੜ ਕੇ ਦੁਨੀਆ ਦੇ ਸਭ ਤੋਂ ਰਮਣੀਕ ਅਸਥਾਨ, ਇੱਕ ਇਸ ਤਰ੍ਹਾਂ ਦਾ ਅਸਥਾਨ ਜਿਸ ਦੇ ਦਰਵਾਜ਼ੇ ਚਾਰੋਂ ਦਿਸ਼ਾਵਾਂ ਵੱਲ ਖੁੱਲ੍ਹਦੇ ਹਨ, ਉਸ ਦੇ ਬਿਲਕੁਲ ਕੇਂਦਰ ਵਿੱਚ ਉਸ ਆਦਿ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕੀਤਾ, ਉਸ ਅਸਥਾਨ ਦਾ ਨਾਮ ਸ੍ਰੀ ਹਰਿਮੰਦਰ ਸਾਹਿਬ ਰੱਖਿਆ। ਉਸ ਤੋਂ ਬਾਅਦ ਇਸ ਦੁਨੀਆ ਨੂੰ ਸਭ ਤੋਂ ਵੱਡਾ

ਤੋਹਫਾ ਖਾਲਸੇ ਦੇ ਰੂਪ ਵਿੱਚ ਦੇਣ ਵਾਲੇ ਦਸ਼ਮੇਸ਼ ਪਿਤਾ, ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉਸ ਵਿੱਚ ਨੌਵੇਂ ਪਾਤਸ਼ਾਹ ਦੀ ਬਾਣੀ ਜੋੜ ਕੇ ਉਸ ਨੂੰ ਸੰਪੂਰਨ ਕਰ ਦਿੱਤਾ। ਹਰ ਇੱਕ ਸਿੱਖ ਨੂੰ, ਖਾਲਸੇ ਨੂੰ ਇਹ ਹੁਕਮ ਦਿੱਤਾ -

ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥
ਸਭ ਸਿਖਨਿ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਲਈ ਕਿੰਨੇ ਹੀ ਸਿੰਘਾਂ ਨੇ ਸ਼ਹਾਦਤ ਦੇ ਦਿੱਤੀ, ਬੰਦ-ਬੰਦ ਕਟਵਾਏ, ਖੋਪਰੀਆਂ ਲੁਹਾਈਆਂ ਅਤੇ ਪਰਿਵਾਰ ਵਾਰ ਦਿੱਤੇ। ਮੈਂ ਅਫਗਾਨਾਂ ਨਾਲ ਹੋਈਆਂ ਜੰਗਾਂ ਬਾਰੇ ਪੜ੍ਹ ਰਿਹਾ ਸੀ। ਮੈਂ ਹੈਰਾਨ ਹੋ ਗਿਆ ਕਿ ਦੋਨੋਂ ਵਿਸ਼ਵ ਯੁੱਧਾਂ ਵਿੱਚ ਬ੍ਰਿਟਿਸ਼ ਆਰਮੀ ਵੱਲੋਂ ਹਜ਼ਾਰਾਂ ਸਿੱਖ ਸੈਨਿਕ ਲੜੇ ਸਨ। ਸਾਲ 1914 ਤੋਂ ਲੈ ਕੇ ਸਾਲ 1919 ਤੱਕ ਦੇ ਪਹਿਲੇ ਵਿਸ਼ਵ ਯੁੱਧ ਵਿੱਚ ਜਿੱਥੇ ਜਿੱਥੇ ਵੀ ਸਿੱਖ ਸਿਪਾਹੀ ਗਏ, ਚਾਹੇ ਬੈਲਜੀਅਮ, ਚਾਹੇ ਫਰਾਂਸ, ਚਾਹੇ ਯੂਰਪ ਦੇ ਬੈਟਲ ਫੀਲਡਜ਼ ਵਿੱਚ ਗਏ ਹਨ, ਉਹ ਹਰ ਜਗ੍ਹਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਨਾਲ ਲੈ ਕੇ ਗਏ ਹਨ। ਇਹ ਕਿੰਨਾ ਭੀਸ਼ਣ ਯੁੱਧ ਸੀ ਪਰ ਸਿੱਖਾਂ ਨੇ ਕਿਤੇ ਵੀ ਗੁਰੂ ਸਾਹਿਬ ਨੂੰ ਆਂਚ ਨਹੀਂ ਆਉਣ ਦਿੱਤੀ। ਸਿੱਖਾਂ ਨੇ ਕੋਈ ਗੋਲੀ, ਕੋਈ ਬੰਬ ਅਤੇ ਕੋਈ ਵੀ ਗ੍ਰਨੇਡ ਗੁਰੂ ਸਾਹਿਬ ਦੇ ਨੇੜੇ ਨਹੀਂ ਆਉਣ ਦਿੱਤਾ। ਮੈਂ ਇੱਕ ਕਿਤਾਬ ਵਿੱਚ ਪੜ੍ਹ ਰਿਹਾ ਸੀ ਕਿ ਪਹਿਲੇ ਵਿਸ਼ਵ ਯੁੱਧ ਵਿੱਚ ਇੰਗਲੈਂਡ ਦੇ ਇੱਕ ਸ਼ਹਿਰ ਬਰਾਈਟਨ ਵਿੱਚ ਬ੍ਰਿਟਿਸ਼ ਆਰਮੀ ਵੱਲੋਂ ਫੱਟੜ ਸਿੱਖ ਸੈਨਿਕਾਂ ਲਈ ਇੱਕ ਹਸਪਤਾਲ ਬਣਾਇਆ ਗਿਆ ਸੀ। ਉਸ ਹਸਪਤਾਲ ਵਿੱਚ ਵੀ ਸਿੱਖ ਸੈਨਿਕਾਂ ਵੱਲੋਂ ਇੱਕ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਕਰ ਦਿੱਤੇ ਗਏ ਅਤੇ ਉੱਥੇ ਇੱਕ ਗੁਰਦੁਆਰਾ ਬਣਾ ਦਿੱਤਾ ਗਿਆ। ਜਿਹੜੇ ਉੱਥੇ ਗੋਰੇ ਡਾਕਟਰ ਸਨ, ਉਹ ਦੇਖ ਕੇ ਹੈਰਾਨ ਹੁੰਦੇ ਸਨ ਕਿ ਜਦੋਂ ਫੱਟੜ ਸਿੱਖ ਸੈਨਿਕ ਆਉਂਦੇ ਸਨ, ਉਨ੍ਹਾਂ ਵਿੱਚੋਂ ਕਿਸੇ ਦੀ ਲੱਤ ਵੱਢੀ ਹੁੰਦੀ ਸੀ, ਕਿਸੇ ਦਾ ਖੂਨ ਨਿਕਲ ਰਿਹਾ ਹੁੰਦਾ ਸੀ ਪਰ ਉਹ ਸਿੱਖ ਸੈਨਿਕ ਕਹਿੰਦੇ ਸਨ ਕਿ ਇਲਾਜ ਬਾਅਦ ਵਿੱਚ ਕਰਵਾਵਾਂਗੇ, ਪਹਿਲਾਂ ਗੁਰੂ ਸਾਹਿਬ ਸਾਹਮਣੇ ਨਤਮਸਤਕ ਹੋਵਾਂਗੇ। ਐਸਾ ਮਹਾਨ ਉਹ ਗੁਰੂ ਹੈ ਅਤੇ ਐਸੇ ਮਹਾਨ ਗੁਰੂ ਦੇ ਸਿੱਖ ਹਨ। ਦੂਜੇ ਵਿਸ਼ਵ ਯੁੱਧ ਵਿੱਚ ਬਰਮਾ ਦੇ ਜੰਗਲ ਹੋਣ, ਅਫਰੀਕਾ ਦਾ ਰੇਗਿਸਤਾਨ ਹੋਵੇ ਜਾਂ ਇਟਲੀ ਦੀਆਂ ਪਹਾੜੀਆਂ ਹੋਣ, ਜਿੱਥੇ ਜਿੱਥੇ ਸਿੱਖ ਸੈਨਿਕ ਗਏ, ਉੱਥੇ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਾਲ ਲੈ ਕੇ ਗਏ। ਉਨ੍ਹਾਂ ਵੱਲੋਂ ਕਦੇ ਵੀ ਗੁਰੂ ਸਾਹਿਬ ਤੇ ਆਂਚ ਨਹੀਂ ਆਉਣ ਦਿੱਤੀ ਗਈ। ਸਿੱਖਾਂ ਦਾ ਗੁਰੂ ਪ੍ਰਤੀ ਐਨਾ ਪਿਆਰ ਦੇਖ ਕੇ ਬ੍ਰਿਟਿਸ਼ ਆਰਮੀ ਨੂੰ ਇਹ ਆਰਡਰ ਕੱਢਣੇ ਪਏ ਕਿ ਚਾਹੇ ਸਮੁੰਦਰੀ ਜਹਾਜ਼ ਹੋਣ, ਚਾਹੇ ਟੈਂਟ ਹੋਣ, ਚਾਹੇ ਟਰੱਕ ਹੋਣ ਅਤੇ ਚਾਹੇ ਡੱਗਆਊਟਸ ਹੋਣ, ਸਿੱਖਾਂ ਦੇ ਗੁਰੂ ਦੇ ਸਤਿਕਾਰ ਲਈ ਪੁਖਤਾ ਪ੍ਰਬੰਧ ਕੀਤੇ ਜਾਣ। ਜਦੋਂ ਵੀ ਕੋਈ ਲੜਾਈ ਹੁੰਦੀ ਸੀ, ਸਿੱਖ ਸੈਨਿਕ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਫਿਰ ਅੱਗੇ ਵਧਦੇ ਸਨ। ਇਹ ਦੇਖ ਕੇ ਬ੍ਰਿਟਿਸ਼ ਆਰਮੀ ਵੱਲੋਂ ਆਪਣੇ ਕਮਾਂਡਰ ਨੂੰ ਪੁੱਛਿਆ ਗਿਆ ਕਿ ਇਹ ਕੈਸਾ ਰਿਸ਼ਤਾ ਹੈ? ਉਸ ਕਮਾਂਡਰ ਨੇ ਆਪਣੀ ਜੀਵਨੀ ਵਿੱਚ ਲਿਖਿਆ ਹੈ ਕਿ Sri Guru Granth Sahib is the Commander and our orders are secondary. ਭਾਵ ਇਨ੍ਹਾਂ ਦੇ ਕਮਾਂਡਰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਸਾਡੇ ਆਰਡਰ ਤਾਂ ਸੈਕੰਡਰੀ ਹਨ। (ਥੰਪਿੰਗ) ਮੈਂ ਜਦੋਂ ਪੜ੍ਹ ਰਿਹਾ ਸੀ ਤਾਂ ਉਦੋਂ ਉਨ੍ਹਾਂ ਮਹਾਨ ਸਿੱਖਾਂ ਤੇ ਅਤੇ ਉਨ੍ਹਾਂ ਦੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਵੇਖ ਕੇ ਮੇਰਾ ਮਨ ਭਰ ਆਉਂਦਾ ਹੈ। ਮੇਰਾ ਜਨਮ ਸਾਲ 1990 ਵਿੱਚ ਹੋਇਆ ਹੈ। ਮੈਂ ਸੋਚਦਾ ਹੁੰਦਾ ਹਾਂ ਕਿ ਪੰਜਵੇਂ ਪਾਤਸ਼ਾਹ ਵੱਲੋਂ ਬਣਾਏ ਗਏ ਉਸੀ ਸ੍ਰੀ ਹਰਿਮੰਦਰ ਸਾਹਿਬ ਤੇ ਸਾਡੀਆਂ ਹਕੂਮਤਾਂ ਵੱਲੋਂ ਹੀ ਅਟੈਕ ਕਰਵਾ ਦਿੱਤੇ ਗਏ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

ਵੱਲੋਂ ਬਣਾਏ ਗਏ ਇਨਸਾਫ ਦੇ ਤਖਤ ਤੇ ਅਟੈਕ ਕਰਵਾ ਦਿੱਤਾ ਗਿਆ। ਅੰਮ੍ਰਿਤਸਰ ਸਾਹਿਬ ਵਿਖੇ ਅੱਜ ਵੀ ਗੁਰੂ ਮਹਾਰਾਜ ਦੇ ਜ਼ਖਮੀ ਸਰੂਪ ਪਏ ਹਨ। 41 ਸਾਲ ਹੋ ਗਏ ਹਨ ਪਰ ਸਿੱਖ ਨਸਲਕੁਸ਼ੀ ਤੇ ਅੱਜ ਤੱਕ ਇਨਸਾਫ ਨਹੀਂ ਮਿਲਿਆ। ਇਸ ਨਾਲ ਹੋਰ ਵੀ ਮਨ ਪ੍ਰੇਸ਼ਾਨ ਹੁੰਦਾ ਹੈ। ਮੰਨ ਲੈਂਦੇ ਹਾਂ ਕਿ ਉਹ ਗੈਰ ਸਨ ਪਰ ਜਿਨ੍ਹਾਂ ਨੂੰ ਅਸੀਂ ਆਪਣੇ ਪੰਥ ਦੀ ਸੇਵਾ ਦਿੱਤੀ, ਜਿਹੜੇ ਕਹਿੰਦੇ ਸੀ ਕਿ ਰਾਜ ਨਹੀਂ, ਸੇਵਾ ਕਰਾਂਗੇ। ਜਿਹੜੇ ਕਹਿੰਦੇ ਸੀ ਕਿ ਅਸੀਂ ਧਰਮ ਦੀ ਗੱਲ ਕਰਾਂਗੇ, ਅਸੀਂ ਪੰਥ ਦੀ ਰੱਖਿਆ ਕਰਾਂਗੇ, ਅਸੀਂ ਗੁਰਬਾਣੀ ਦਾ ਪ੍ਰਚਾਰ ਕਰਾਂਗੇ, ਉਨ੍ਹਾਂ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਗਲੀਆਂ-ਨਾਲੀਆਂ ਵਿੱਚ ਰੋਲ ਦਿੱਤੇ। ਉਨ੍ਹਾਂ ਲੋਕਾਂ ਨੇ ਆਪਣੀਆਂ ਜਾਇਦਾਦਾਂ ਬਣਾਈਆਂ, ਕੋਈ ਗੱਲ ਨਹੀਂ, ਆਪਣੇ ਸੁਖਵਿਲਾਸ ਹੋਟਲ 7 ਹੋਰ ਬਣਾ ਲੈਂਦੇ, ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਬਣਾ ਲੈਂਦੇ ਪਰ ਇਹ ਕੰਮ ਨਾ ਕਰਦੇ। ਇਨ੍ਹਾਂ ਲੋਕਾਂ ਨੇ ਆਪਣੀ ਸਿਆਸਤ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਰੋਲ ਦਿੱਤੇ। ਜਿਹੜੀ ਸੰਗਤ ਰੋਸ ਵਿੱਚ ਬੈਠੀ ਸੀ, ਉਨ੍ਹਾਂ ਉੱਤੇ ਸਿਰਫ ਆਪਣੀ ਸਿਆਸਤ ਲਈ ਗੋਲੀਆਂ ਚਲਾ ਦਿੱਤੀਆਂ ਅਤੇ ਇਹ ਅਜੇ ਵੀ ਨਹੀਂ ਹਟਦੇ। ਪਿਛਲੀਆਂ ਸਰਕਾਰਾਂ ਦੇ ਸਮਝੌਤੇ ਸਨ ਕਿ ਨਸ਼ਾ ਵੇਚੋ, ਸ੍ਰੀ ਗੁਰੂ ਸਾਹਿਬ ਜੀ ਦੀ ਬੇਅਦਬੀ ਕਰੋ, ਅਸੀਂ ਤੁਹਾਨੂੰ ਕੁਝ ਨਹੀਂ ਕਰਾਂਗੇ ਤੇ ਤੁਸੀਂ ਸਾਨੂੰ ਕੁਝ ਨਾ ਕਰਿਓ। ਇਹ ਇਨ੍ਹਾਂ ਦੇ ਸਮਝੌਤੇ ਹਨ ਪਰ ਇਹ ਅਜੇ ਵੀ ਨਹੀਂ ਹਟਦੇ। ਅਜੇ ਵੀ ਸ੍ਰੀ ਅਕਾਲ ਤਖਤ ਸਾਹਿਬ ਨਾਲ ਅਤੇ ਸਾਡੇ ਗੁਰਧਾਮਾਂ ਨਾਲ ਸਿਆਸਤ ਕਰਦੇ ਹਨ। ਮਾਣਯੋਗ ਸਪੀਕਰ ਸਾਹਿਬ, ਸਤਿੰਦਰ ਸਰਤਾਜ ਦਾ ਇੱਕ ਗੀਤ ਜਿਸ ਦਾ ਨਾਮ "ਪਰਲੋ" ਹੈ, ਉਹ ਲਿਖਦਾ ਹੈ -

ਪਾਵਨ ਪੰਨੇ ਪਾੜ ਦਿੱਤੇ ਨੇ, ਜਿਗਰਾ ਈ ਓਏ,
ਦਿਨ ਦੀਵੇ ਹੀ ਸਾੜ ਦਿੱਤੇ ਨੇ, ਜਿਗਰਾ ਈ ਓਏ,
ਸੁੱਚੀ ਜਗ੍ਹਾ ਚੜ੍ਹੇ ਜੁੱਤੇ, ਪਰਲੋ ਹੈ,
ਵਫਾਦਾਰੀਓਂ ਮੁੱਕਰੇ ਕੁੱਤੇ, ਪਰਲੋ ਹੈ।

ਸਪੀਕਰ ਸਾਹਿਬ, ਐਸੇ ਮਹਾਨ ਗੁਰੂ ਦੀ ਬੇਅਦਬੀ, ਇਹ ਪਰਲੋ ਹੈ। ਪਿਛਲੀਆਂ ਸਰਕਾਰਾਂ ਨੇ ਚਾਹੇ ਕੋਈ ਐਕਸ਼ਨ ਨਹੀਂ ਲਿਆ ਪਰ ਅਸੀਂ ਦੋ ਚਾਰਜਸ਼ੀਟਾਂ ਜਾਰੀ ਕੀਤੀਆਂ ਹਨ ਅਤੇ ਇਸ ਬਾਰੇ ਲੜਾਈ ਲੜ ਰਹੇ ਹਾਂ। ਮੇਰਾ ਇਹ ਵਿਸ਼ਵਾਸ ਹੈ ਕਿ ਇਨ੍ਹਾਂ ਦਾ ਨਾ ਤਾਂ ਇੱਥੇ ਕੁਝ ਬਣਨਾ ਹੈ ਅਤੇ ਨਾ ਅੱਗੇ ਕੁਝ ਬਣਨਾ ਹੈ। ਇਨ੍ਹਾਂ ਨੂੰ ਇਹ ਵਹਿਮ ਸੀ ਕਿ ਅਸੀਂ ਪੰਜਾਬ ਦੇ ਮਾਲਕ ਹਾਂ ਲੇਕਿਨ ਇਸ ਹਾਊਸ ਵਿੱਚ ਇੱਕ ਵੀ ਸ਼ਖਸ ਹਾਅ ਦਾ ਨਾਅਰਾ ਮਾਰਨ ਵਾਲਾ ਨਹੀਂ ਹੈ। ਇਨ੍ਹਾਂ ਦਾ ਇਨਸਾਫ ਗੁਰੂ ਕਰੇਗਾ, ਗੁਰੂ ਬੜਾ ਬਲਵਾਨ ਹੈ। ਇਨ੍ਹਾਂ ਨੂੰ ਇਨ੍ਹਾਂ ਦੇ ਕੀਤੇ ਦੀ ਸਜ਼ਾ ਮਿਲਣੀ ਹੀ ਮਿਲਣੀ ਹੈ। ਇਹ ਜਿਹੜੇ ਵੱਡੇ ਵੱਡੇ ਘਰਾਣਿਆਂ ਤੋਂ ਹਨ, ਇਹ ਕਹਿੰਦੇ ਹਨ ਕਿ ਅਸੀਂ ਕੀ ਹਾਂ? ਸਾਡੇ ਵਰਗੇ ਕੌਣ ਹਨ? ਇਹ ਸਹੀ ਕਹਿੰਦੇ ਹਨ ਕਿ ਸਾਨੂੰ ਕੌਣ ਪੁੱਛਦਾ ਸੀ? ਸਾਡੇ ਉਤੇ ਤਾਂ ਸਾਡੇ ਗੁਰੂ ਦੀ ਰਹਿਮਤ ਹੈ। ਅਸੀਂ ਹਾਲੇ ਵੀ ਕੁਝ ਨਹੀਂ ਹਾਂ। ਤੁਸੀਂ ਬਹੁਤ ਵੱਡੇ ਹੋ, ਅਸੀਂ ਕੁਝ ਨਹੀਂ ਹਾਂ। ਅਸੀਂ ਜੋ ਕੁਝ ਵੀ ਹਾਂ, ਆਪਣੇ ਗੁਰੂ ਕਰਕੇ ਹਾਂ। ਸਪੀਕਰ ਸਾਹਿਬ, ਮੈਂ ਖੁਦ ਇੱਕ ਵਕੀਲ ਹਾਂ, ਮੈਂ ਕ੍ਰਿਮੀਨਲ ਕੇਸਾਂ ਦੀ ਪ੍ਰੈਕਟਿਸ ਕੀਤੀ ਹੈ। ਠੀਕ ਹੈ ਕਿ ਇਸ ਦਾ retrospective ਇਫੈਕਟ ਨਹੀਂ ਹੋ ਸਕਦਾ ਪਰ ਕੀ ਅਸੀਂ ਹਰ ਰੋਜ਼ ਬੇਅਦਬੀਆਂ ਹੋਣ ਦੇਈਏ? ਕੱਲ੍ਹ ਵੀ ਇੱਕ ਘਟਨਾ ਹੋਈ ਹੈ। ਪਿਛਲੇ 10-12 ਸਾਲਾਂ ਤੋਂ ਪੰਜਾਬ ਦੇ ਖਿਲਾਫ, ਸਿੱਖੀ ਖਿਲਾਫ ਇੱਕ ਸਾਜ਼ਿਸ਼ ਚਲ ਰਹੀ ਹੈ ਕਿ ਕਿਸੇ ਤਰੀਕੇ ਨਾਲ ਪੰਜਾਬ ਨੂੰ ਬਦਨਾਮ ਕੀਤਾ ਜਾਵੇ। ਇਹ ਸਾਰੀ ਦੁਨੀਆ ਜਾਣਦੀ ਹੈ ਕਿ ਅਗਰ ਪੰਜਾਬ ਹੱਥ ਲੱਗ ਜਾਵੇ ਤਾਂ ਸਾਰੀ ਦੁਨੀਆ ਤੇ ਆਪਣਾ ਸਿੱਕਾ ਜਮਾ ਲਵਾਂਗੇ। ਇਸ ਲਈ ਇਹ ਚਾਹੁੰਦੇ ਹਨ ਕਿ ਇਨ੍ਹਾਂ ਨੂੰ ਬਸ ਲੜਾਈ ਚੱਲੋ। ਇਨ੍ਹਾਂ ਨੂੰ ਨਸ਼ਾ ਦਿਓ, ਇਨ੍ਹਾਂ ਨੂੰ ਇਨ੍ਹਾਂ ਦੇ ਗੁਰੂ ਤੋਂ ਦੂਰ ਕਰੋ, ਇਨ੍ਹਾਂ ਨੂੰ ਆਪਸ ਵਿੱਚ ਲੜਾਓ। ਮੈਂ ਬਿਲਕੁਲ ਫੈਕਟਸ ਤੇ

ਗੱਲ ਕਰਾਂਗਾ। ਇਹ ਮੁੱਦਾ ਸਮਵਰਤੀ ਸੂਚੀ ਵਿੱਚ ਆਉਂਦਾ ਹੈ, it is part of concurrent list. ਇਸ ਤਰ੍ਹਾਂ ਦੀਆਂ ਵੱਖ-ਵੱਖ ਸਟੇਟਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ, ਜਿਨ੍ਹਾਂ ਨੇ ਆਪਣੇ ਅਲੱਗ ਕ੍ਰਿਮੀਨਲ ਕਾਨੂੰਨ ਬਣਾਏ ਹਨ। ਉਤਰਾਖੰਡ, ਯੂ.ਪੀ., ਮਹਾਰਾਸ਼ਟਰ ਨੇ ਅਲੱਗ ਅਲੱਗ ਵਿਸ਼ਿਆਂ ਅਤੇ ਅਲੱਗ ਅਲੱਗ ਇਸ਼ੂਜ਼ ਤੇ ਕਾਨੂੰਨ ਬਣਾਏ ਹਨ। A State is duly competent to make this law. ਇਹ ਪਿਛਲੇ ਸਮੇਂ ਵਿੱਚ ਸਿਰਫ 295-ਏ ਆਈ.ਪੀ.ਸੀ. (ਹੁਣ ਬੀ.ਐਨ.ਐਸ. ਸੈਕਸ਼ਨ 299) ਉੱਤੇ ਖੇਡਦੇ ਰਹੇ। ਫਰਜ਼ੀ ਅਤੇ ਝੂਠੀਆਂ ਚਿੱਠੀਆਂ ਲਿਖਦੇ ਰਹੇ ਜਦ ਕਿ ਇੱਕ ਸਪੈਸ਼ਲ ਬਿਲ ਲਿਆਉਣਾ ਚਾਹੀਦਾ ਸੀ, ਜੋ ਅਸੀਂ ਅੱਜ ਲੈ ਕੇ ਆਏ ਹਾਂ। ਇੱਕ ਵਕੀਲ ਹੋਣ ਨਾਤੇ ਮੇਰਾ ਇਹ ਫਰਜ਼ ਹੈ ਕਿ ਇਸ ਬਿਲ ਦੇ ਕਾਨੂੰਨੀ ਪੱਖਾਂ ਨੂੰ ਸਦਨ ਦੇ ਸਾਹਮਣੇ ਰੱਖਾਂ। ਮੇਰਾ ਆਪਣਾ ਕੋਈ ਨਿੱਜੀ ਧਰਮ ਹੋ ਸਕਦਾ ਹੈ ਅਤੇ ਮੇਰਾ ਵਿਸ਼ਵਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੈ ਪਰ ਜਦੋਂ ਮੈਂ ਸਰਕਾਰ ਦਾ ਹਿੱਸਾ ਹਾਂ ਤਾਂ ਪੰਜਾਬ ਦੇ ਹਰ ਇੱਕ ਨਾਗਰਿਕ ਦੀ ਜੋ ਵੀ ਆਸਥਾ ਹੈ, ਉਸ ਦੀ ਕਦਰ ਕਰਨਾ, ਉਸ ਦੀ ਰੱਖਿਆ ਕਰਨਾ, ਸਰਕਾਰ ਦਾ ਧਰਮ ਹੈ, ਇਹ ਸਰਕਾਰ ਦੀ ਡਿਊਟੀ ਹੈ। (ਥੰਪਿੰਗ) ਅਸੀਂ ਆਪਣੀਆਂ ਡਿਊਟੀਆਂ ਨਿਭਾ ਰਹੇ ਹਾਂ। ਸਾਰੇ ਧਾਰਮਿਕ ਗ੍ਰੰਥ, ਜਿਨ੍ਹਾਂ ਪ੍ਰਤੀ ਪੰਜਾਬ ਦੇ ਨਾਗਰਿਕਾਂ ਦੀ ਆਸਥਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਸੈਂਚੀਆਂ, ਪੋਥੀਆਂ, ਭਗਵਤ ਗੀਤਾ, ਕੁਰਾਨ ਸ਼ਰੀਫ, ਬਾਈਬਲ ਇਸ ਬਿਲ ਵਿੱਚ ਸ਼ਾਮਿਲ ਹਨ। ਇਸ ਕਾਨੂੰਨ ਵਿੱਚ ਅਸੀਂ ਬੇਅਦਬੀ ਨੂੰ ਡਿਫਾਈਨ ਕੀਤਾ ਹੈ, ਜੋ ਕਿ ਪਿਛਲੇ ਸੈਕਸ਼ਨ 295-ਏ ਵਿੱਚ ਨਹੀਂ ਸੀ। ਸੈਕਸ਼ਨ 295 ਤਾਂ ਸਿਰਫ ਧਾਰਮਿਕ ਸਥਾਨਾਂ ਦੀ ਗੱਲ ਕਰਦਾ ਹੈ, ਉਹ ਧਾਰਮਿਕ ਗ੍ਰੰਥਾਂ ਦੀ ਤਾਂ ਗੱਲ ਹੀ ਨਹੀਂ ਕਰਦਾ। ਇਸ ਵਿੱਚ ਬੇਅਦਬੀ ਨੂੰ ਡਿਫਾਈਨ ਕੀਤਾ ਹੈ ਕਿ ਬੇਅਦਬੀ ਦਾ ਮਤਲਬ ਕੀ ਹੈ? ਕਿਸੇ ਵੀ ਜੁਰਮ ਦੀ ਡੈਫੀਨੇਸ਼ਨ ਹੁੰਦੀ ਹੈ, ਉਹ ਇਸ ਵਿੱਚ ਡਿਫਾਈਨ ਕੀਤੀ ਹੈ ਕਿ ਕਿਸੇ ਵੀ ਤਰੀਕੇ ਦੀ ਛੇੜਛਾੜ, ਗ੍ਰੰਥ ਨੂੰ ਸਾੜਨਾ, ਜਾਲਣਾ, ਗਾਲਣਾ, ਫਾੜਨਾ, ਉਸ ਦਾ ਰੰਗ ਉਤਾਰਨਾ, ਕਿਸੇ ਵੀ ਤਰੀਕੇ ਦੀ ਛੇੜਛਾੜ ਬੇਅਦਬੀ ਹੋਵੇਗੀ। ਇਸ ਜੁਰਮ ਨੂੰ ਗੈਰ ਜ਼ਮਾਨਤਯੋਗ ਬਣਾਇਆ ਗਿਆ ਹੈ, ਗੈਰ ਮੁਆਫੀਯੋਗ ਬਣਾਇਆ ਗਿਆ ਹੈ। ਇਹ ਬਿਲ Nonbailable, cognizable ਹੈ and it cannot be compounded. It can only be triable at Sessions Court and ਡੀ.ਐਸ.ਪੀ. ਰੈਂਕ ਦਾ ਅਧਿਕਾਰੀ ਜਾਂ ਉਸ ਤੋਂ ਸੀਨੀਅਰ Police Officer ਹੀ ਇਸ ਦੀ ਜਾਂਚ ਕਰ ਸਕਦਾ ਹੈ। ਹੁਣ ਜੇ ਮੈਂ ਜੁਰਮ ਦੀ ਗੱਲ ਕਰਾਂ ਤਾਂ ਜੋ ਵੀ ਇਸ ਤਰ੍ਹਾਂ ਦੀ ਘਿਨਾਉਣੀ ਹਰਕਤ ਕਰਦਾ ਹੈ, ਉਸ ਨੂੰ ਘੱਟੋ ਘੱਟ 10 ਸਾਲ ਦੀ ਸਜ਼ਾ ਹੋਵੇਗੀ, ਜੋ ਉਮਰ ਕੈਦ ਤੱਕ ਵਧ ਸਕਦੀ ਹੈ ਅਤੇ 5 ਲੱਖ ਰੁਪਏ ਦਾ ਜੁਰਮਾਨਾ ਹੋਵੇਗਾ, ਜੋ 10 ਲੱਖ ਰੁਪਏ ਤੱਕ ਵੱਧ ਸਕਦਾ ਹੈ। ਜੋ ਕੋਈ ਵੀ ਇਸ ਘਿਨਾਉਣੀ ਹਰਕਤ ਨੂੰ ਕਰਨ ਦੀ ਸਾਜ਼ਿਸ਼ ਵਿੱਚ ਕਿਸੇ ਵੀ ਰੂਪ ਵਿੱਚ ਸ਼ਾਮਲ ਹੈ, ਉਸ ਨੂੰ 3 ਸਾਲ ਤੱਕ ਦੀ ਘੱਟੋ ਘੱਟ ਸਜ਼ਾ ਹੋਵੇਗੀ ਜੋ ਕਿ 5 ਸਾਲ ਤੱਕ ਵੱਧ ਸਕਦੀ ਹੈ। ਇਸ ਤੋਂ ਇਲਾਵਾ ਸਾਰੇ ਹਾਊਸ ਦਾ ਫੈਸਲਾ ਹੈ ਕਿ ਇਸ ਬਿਲ ਨੂੰ ਸਿਲੈਕਟ ਕਮੇਟੀ ਵਿੱਚ ਭੇਜਿਆ ਜਾਵੇ। ਮੈਂ ਸਮਝਦਾ ਹਾਂ ਕਿ ਇਸ ਦਾ gist ਬਹੁਤ ਮਜ਼ਬੂਤ ਹੈ। ਮੈਂ ਇਹ ਨਹੀਂ ਕਹਿੰਦਾ ਕਿ ਮੈਂ ਬਹੁਤ ਵੱਡਾ ਵਕੀਲ ਹਾਂ ਪਰ ਜਿੰਨਾ ਕੁ ਮੈਨੂੰ ਕਾਨੂੰਨ ਦਾ ਇਲਮ ਹੈ, ਇਹ ਇਕ ਬਹੁਤ strong legislation ਹੈ। ਜਦੋਂ ਵੀ ਇਹ ਬਿਲ ਪਾਰਿਤ ਹੁੰਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਹੋਣ ਵਾਲੀਆਂ ਬੇਅਦਬੀਆਂ ਉੱਤੇ ਰੋਕ ਲੱਗੇਗੀ। ਇੱਥੇ ਮੁੱਦਾ ਚੁੱਕਿਆ ਗਿਆ ਹੈ, ਇਸ ਲਈ ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਸਟੇਟ duly competent ਹੈ। ਸਾਡਾ ਸੰਵਿਧਾਨ ਪੰਜਾਬ ਦੀ ਅਸੈਂਬਲੀ ਨੂੰ ਇਹ ਕਾਨੂੰਨ ਬਣਾਉਣ ਦਾ ਹੱਕ ਦਿੰਦਾ ਹੈ ਅਤੇ ਸਟੇਟ ਇਸ ਦੀ ਲੜਾਈ ਲੜੇਗੀ ਕਿਉਂਕਿ ਇਹ ਵੱਖਰੇ ਵਿਸ਼ੇ ਦਾ ਕਾਨੂੰਨ ਹੈ। ਮੈਨੂੰ ਉਮੀਦ ਹੈ ਕਿ ਇੱਥੇ ਚਾਹੇ ਜਿਹੜੀ ਵੀ ਪਾਰਟੀ ਬੈਠੀ ਹੈ, ਬੀ.ਜੇ.ਪੀ. ਦੇ ਆਗੂ ਬੈਠੇ ਹਨ, ਬਾਕੀ ਪਾਰਟੀਆਂ ਦੇ ਨੁਮਾਇੰਦੇ ਬੈਠੇ ਹਨ, ਕਿਸੇ ਨੂੰ ਵੀ ਇਸ ਤੇ ਇਤਰਾਜ਼ ਨਹੀਂ ਹੋਣਾ ਚਾਹੀਦਾ। ਅਸੀਂ ਜਲਦ ਤੋਂ ਜਲਦ ਇਸ ਬਿਲ ਲਈ ਪੈਰਵੀ ਕਰੀਏ ਅਤੇ ਆਪਣੇ ਧਾਰਮਿਕ

ਗ੍ਰੰਥਾਂ ਦਾ ਸਤਿਕਾਰ ਕਰੀਏ। ਅਗਰ ਹੋਰ ਵੀ ਕਿਸੇ ਬੁੱਧੀਜੀਵੀ ਅਤੇ ਕਿਸੇ ਧਾਰਮਿਕ ਆਗੂਆਂ ਦੇ ਸੁਝਾਅ ਲੈਣੇ ਪੈਣ, as a collective House, ਅਸੀਂ ਉਹ ਲਵਾਂਗੇ। ਮੈਂ, ਅੰਤ ਵਿੱਚ ਆਪਣੇ ਗੁਰੂ ਦਾ ਕੋਟਾਨਿ-ਕੋਟ ਸ਼ੁਕਰਾਨਾ ਕਰਦਾ ਹਾਂ ਕਿ ਸ੍ਰੀ ਅਨੰਦਪੁਰ ਸਾਹਿਬ ਵਰਗੀ ਧਰਤੀ ਤੋਂ ਨੁਮਾਇੰਦਗੀ ਕਰਨ ਦਾ ਮੈਨੂੰ ਮੌਕਾ ਮਿਲਿਆ ਅਤੇ ਇਸ ਤਰ੍ਹਾਂ ਦੇ ਮਹਾਨ ਬਿਲ ਉੱਤੇ ਬੋਲਣ ਦਾ ਮੌਕਾ ਮਿਲਿਆ। ਇਸ ਸਾਰੇ ਅਜ਼ੀਮ ਸਦਨ ਦਾ ਅਤੇ ਆਪ ਜੀ ਦਾ ਧੰਨਵਾਦ। (ਥੰਪਿੰਗ)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ) :** ਮਾਣਯੋਗ ਸਪੀਕਰ ਸਾਹਿਬ, ਅੱਜ ਅਸੀਂ ਪੰਜਾਬ ਦੀ ਧਰਤੀ ਉਤੇ ਇੱਕ ਇਤਿਹਾਸਕ ਪਲ ਦਾ ਹਿੱਸਾ ਬਣਨ ਲੱਗੇ ਹਾਂ ਜਿਸ ਤਹਿਤ ਗੁਰੂ ਨਾਨਕ ਮਤ, ਜਿਨ੍ਹਾਂ ਦੇ ਅਸੀਂ ਪੈਰੋਕਾਰ ਹਾਂ, ਉਸ ਦੇ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਬਾਕੀ ਧਰਮਾਂ ਦੇ ਗ੍ਰੰਥਾਂ ਸ੍ਰੀਮਦ ਭਗਵਤ ਗੀਤਾ ਜੀ, ਕੁਰਾਨ ਸ਼ਰੀਫ ਜੀ, ਬਾਈਬਲ ਜੀ ਦੇ ਮਾਣ-ਸਤਿਕਾਰ ਲਈ ਮਾਨ ਸਰਕਾਰ ਬਿਲ ਲੈ ਕੇ ਆਈ ਹੈ। ਅਸੀਂ ਇਸ ਬਿਲ ਦੀ ਸ਼ਲਾਘਾ ਕਰਦੇ ਹਾਂ। ਇਹ ਘਟਨਾ, ਇਹ ਇਤਿਹਾਸਿਕ ਪਲ ਸਾਨੂੰ ਬਹੁਤ ਦੇਰ ਤੱਕ ਸੇਧ ਦੇਣਗੇ। ਮਾਣਯੋਗ ਸਪੀਕਰ ਸਾਹਿਬ, ਅਸੀਂ ਉਸ ਮਤ ਦੇ ਅਨੁਯਾਈ ਹਾਂ ਜਿਸ ਵਿੱਚ ਕਿਸੇ ਦੇਸ਼, ਕਿਸੇ ਬੋਲੀ, ਊਚ-ਨੀਚਤਾ, ਜਾਤ-ਪਾਤ ਤੋਂ ਉੱਪਰ ਉੱਠ ਕੇ ਪੂਰੀ ਮਾਨਵਤਾ ਲਈ ਸਤਿਕਾਰ ਸਿਖਾਇਆ ਜਾਂਦਾ ਹੈ। ਇਹੀ ਕਾਰਨ ਹੈ ਕਿ ਪਿਛਲੇ ਸਮਿਆਂ ਵਿੱਚ ਜਿਹੜੀਆਂ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਘਟੀਆਂ ਹਨ, ਉਹ ਦਿਲ ਨੂੰ ਇਸ ਤਰ੍ਹਾਂ ਦਾ ਦੁੱਖ ਦਿੰਦੀਆਂ ਹਨ ਕਿ ਜਿਹੜਾ ਇਨਸਾਨ ਆਸਥਾ ਵਿੱਚ ਡੁੱਬਿਆ ਹੁੰਦਾ ਹੈ, ਉਸ ਨੂੰ ਇਕ ਪ੍ਰਕਾਰ ਦੀ ਮੌਤ ਪ੍ਰਤੀਤ ਹੁੰਦੀ ਹੈ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ ਸੀ ਤਾਂ ਗੁਰੂ ਸਾਹਿਬ ਦੀ ਸੋਚ ਦੇ ਉਲਟ ਲੋਕਾਂ ਨੇ ਸ੍ਰੀ ਆਦਿ ਗ੍ਰੰਥ ਦੇ ਬਰਖਿਲਾਫ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕਰ ਦਿੱਤੀ। ਮਾਣਯੋਗ ਸਪੀਕਰ ਸਾਹਿਬ, ਜਦੋਂ ਅਕਬਰ ਬਾਦਸ਼ਾਹ ਕੋਲ ਸਿੱਖ ਪੇਸ਼ ਹੋਏ ਤਾਂ ਅਕਬਰ ਨੇ ਐਸੇ ਸ਼ਬਦ ਬੋਲੇ ਜਿਹੜੇ ਅੱਜ ਤੱਕ ਸਿੱਖ ਕੌਮ ਯਾਦ ਰੱਖਦੀ ਹੈ। ਬਾਦਸ਼ਾਹ ਅਕਬਰ ਨੇ ਕਿਹਾ ਕਿ ਇਸ ਦੇ ਬਰਖਿਲਾਫ ਤੁਸੀਂ ਸ਼ਿਕਾਇਤ ਕਰਦੇ ਹੋ "ਇਹ ਤਾਂ ਪੂਜਨੀਯ ਹੈ।" **ਜ**ਦੋਂ ਅਕਬਰ ਦੀ ਮੌਤ ਹੋ ਗਈ ਤਾਂ ਗੁਰੂ ਘਰ ਦੇ ਦੋਖੀ ਫਿਰ ਉਸੇ ਦਿਸ਼ਾ ਵੱਲ ਵਧੇ ਅਤੇ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾ ਦਿੱਤਾ ਗਿਆ। ਗੁਰੂ ਸਾਹਿਬ ਨੇ ਕੋਈ ਰੋਸ ਪ੍ਰਗਟ ਕਰਨ ਦੀ ਬਜਾਇ 'ਤੇਰਾ ਕੀਆ ਮੀਠਾ ਲਾਗੈ' ਦੇ ਸ਼ਬਦ ਉਚਾਰੇ। ਉਨ੍ਹਾਂ ਦੇ ਮਨ ਵਿੱਚ ਫਿਰ ਵੀ ਕੋਈ ਵਿਰੋਧ ਨਹੀਂ ਆਇਆ। ਸਪੀਕਰ ਸਾਹਿਬ, ਜੇ ਇਸ ਤੋਂ ਅੱਗੇ ਦੇਖੀਏ ਤੇ ਹਿੰਦੁਸਤਾਨ ਦੀ ਸੰਸਕ੍ਰਿਤੀ ਦੀ ਰੱਖਿਆ ਲਈ ਜਦੋਂ ਕਸ਼ਮੀਰੀ ਪੰਡਿਤ ਪੁਕਾਰ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਗੁਰੂ ਤੇਗ ਬਹਾਦਰ ਜੀ ਦਰਬਾਰ ਵਿੱਚ ਬੈਠੇ ਬੜੀ ਗੰਭੀਰ ਸੋਚ ਵਿੱਚ ਸਨ। ਬਾਲ ਗੋਬਿੰਦ ਰਾਏ ਜੀ ਨੇ ਕਿਹਾ 'पिता जी, क्या हो गया? क्यों इतने उदास बैठे हो?' ਉਨ੍ਹਾਂ ਨੇ ਕਿਹਾ ਕਿ ਇਹ ਲੋਕ ਜ਼ੁਲਮ ਦੇ ਸ਼ਿਕਾਰ ਹੋ ਰਹੇ ਹਨ। ਇਹ ਸੁਣ ਕੇ ਬਾਲ ਗੋਬਿੰਦ ਰਾਏ ਜੀ ਨੇ ਕੀ ਕਿਹਾ? ਪਿਤਾ ਜੀ, ਜ਼ੁਲਮ ਤੋਂ ਰੱਖਿਆ ਤੁਸੀਂ ਨਹੀਂ ਕਰੋਗੇ ਤਾਂ ਹੋਰ ਕੌਣ ਕਰੇਗਾ? ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਦੇ ਹੀ ਆਖ ਦਿੱਤਾ, ਜਾਓ ਬਾਦਸ਼ਾਹ ਨੂੰ ਕਹਿ ਦਿਓ ਕਿ ਗੁਰੂ ਤੇਗ ਬਹਾਦਰ ਜੀ ਦਾ ਧਰਮ ਤਬਦੀਲ ਕਰ ਦਿਓ, ਅਸੀਂ ਆਪਣੇ ਆਪ ਹੀ ਧਰਮ ਤਬਦੀਲ ਕਰ ਲਵਾਂਗੇ, ਸਾਡੇ ਤੇ ਜ਼ੁਲਮ ਕਰਨ ਦੀ ਲੋੜ ਨਹੀਂ।' ਮਾਣਯੋਗ ਸਪੀਕਰ ਸਾਹਿਬ, ਚਾਂਦਨੀ ਚੌਕ ਵਿੱਚ ਮੁਕੱਦਮਾ ਚੱਲਿਆ। ਉਨ੍ਹਾਂ ਨੂੰ ਮੌਕੇ ਦੀ ਸਰਕਾਰ ਨੇ ਸ਼ਹੀਦ ਕਰਨ ਦਾ ਫਰਮਾਨ ਜਾਰੀ

ਕਰ ਦਿੱਤਾ। ਹੁਕਮਰਾਨ ਕਹਿਣ ਲੱਗੇ ਕਿ ਕੋਈ ਚਮਤਕਾਰ ਦਿਖਾਓ। ਗੁਰੂ ਸਾਹਿਬ ਨੇ ਦੋ ਉਂਗਲਾਂ ਦਾ ਇੱਕ ਕਾਗਜ਼ ਦਾ ਟੁਕੜਾ ਗਰਦਨ ਤੇ ਲਾ ਕੇ ਕਿਹਾ ਕਿ ਤੁਹਾਡੀ ਤਲਵਾਰ ਵਾਰ ਨਹੀਂ ਕਰੇਗੀ। ਮਾਣਯੋਗ ਸਪੀਕਰ ਸਾਹਿਬ, ਜਲਾਦ ਨੇ ਤਲਵਾਰ ਚਲਾਈ, ਸੱਚੇ ਪਾਤਸ਼ਾਹ ਦਾ ਸਿਰ ਧੜ ਤੋਂ ਅਲੱਗ ਹੋਇਆ ਤੇ ਜਦੋਂ ਕਾਗਜ਼ ਦਾ ਟੁਕੜਾ ਚੁੱਕ ਕੇ ਪੜ੍ਹਿਆ ਗਿਆ ਤਾਂ ਉਸ ਵਿੱਚ ਲਿਖਿਆ ਸੀ, *'ਸੀਸ ਦੀਆ ਪਰ ਸਿਰਰੁ ਨ ਦੀਆ॥'* ਅਸੀਂ ਇੰਨੇ ਸਹਿਣਸ਼ੀਲ ਵਿਅਕਤੀ ਹਾਂ ਕਿ ਆਪਣੀ ਜਾਨ ਦੇ ਦੇਣੀ, ਸਾਨੂੰ ਉਨ੍ਹਾਂ ਗੁਰੂ ਸਾਹਿਬਾਨਾਂ ਦੀ ਗੁੜ੍ਹਤੀ ਹੈ। ਮਾਣਯੋਗ ਸਪੀਕਰ ਸਾਹਿਬ, ਸਿੱਖ ਇਤਿਹਾਸ ਵੇਖ ਲਓ, ਬੇਅਦਬੀਆਂ ਖਿਲਾਫ ਸਿੱਖ ਹਜ਼ਾਰਾਂ ਨਹੀਂ ਬਲਕਿ ਲੱਖਾਂ ਕੁਰਬਾਨੀਆਂ ਕਰ ਚੁੱਕੇ ਹਨ। ਮੇਰੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੂਰਾ ਸਰਬੰਸ ਵਾਰਿਆ। ਕਿਸ ਦੇ ਲਈ? ਆਪਣੀ ਕੌਮ ਲਈ, ਇਸ ਦੇਸ਼ ਲਈ ਪੂਰਾ ਸਰਬੰਸ ਵਾਰਿਆ। ਦੁਨੀਆ ਵਿੱਚ ਇਹ ਮਿਸਾਲੀ ਉਦਾਹਰਣ ਹੈ ਕਿ ਉਨ੍ਹਾਂ ਦੇ 7 ਸਾਲ ਤੇ 9 ਸਾਲ ਦੇ ਫਰਜ਼ੰਦਾਂ ਨੇ ਵੀ ਈਨ ਨਹੀਂ ਮੰਨੀ। ਆਪਣੇ ਦਿਲ ਤੇ ਹੱਥ ਰੱਖ ਕੇ ਸੋਚੋ, ਇੱਕ ਮਾਂ ਨੇ ਇੱਕ ਹਫਤੇ ਵਿੱਚ ਚਾਰ ਪੁੱਤਰ ਸਾਡੀ ਕੌਮ ਉੱਤੋਂ ਵਾਰ ਦਿੱਤੇ। ਮਾਣਯੋਗ ਸਪੀਕਰ ਸਾਹਿਬ, ਅਸੀਂ ਉਸ ਵਿਰਸੇ ਨੂੰ ਸੰਭਾਲੀ ਬੈਠੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਆਦਿ ਗ੍ਰੰਥ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕਰਕੇ ਸਾਨੂੰ ਹੁਕਮ ਕਰ ਦਿੱਤਾ, *'ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ'* ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਾਗਜ਼ ਦਾ ਟੁਕੜਾ ਨਹੀਂ ਮੰਨਦੇ, ਅਸੀਂ ਉਨ੍ਹਾਂ ਨੂੰ ਦੇਹ ਮੰਨਦੇ ਹਾਂ। ਉਹ ਸਾਡੇ ਜਿਉਂਦੇ ਜਾਗਦੇ ਗੁਰੂ ਹਨ। ਜੇਕਰ ਕੋਈ ਬੰਦਾ ਉਨ੍ਹਾਂ ਬਰਖਿਲਾਫ ਬੇਅਦਬੀ ਕਰਨ ਬਾਰੇ ਸੋਚਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਉਸ ਤੋਂ ਪਾਗਲ, ਉਸ ਤੋਂ ਘਿਣਾਉਣਾ ਕੋਈ ਨਹੀਂ ਹੈ। ਉਸ ਨੂੰ ਇਸ ਧਰਤੀ ਤੇ ਜਨਮ ਲੈਣ ਦਾ ਹੱਕ ਨਹੀਂ। ਸ੍ਰੀ ਦਰਬਾਰ ਸਾਹਿਬ ਵਿੱਚ ਸਾਰੀਆਂ ਕੌਮਾਂ ਲਈ ਚਾਰ ਦਰਵਾਜ਼ੇ ਰੱਖੇ ਗਏ ਹਨ। ਅਜਿਹੇ ਧਾਰਮਿਕ ਅਸਥਾਨ ਵੀ ਬਹੁਤ ਹੋਣਗੇ ਜਿੱਥੇ ਦੂਜੇ ਧਰਮਾਂ ਵਾਲਿਆਂ ਨੂੰ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਹੈ। ਸਾਡੇ ਗੁਰੂ ਘਰਾਂ ਵਿੱਚ ਹਰ ਕੋਈ ਜਾ ਸਕਦਾ ਹੈ, ਚਾਰੇ ਵਰਣਾਂ ਲਈ ਚਾਰਾਂ ਦਿਸ਼ਾਵਾਂ ਤੋਂ ਦਰਵਾਜ਼ੇ ਖੁੱਲ੍ਹੇ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਵੀ ਸਾਈਂ ਮੀਆਂ ਮੀਰ ਜੀ ਨੇ ਰੱਖੀ ਸੀ। ਇਹੋ ਜਿਹੇ ਗੁਰੂ ਘਰ ਦੇ ਸਿਧਾਂਤ ਨੂੰ ਜੇਕਰ ਕੋਈ ਡੀਰੇਲ ਕਰਨ ਲੱਗ ਜਾਵੇ, ਕੋਈ ਉਸ ਦੇ ਬਰਖਿਲਾਫ ਸੋਚਦਾ ਹੋਵੇ, ਉਸ ਨਾਲੋਂ ਪਾਪੀ ਬੰਦਾ ਇਸ ਦੁਨੀਆ ਵਿੱਚ ਕੌਣ ਹੋ ਸਕਦਾ ਹੈ? ਮੁਗਲ ਰਾਜ ਦੌਰਾਨ ਸਿੱਖਾਂ ਦੀਆਂ ਕੁਰਬਾਨੀਆਂ ਦਾ ਦੌਰ ਚੱਲਿਆ। ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਪੁੱਤਰ ਦਾ ਕਲੇਜਾ ਕੱਢ ਕੇ ਉਨ੍ਹਾਂ ਸਾਹਮਣੇ ਲਿਆਂਦਾ ਗਿਆ ਪਰ ਉਨ੍ਹਾਂ ਨੇ ਈਨ ਨਹੀਂ ਮੰਨੀ। ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕੱਟਿਆ ਗਿਆ। ਸਿੱਖ ਕੌਮ ਦੇ ਇਸ ਤਰ੍ਹਾਂ ਦੇ ਇਤਿਹਾਸ ਦੇ ਪਲਾਂ ਨੂੰ ਦੇਖ-ਸੁਣ ਕੇ ਅੱਜ ਸਾਡੇ ਮਨ ਨੂੰ ਤਸੱਲੀ ਵੀ ਹੁੰਦੀ ਹੈ, ਮਾਣ ਵੀ ਹੁੰਦਾ ਹੈ। ਇਤਿਹਾਸ ਹੈ ਕਿ ਜਦੋਂ ਮੱਸਾ ਰੰਘੜ ਸ੍ਰੀ ਦਰਬਾਰ ਸਾਹਿਬ ਅੰਦਰ ਮਾੜੀਆਂ ਕਰਤੂਤਾਂ ਕਰ ਰਿਹਾ ਸੀ ਤਾਂ ਇਕ ਸਿੰਘ ਨੇ ਰਾਜਸਥਾਨ ਵਿੱਚ ਲੁਕੇ ਸਿੰਘਾਂ ਨੂੰ ਖਬਰ ਕੀਤੀ ਕਿ ਭਰਾਵੋ, ਤੁਸੀਂ ਇੱਥੇ ਬੈਠੇ ਹੋ, ਸਾਨੂੰ ਦਰਬਾਰ ਸਾਹਿਬ ਦੇ ਦਰਸ਼ਨ ਨਹੀਂ ਕਰਨ ਦਿੱਤੇ ਜਾਂਦੇ, ਸਾਨੂੰ ਕੋਈ ਵੜਨ ਨਹੀਂ ਦਿੰਦਾ। ਭਾਈ ਸੁੱਖਾ ਸਿੰਘ ਜੀ ਤੇ ਭਾਈ ਮਹਿਤਾਬ ਸਿੰਘ ਜੀ ਨੇ ਕਿਹਾ ਕਿ ਤੂੰ ਜਿਊਂਦਾ ਕਿਉਂ ਆ ਗਿਆ? ਤੂੰ ਸ਼ਹੀਦ ਕਿਉਂ ਨਹੀਂ ਹੋ ਗਿਆ? ਉਸ ਨੇ ਅੱਗੋਂ ਕਿਹਾ ਕਿ ਤੁਸੀਂ ਇੱਥੇ ਲੁਕ ਕੇ ਕਿਉਂ ਬੈਠੇ ਹੋ? ਉਥੋਂ ਹੀ ਦੋਹਾਂ ਦੀਆਂ ਅੱਖਾਂ ਵਿੱਚ ਲਹੂ ਆ ਗਿਆ ਅਤੇ ਬਿਨਾ ਕੁਝ ਖਾਧੇ ਅਤੇ ਬਿਨਾ ਰਾਜਸਥਾਨ ਦੇ ਰਾਜੇ ਤੋਂ ਤਨਖਾਹ ਲਏ, ਉਹ ਦਰਬਾਰ ਸਾਹਿਬ ਆ ਗਏ। ਮਾਣਯੋਗ ਸਪੀਕਰ ਸਾਹਿਬ, ਦਰਬਾਰ ਸਾਹਿਬ ਵੜਦਿਆਂ ਹੀ ਉਹ ਜਦੋਂ ਦੇਖਦੇ ਹਨ ਕਿ ਕੰਜਰੀਆਂ ਦਾ ਨਾਚ ਚਲ ਰਿਹਾ ਹੈ ਤਾਂ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਆਪੇ ਤੋਂ ਬਾਹਰ ਹੋ ਗਏ। ਸਿਪਾਹੀਆਂ ਨੂੰ ਪਤਾ ਵੀ ਨਹੀਂ ਲੱਗਿਆ ਕਿ ਕਦੋਂ ਉਨ੍ਹਾਂ ਨੇ ਮੱਸੇ ਰੰਘੜ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਉਹ ਬੇਅਦਬੀ ਝੱਲ ਨਹੀਂ ਸਕਦੇ ਸੀ। ਉਹ ਬਰਦਾਸ਼ਤ ਨਹੀਂ ਕਰ ਸਕਦੇ ਸੀ। ਉਸ ਤੋਂ ਬਾਅਦ ਵੀ ਹੋਰ ਬਹੁਤ

ਸਾਰੀਆਂ ਘਟਨਾਵਾਂ ਹੋਈਆਂ ਹਨ। ਸਰਦਾਰ ਗੁਰਬਖਸ਼ ਸਿੰਘ ਦੀ ਜ਼ਿੰਮੇਵਾਰੀ ਲਗਾਈ ਗਈ ਕਿ ਤੁਸੀਂ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਕਰਨੀ ਹੈ। ਅਬਦਾਲੀ ਨੇ ਡੇਢ ਦਿਨ ਵਿੱਚ 150 ਮੀਲ ਪਾਰ ਕਰ ਲਿਆ ਸੀ ਪਰ ਲਾਹੌਰ ਤੋਂ ਅੰਮ੍ਰਿਤਸਰ ਪਹੁੰਚਣ ਨੂੰ ਉਸ ਨੂੰ ਢਾਈ ਦਿਨ ਲੱਗ ਗਏ ਕਿ ਦਰਬਾਰ ਸਾਹਿਬ ਖਾਲੀ ਹੋ ਜਾਵੇ, ਫੇਰ ਮੈਂ ਹਮਲਾ ਕਰਾਂਗਾ। ਬਹੁਤ ਜਣਿਆਂ ਨੇ ਭਾਈ ਗੁਰਬਖਸ਼ ਸਿੰਘ ਨੂੰ ਕਿਹਾ ਕਿ ਤੁਸੀਂ ਇੱਥੋਂ ਜਾਓ ਪਰ ਉਨ੍ਹਾਂ ਨੇ ਕਿਹਾ ਕਿ ਮੇਰੀ ਜ਼ਿੰਮੇਵਾਰੀ ਮਹਾਰਾਜ ਦੇ ਸਤਿਕਾਰ ਅਤੇ ਰਾਖੀ ਲਈ ਲਗਾਈ ਗਈ ਹੈ, ਮੈਂ ਇੱਥੋਂ ਨਹੀਂ ਜਾ ਸਕਦਾ। ਉਨ੍ਹਾਂ ਨੇ ਸਵੇਰੇ ਇਸ਼ਨਾਨ ਕੀਤਾ, ਤਿਆਰ ਹੋਏ ਅਤੇ ਗੁਰੂ ਸਾਹਿਬ ਦੀ ਰਾਖੀ ਕਰਦਿਆਂ ਪ੍ਰਕਰਮਾ ਵਿੱਚ ਸ਼ਹੀਦ ਹੋ ਗਏ, ਉਨ੍ਹਾਂ ਨਾਲ 30 ਹੋਰ ਸਿੰਘ ਵੀ ਸ਼ਹੀਦੀ ਪਾ ਗਏ। ਮਾਣਯੋਗ ਸਪੀਕਰ ਸਾਹਿਬ, ਅਸੀਂ ਉਸ ਧਰਤੀ ਦੇ ਵਾਰਸ ਹਾਂ, ਜਿੱਥੇ ਉਨ੍ਹਾਂ ਸਮਿਆਂ ਦੌਰਾਨ ਦੋ ਲੱਖ ਦੇ ਕਰੀਬ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ ਸਨ। ਕਿਸੇ ਨੇ ਆਪਣਾ ਧਰਮ ਤਬਦੀਲ ਨਹੀਂ ਕੀਤਾ ਪਰ ਅੱਜ ਲਾਲਚਾਂ ਦੇ ਮਾਰੇ ਹੋਇਆਂ ਨੂੰ ਨਿੱਕੀ ਜਿਹੀ ਚੀਜ਼ ਮਿਲ ਜਾਵੇ, ਲੋਕ ਆਪਣਾ ਸਿਧਾਂਤ ਬਦਲ ਲੈਂਦੇ ਹਨ। ਇਤਿਹਾਸ ਹੈ ਕਿ ਸਿੰਘਾਂ ਦਾ ਸੌਦਾ ਸਿਰ ਦਾ ਹੁੰਦਾ ਸੀ ਕਿ ਸਿਰ ਲਵਾਂਗੇ ਤੇ ਸਿਰ ਦੇਵਾਂਗੇ। ਮਾਣਯੋਗ ਸਪੀਕਰ ਸਾਹਿਬ, ਦੁਰਾਨੀ ਸੈਨਾ ਦਾ ਜਰਨੈਲ ਨਾਸਿਰ ਖਾਂ ਹੋਇਆ ਹੈ, ਉਸ ਨੇ ਵੀ ਉਸ ਸਮੇਂ ਬੜੇ ਹਮਲੇ ਕੀਤੇ ਸਨ। ਉਸ ਨੂੰ ਲੱਗਿਆ ਕਿ ਸਿੰਘ ਆਪਣੇ ਧਾਰਮਿਕ ਸਥਾਨਾਂ ਤੋਂ ਕੁਰਬਾਨੀਆਂ ਦਾ ਜਜ਼ਬਾ ਲੈਂਦੇ ਹਨ, ਜਿਸ ਕਾਰਨ ਉਸ ਨੇ ਸ੍ਰੀ ਕਰਤਾਰਪੁਰ ਸਾਹਿਬ ਤੇ ਹਮਲਾ ਕਰਕੇ ਇਸ ਨੂੰ ਅਗਨ ਭੇਟ ਕਰ ਦਿੱਤਾ ਅਤੇ ਇਸ ਦੌਰਾਨ ਗੁਰੂ ਅਰਜਨ ਪਾਤਸ਼ਾਹ ਦੀ ਹੱਥ ਲਿਖਤ ਪਹਿਲੀ ਬੀੜ ਆਦਿ ਗ੍ਰੰਥ ਸਾਹਿਬ ਵੀ ਅਗਨ ਭੇਟ ਹੋ ਗਈ। ਬਾਬਾ ਪ੍ਰਤਾਪ ਸਿੰਘ ਦੇ ਮਨ ਤੇ ਇਸ ਦਾ ਗਹਿਰਾ ਅਸਰ ਹੋਇਆ ਕਿ ਇੰਨੇ ਸਦਮੇ ਵਿੱਚ ਉਨ੍ਹਾਂ ਨੇ ਆਪਣੇ ਸਵਾਸ ਤਿਆਗ ਦਿੱਤੇ। ਸਾਡਾ ਇਤਿਹਾਸ ਕਾਨੂੰਨਾਂ ਤੋਂ ਬਾਹਰ ਚਲਦਾ ਹੈ। ਮਿਸਲਾਂ ਦੇ ਸਮੇਂ ਦੌਰਾਨ ਜਦੋਂ ਸਿੰਘਾਂ ਤੇ ਕਾਲਾ ਦੌਰ ਆਇਆ ਤਾਂ ਉਸ ਸਮੇਂ ਮੀਰ ਮੰਨੂ ਦੀ ਜੇਲ੍ਹ ਵਿੱਚ ਬੀਬੀਆਂ ਤੇ ਬੱਚਿਆਂ ਨੂੰ ਕੈਦ ਕੀਤਾ ਗਿਆ। ਬੀਬੀਆਂ ਭੁੱਖੀਆਂ ਭਾਣੀਆਂ, ਕਈਆਂ ਦੇ ਛੋਟੇ ਬੱਚੇ ਸਨ ਪਰ ਦੁੱਧ ਨਹੀਂ ਉਤਰਦਾ ਸੀ ਤਾਂ ਵਡੇਰੀ ਉਮਰ ਦੀਆਂ ਨੇ ਆਪਣੇ ਹਿੱਸੇ ਦੀ ਰੋਟੀ ਉਸ ਨੂੰ ਦੇਣੀ ਕਿ ਖਾ ਕੇ ਪਾਣੀ ਪੀ ਲੈ, ਦੁੱਧ ਉਤਰ ਆਏਗਾ। ਮਾਣਯੋਗ ਸਪੀਕਰ ਸਾਹਿਬ, ਜਿੰਨੀਆਂ ਬੀਬੀਆਂ ਕੈਦ ਸਨ, ਮੀਰ ਮੰਨੂ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਆਪਣਾ ਧਰਮ ਤਬਦੀਲ ਕਰ ਲਓ, ਤੁਹਾਨੂੰ ਖੁਸ਼ੀਆਂ ਦੇ ਦਿਆਂਗੇ ਪਰ ਇਕ ਵੀ ਬੀਬੀ ਨਾ ਮੰਨੀ। ਉਸ ਨੇ ਉਨ੍ਹਾਂ ਤੇ ਤਸ਼ੱਦਦ ਕਰਨ ਦਾ ਫੌਜਦਾਰ ਨੂੰ ਹੁਕਮ ਦਿੱਤਾ ਕਿ ਬਾਲਾਂ ਦੇ ਟੋਟੇ ਕਰਕੇ ਇਨ੍ਹਾਂ ਦੇ ਗਲਾਂ ਵਿੱਚ ਪਾਏ ਜਾਣ। ਉਨ੍ਹਾਂ ਮਾਵਾਂ ਦੇ ਛੋਟੇ ਛੋਟੇ ਲਾਲਾਂ ਦੇ ਟੁਕੜੇ ਕਰਕੇ ਉਨ੍ਹਾਂ ਦੇ ਗਲਾਂ ਵਿੱਚ ਪਾਏ ਗਏ ਪਰ ਕਿਸੇ ਬੀਬੀ ਨੇ ਸੀ ਨਹੀਂ ਕਹੀ। ਜਦੋਂ ਸੂਬੇ ਨੂੰ ਦੁਬਾਰਾ ਲੱਗਿਆ ਕਿ ਹੁਣ ਹੋਰ ਤਸ਼ੱਦਦ ਕਰਾਂ ਤਾਂ ਸ਼ਾਇਦ ਇਹ ਡਰਦੀਆਂ ਮਾਰੀਆਂ ਆਪਣਾ ਧਰਮ ਤਬਦੀਲ ਕਰ ਲੈਣ। ਉਸ ਸਮੇਂ ਬੀਬੀਆਂ ਨੇ ਕਿਹਾ ਕਿ ਸੂਬੇ, ਚੰਗਾ ਹੋਇਆ, ਤੂੰ ਸਾਡੇ ਬੱਚਿਆਂ ਨੂੰ ਸਾਡੇ ਤੋਂ ਪਹਿਲਾਂ ਕਤਲ ਕਰ ਦਿੱਤਾ, ਨਹੀਂ ਤਾਂ ਸਾਨੂੰ ਅਫਸੋਸ ਹੋਣਾ ਸੀ ਕਿ ਸਾਡੇ ਮਗਰੋਂ ਸਾਡੇ ਬੱਚਿਆਂ ਨੂੰ ਪਤਾ ਨਹੀਂ ਹੋਣਾ ਸੀ ਕਿ ਅਸੀਂ ਕਿਨ੍ਹਾਂ ਦੇ ਪੇਟ ਤੋਂ ਜੰਮੇ ਹਾਂ ਤੇ ਉਨ੍ਹਾਂ ਨੇ ਧਰਮ ਤਬਦੀਲ ਕਰ ਲੈਣਾ ਸੀ। ਹੁਣ ਤੇਰੇ ਵਿੱਚ ਜਿੰਨਾ ਹੋਰ ਜ਼ੋਰ ਹੈ, ਉਹ ਲਗਾ। ਉਨ੍ਹਾਂ ਬੀਬੀਆਂ ਨੇ ਅਰਦਾਸ ਕੀਤੀ। ਮਾਣਯੋਗ ਸਪੀਕਰ ਸਾਹਿਬ, ਅਰਦਾਸ ਦੀ ਤਾਕਤ ਦੇਖੋ, ਕਹਿਣ ਲੱਗੀਆਂ, ਗੁਰੂ ਨਾਨਕ ਸਾਹਿਬ, ਇਸ ਪਾਪੀ ਦਾ ਨਿਪਟਾਰਾ ਕਰੋ। ਦੂਜੇ ਦਿਨ ਜਦੋਂ ਸੂਬਾ ਨੇੜੇ ਦੇ ਜੰਗਲ ਵਿੱਚ ਸ਼ਿਕਾਰ ਖੇਡਣ ਗਿਆ ਤਾਂ ਘੋੜੇ ਦੇ ਸਾਮ੍ਹਣਿਓਂ ਚੀਤਾ ਗੁਜ਼ਰਿਆ। ਘੋੜਾ ਚੀਤੇ ਤੋਂ ਡਰ ਗਿਆ ਅਤੇ ਨੱਠ ਪਿਆ। ਸੂਬੇ ਦਾ ਪੈਰ, ਉਸ ਦੀ ਰਕਾਬ ਵਿੱਚ ਫਸ ਗਿਆ। ਘੋੜਾ ਰੁਕੇ ਨਾ, ਫੌਜ ਰੋਕੀ ਜਾਵੇ ਪ੍ਰੰਤੂ ਘੋੜਾ ਉਸ ਨੂੰ ਘੜੀਸੀ ਜਾਵੇ, ਘੋੜਾ ਉਸ ਨੂੰ ਘੜੀਸਦਾ ਘੜੀਸਦਾ ਮਹਿਲਾਂ ਵਿੱਚ ਆ ਗਿਆ। ਮਾਣਯੋਗ ਸਪੀਕਰ ਸਾਹਿਬ, ਉਸ ਦੀ ਚੱਮੜੀ ਉੱਤਰ

ਗਈ। ਉਸ ਦੀ ਲੋਥ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਕੋਈ ਕਸਾਈ ਦਾ ਬੱਕਰਾ ਘੋੜੇ ਦੇ ਨਾਲ ਬੰਨਿਆ ਹੋਵੇ। ਇਹ ਉਨ੍ਹਾਂ ਮਹਾਨ ਬੀਬੀਆਂ ਦੀ ਅਰਦਾਸ ਸੀ।

ਮਾਣਯੋਗ ਸਪੀਕਰ ਸਾਹਿਬ, ਇਹ ਸਾਡਾ ਇਤਿਹਾਸ ਹੈ ਕਿ ਸਿੱਖ ਜੰਗ ਵਿੱਚ ਵੀ ਨਿਯਮਾਂ ਦੀ ਪਾਲਣਾ ਕਰਦੇ ਸਨ। ਕਾਜ਼ੀ ਨੂਰ ਮੁਹੰਮਦ ਦੀ ਲਿਖਤ ਹੈ ਕਿ ਜੇ ਸਾਹਮਣੇ ਵਾਲੇ ਦੀ ਪੱਗ ਉਤਰ ਰਹੀ ਹੁੰਦੀ ਸੀ ਤਾਂ ਸਿੰਘ ਸਾਹਮਣੇ ਲੜਨ ਵਾਲੇ ਨੂੰ ਕਹਿੰਦੇ ਸਨ ਕਿ ਆਪਣੀ ਪੱਗ ਸੰਭਾਲ, ਕਿਤੇ ਗਿਰ ਨਾ ਜਾਵੇ, ਤੇਰੀ ਪੱਗ ਦੀ ਬੇਅਦਬੀ ਨਹੀਂ ਕਰਨੀ। ਜੇ ਸਾਹਮਣੇ ਵਾਲੇ ਦੀ ਪੱਗੜੀ ਉੱਤਰ ਜਾਂਦੀ ਸੀ ਤਾਂ ਉਸ ਬਾਰੇ ਸਿੰਘਾਂ ਦੇ ਬੋਲ ਕਾਜ਼ੀ ਨੂਰ ਮੁਹੰਮਦ ਇਸ ਤਰ੍ਹਾਂ ਲਿਖਦਾ ਹੈ, ''ਭਲਿਆ ਲੋਕਾ, ਪੱਗੜੀ ਸੰਭਾਲ, ਮੈਂ ਤੇਰੀ ਇੱਜ਼ਤ ਰੋਲਣ ਨਹੀਂ ਆਇਆ।'' ਉਦੋਂ ਸਿੰਘ ਦੁਸ਼ਮਣ ਦੇ ਨਾਲ ਵੀ ਨਿਯਮਾਂ ਅਧੀਨ ਲੜਦੇ ਸੀ, ਉਸ ਦੀ ਬੇਇੱਜ਼ਤੀ ਕਰਨ ਲਈ ਨਹੀਂ। ਜੰਗ ਕਰਦਿਆਂ ਵੀ ਨਿਯਮਾਂ ਦੀ ਪਾਲਣਾ ਕਰਨਾ, ਇਹ ਸਾਡਾ ਇਤਿਹਾਸ ਹੈ। ਮਾਣਯੋਗ ਸਪੀਕਰ ਸਾਹਿਬ, ਅਸੀਂ ਮੀਰ ਮੰਨੂ ਦੇ ਜ਼ੁਲਮਾਂ ਨੂੰ ਵੀ ਖੁਸ਼ੀ ਨਾਲ ਹੰਢਾਇਆ ਹੈ। ਉਨ੍ਹਾਂ ਸਮਿਆਂ ਵਿੱਚ ਇਹ ਆਮ ਅਖਾਣ ਸੀ- ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ, ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ- ਸਿੰਘ ਖੁਸ਼ੀ ਖੁਸ਼ੀ ਜ਼ੁਲਮਾਂ ਨੂੰ ਕਬੂਲ ਕਰਦੇ ਸੀ, ਉਨ੍ਹਾਂ ਨੂੰ ਲੱਗਦਾ ਸੀ ਕਿ ਸਾਡੇ ਵਿੱਚ ਸ਼ਹੀਦੀਆਂ ਵਾਲੇ ਸਿੰਘ ਮੁੱਕਣ ਵਾਲੇ ਨਹੀਂ। ਉਸੇ ਸਮੇਂ ਦਾ ਇੱਕ ਸਮਕਾਲੀ ਕਵੀ ਸਰਦਾਰ ਕੇਸਰ ਸਿੰਘ ਛਿੱਬੜ ਸਿੱਖਾਂ ਬਾਰੇ, ਸਿੱਖਾਂ ਦੀ ਦਲੇਰੀ ਬਾਰੇ, ਸਿੱਖਾਂ ਦੇ ਮਨ ਬਾਰੇ ਕੁਝ ਲਾਈਨਾਂ ਲਿਖਦਾ ਹੈ-

''ਸਿੱਖ ਆਹੇ ਕਿਰਤੀ, ਧਰਮ ਦੀਆਂ ਮੂਰਤਾਂ
ਅੰਦਰ ਗਊ ਦਾ, ਬਾਹਰ ਸ਼ੇਰ ਦੀਆਂ ਸੂਰਤਾਂ''

ਸਪੀਕਰ ਸਾਹਿਬ, ਸਾਡਾ ਸਿੱਖ ਅੰਦਰੋਂ ਗਊ ਵਰਗਾ ਹੈ ਅਤੇ ਬਾਹਰੋਂ ਬੱਬਰ ਸ਼ੇਰ ਵਰਗਾ ਹੈ। ਮਾਣਯੋਗ ਸਪੀਕਰ ਸਾਹਿਬ, ਇੱਕ ਵਾਰ ਜ਼ਕਰੀਆ ਖਾਨ ਤੋਂ ਅਬਦਾਲੀ ਨੇ ਪੁੱਛਿਆ ਕਿ ਇਹ ਲੋਕ ਕੌਣ ਹਨ ਅਤੇ ਕਿੱਥੇ ਰਹਿੰਦੇ ਹਨ ਤਾਂ ਜ਼ਕਰੀਆ ਖਾਨ ਨੇ ਕਿਹਾ ਕਿ ਇਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਤੇ ਹਨ। ਉਸ ਨੇ ਹੋਰ ਇਵੇਂ ਦੱਸਿਆ- ''ਸੌ ਸੌ ਕੋਸ ਭਰੈ ਹੀ ਜੈਂ ਹੈ, ਪਿਠ ਲਗਾ ਕੇ ਸਿੰਘ ਕੋ ਕਦੀ ਕਿਸੀ ਨਾ ਦੇ।'' ਭਾਵ ਸਿੰਘ ਸੌਂਦੇ ਨਹੀਂ ਹਨ। ਇਹ ਸੌ ਕੋਹ ਤੱਕ ਘੋੜੇ ਦੇ ਉੱਤੇ ਹੀ ਬੈਠੇ ਰਹਿੰਦੇ ਹਨ। ਇਨ੍ਹਾਂ ਨੂੰ ਸੁੱਤੇ ਹੋਏ ਅੱਜ ਤੱਕ ਕਿਸੇ ਨੇ ਕਦੇ ਦੇਖਿਆ ਹੀ ਨਹੀਂ ਹੈ। ਉਸ ਸਮੇਂ ਕਰੈਕਟਰ ਕਿੰਨੇ ਉੱਚੇ ਸੀ। ਉਸ ਸਮੇਂ ਸਿੰਘਾਂ ਦੀ ਬਹਾਦਰੀ ਅਤੇ ਕਰੈਕਟਰ ਸਬੰਧੀ ਇੱਕ ਛੋਟੀ ਜਿਹੀ ਅਖਾਣ ਹੈ ਕਿ ਜਦੋਂ ਕਿਸੇ ਸਿੰਘ ਨੇ ਕੁੰਡਾ ਖੜਕਾਇਆ ਤਾਂ ਇੱਕ ਬੁੱਢੀ ਮਾਂ ਆਪਣੀ ਧੀ ਨੂੰ ਆਖਦੀ ਹੈ, ਉਦੋਂ ਕੁੰਡੇ ਦਾ ਸੰਕੇਤ ਸੀ ਕਿ ਕੋਈ ਬਾਹਰੀ ਮਨੁੱਖ ਆਇਆ ਹੈ। ਮਾਂ ਉਦੋਂ ਆਪਣੀ ਧੀ ਨੂੰ ਕਹਿੰਦੀ ਹੈ, *''ਆਏ ਨੀ ਨਿਹੰਗ ਬੂਹਾ ਖੋਲ੍ਹ ਦੇ ਨਿਸੰਗ।''* ਮਾਂ ਆਪਣੀ ਧੀ ਨੂੰ ਕਹਿੰਦੀ ਹੈ ਕਿ ਧੀਏ, ਤੈਨੂੰ ਡਰਨ ਦੀ ਲੋੜ ਨਹੀਂ ਹੈ। ਇਹ ਉਹ ਸਿੰਘ ਹਨ ਜਿਹੜੇ ਤੁਹਾਡੀਆਂ ਇੱਜ਼ਤਾਂ ਲਈ ਜਿੰਦ ਵਾਰ ਦਿੰਦੇ ਹਨ। ਉਹ ਧੀ ਬੂਹਾ ਖੋਲ੍ਹਦੀ ਹੈ ਅਤੇ ਭੁੱਖੇ ਸਿੰਘਾਂ ਨੂੰ ਲੰਗਰ ਛਕਾਉਂਦੀ ਹੈ।

**ਮਾਣਯੋਗ ਸਪੀਕਰ**: ਗੱਜਣਮਾਜਰਾ ਸਾਹਿਬ, ਮੇਰਾ ਮਨ ਕਰਦਾ ਹੈ ਕਿ ਮੈਂ ਤੁਹਾਡੇ ਮੂੰਹੋਂ ਸਾਡੇ ਬਾਬਿਆਂ ਦੀਆਂ ਕਹਾਣੀਆਂ ਅਤੇ ਸਾਡਾ ਮਾਣਮੱਤਾ ਇਤਿਹਾਸ ਸੁਣੀ ਜਾਵਾਂ ਲੇਕਿਨ ਸਮੇਂ ਦੀ ਆਪਣੇ ਕੋਲ ਥੋੜ੍ਹੀ ਜਿਹੀ ਘਾਟ ਹੈ। ਬੇਨਤੀ ਹੈ ਕਿ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੀ ਗੱਲ ਕਰ ਲਈ ਜਾਵੇ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਮੇਰੇ ਤੋਂ ਪਹਿਲਾਂ ਵੀ ਸਾਡੇ ਬਹੁਤ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਬੇਅਦਬੀ ਦੀਆਂ ਘਟਨਾਵਾਂ ਬਾਰੇ ਬੋਲੇ ਹਨ। ਮੈਂ ਸਿਰਫ ਦੋ ਲਾਈਨਾਂ ਹੋਰ ਕਹਿਣੀਆਂ ਹਨ ਕਿ ਜਿਹੜੀ ਅਸੀਂ ਬੇਅਦਬੀ ਦੀ ਗੱਲ ਕਰਦੇ ਹਾਂ, ਇਸ ਚੀਜ਼ ਦਾ ਪ੍ਰਭਾਵ, ਇਨ੍ਹਾਂ ਗੱਲਾਂ ਦਾ ਅਸਰ ਸਾਡੇ ਉੱਤੇ ਪੈਂਦਾ ਹੈ। ਅਸੀਂ ਬੇਅਦਬੀ ਨੂੰ ਝੱਲ ਨਹੀਂ ਸਕਦੇ। ਭਾਵੇਂ ਆਪਾ ਕੁਰਬਾਨ ਹੋ ਜਾਵੇ ਪਰ ਅਸੀਂ ਬੇਅਦਬੀ ਨੂੰ ਨਹੀਂ ਝੱਲ ਸਕਦੇ। ਮਾਣਯੋਗ ਸਪੀਕਰ ਸਾਹਿਬ, ਜਿਹੜੀ ਇਸ ਤਰ੍ਹਾਂ ਦੀ ਕੋਈ ਇਤਿਹਾਸ ਦੀ ਗੱਲ ਹੁੰਦੀ ਹੈ, ਉਹ ਕਹਿਣੀ ਬਣਦੀ ਹੈ ਕਿਉਂਕਿ ਇਹ ਸਾਡਾ ਵਿਰਸਾ ਹੈ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਦੌਲਤ ਹੀ ਇਸ ਥਾਂ ਤੱਕ ਆਏ ਹਾਂ, ਅਸੀਂ ਉਨ੍ਹਾਂ ਦੀ ਬਦੌਲਤ ਹੀ ਅੱਜ ਇੱਥੇ ਖੜ੍ਹੇ ਹਾਂ। ਮੈਂ ਉਸ ਘਟਨਾ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਸ ਨੂੰ ਅਸੀਂ ਕਦੇ ਵੀ ਭੁਲਾ ਨਹੀਂ ਸਕਦੇ। ਜਿਸ ਘਟਨਾ ਦਾ ਸਿੱਖ ਕੌਮ ਉੱਤੇ ਸਦੀਆਂ ਤੱਕ ਪ੍ਰਭਾਵ ਪੈਣਾ ਹੈ। ਉਹ ਸਾਲ 1984 ਦਾ ਸ੍ਰੀ ਅਕਾਲ ਤਖਤ ਸਾਹਿਬ ਤੇ ਹਮਲੇ ਦਾ ਟਾਈਮ ਹੈ। ਮਾਣਯੋਗ ਸਪੀਕਰ ਸਾਹਿਬ, ਸਾਨੂੰ ਦੇਸ਼ ਦੀ ਅਜ਼ਾਦੀ ਦਾ ਕੀ ਫਲ਼ ਮਿਲਿਆ? ਸਮੇਂ ਦੀ ਸਰਕਾਰ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਤੋਪਾਂ ਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਉਡਾ ਦਿੱਤਾ। ਜੂਨ ਦਾ ਮਹੀਨਾ ਸੀ, ਬੱਚੀਆਂ, ਮਾਵਾਂ ਅਤੇ ਧੀਆਂ ਨੂੰ ਪਾਣੀ ਪੀਣ ਲਈ ਨਹੀਂ ਮਿਲਿਆ। ਉਸ ਘਟਨਾ ਦਾ ਇੰਨਾ ਪ੍ਰਭਾਵ ਪਿਆ ਹੋਇਆ ਕਿ ਸਾਡੇ ਦੋ ਸਿੰਘ ਜਿਹੜੇ ਉਸ ਸਦਮੇ ਨੂੰ ਝੱਲ ਨਹੀਂ ਸਕਦੇ ਸੀ, ਉਨ੍ਹਾਂ ਨੇ ਇੰਦਰਾ ਗਾਂਧੀ ਦਾ ਕਤਲ ਕਰ ਦਿੱਤਾ। ਜਿਹੜੀਆਂ ਘਟਨਾਵਾਂ ਦਾ ਪ੍ਰਭਾਵ ਸਮਾਜ ਉੱਤੇ ਪੈਂਦਾ ਹੈ, ਉਸ ਬਾਰੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਉਦੋਂ ਹੋਈ ਬੇਅਦਬੀ ਦਾ ਪ੍ਰਭਾਵ ਕਿੱਥੇ ਤੱਕ ਪਿਆ। ਉਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ, ਉਸ ਦੇ ਕਾਰਨ ਦਿੱਲੀ ਵਿੱਚ ਸਿੱਖਾਂ ਦਾ ਬਹੁਤ ਭਿਆਨਕ ਕਤਲੇਆਮ ਕੀਤਾ ਗਿਆ। ਜਿਸ ਧਰਤੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦਿੱਤੀ ਸੀ, ਉੱਥੇ ਸਾਡੀਆਂ ਧੀਆਂ-ਭੈਣਾਂ ਨੇ ਜਾਨ ਦੀ ਬਾਜ਼ੀ ਲਗਾਈ। ਉਨ੍ਹਾਂ ਤੇ ਕੋਈ ਤਰਸ ਨਹੀਂ ਕੀਤਾ ਗਿਆ। ਉਹ ਧਰਤੀ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦਿੱਤੀ ਸੀ, ਉੱਥੇ ਸਾਡੇ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ-ਪਾ ਕੇ ਮਾਰਿਆ ਗਿਆ। ਸਾਲ 1984 ਦੇ ਅਟੈਕ ਦੇ ਪ੍ਰਭਾਵ ਤੋਂ ਸਾਡੇ ਨੌਜਵਾਨਾਂ ਵਿਚ ਰੋਸ ਆਇਆ। ਗਰਮ ਹਵਾਵਾਂ ਚੱਲੀਆਂ, ਮਾੜੇ ਦਿਨ ਸ਼ੁਰੂ ਹੋਏ। ਸਾਡਾ 1 ਲੱਖ ਪੰਜਾਬੀ ਨੌਜਵਾਨ ਸ਼ਹੀਦ ਹੋਇਆ, ਜਿਸ ਵਿਚ ਹਿੰਦੂ ਵੀ ਸਨ ਅਤੇ ਸਿੱਖ ਵੀ ਸਨ। ਇਹ ਪ੍ਰਭਾਵ ਅਸੀਂ ਕਦੇ ਵੀ ਮਿਟਾ ਨਹੀਂ ਸਕਦੇ। 1984 ਦੇ ਅਟੈਕ ਦਾ ਅਗਲਾ ਪ੍ਰਭਾਵ ਇਹ ਪਿਆ ਕਿ ਸਾਡੀ ਇੰਡਸਟਰੀ ਗਈ, ਆਰਥਿਕਤਾ ਗਈ, ਬੇਰੁਜ਼ਗਾਰੀ ਵੱਧ ਗਈ। ਸਾਡਾ ਨੌਜਵਾਨ ਵਿਦੇਸ਼ਾਂ ਵਿਚ ਪਲਾਇਣ ਕਰਨ ਲੱਗਿਆ। ਸਪੀਕਰ ਸਾਹਿਬ, ਬੇਅਦਬੀ ਚਾਹੇ ਕਿਸੇ ਰੂਪ ਵਿਚ ਹੋਵੇ, ਸਰਕਾਰੀ ਪੱਧਰ ਤੇ ਹੋਵੇ ਜਾਂ ਪ੍ਰਾਈਵੇਟ ਪੱਧਰ ਤੇ ਹੋਵੇ, ਇਸ ਦਾ ਪ੍ਰਭਾਵ ਸਾਰੀ ਕੌਮ ਅਤੇ ਦੇਸ਼ ਤੇ ਪੈਂਦਾ ਹੈ। ਇਸ ਲਈ ਜਿਹੜਾ ਬਿਲ ਸਾਡੀ ਸਰਕਾਰ, ਸਾਡੇ ਮੁੱਖ ਮੰਤਰੀ ਜੀ ਲੈ ਕੇ ਆਏ ਹਨ, ਉਹ ਬਹੁਤ ਸਲਾਹੁਣਯੋਗ ਹੈ। ਇਹ ਬਿਲ ਸਦੀਆਂ ਤੱਕ ਸਾਡੀ ਰਹਿਨੁਮਾਈ ਕਰੇਗਾ। ਜਿਹੜੇ ਬੇਅਕਲ ਲੋਕ, ਜੋ ਕਿਸੇ ਦੀ ਸਾਜਿਜ਼ ਨਾਲ ਬੇਅਦਬੀ ਕਰਨ ਦੀ ਜ਼ੁਅਰਤ ਕਰਦੇ ਹਨ, ਉਹ ਹੁਣ ਪੰਜਾਬ ਦੀ ਧਰਤੀ ਉਤੇ ਅਜਿਹਾ ਕਰਨ ਦੀ ਜ਼ੁਅਰਤ ਨਹੀਂ ਕਰਨਗੇ। ਲੋਕਾਂ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਜੇਕਰ ਅਜਿਹੀ ਮਿਸਾਲੀ ਸਜ਼ਾ ਪਿਛਲੀਆਂ ਸਰਕਾਰਾਂ ਨੇ ਨਹੀਂ ਦਿੱਤੀ ਤਾਂ ਹੀ ਬਰਗਾੜੀ ਵਰਗੇ ਕਾਂਡ ਹੋਏ ਹਨ ਤਾਂ ਹੀ ਸੈਂਕੜੇ ਬੇਅਦਬੀਆਂ ਹੋਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਨ੍ਹਾਂ ਦਾ ਸੰਦੇਸ਼ ਹੀ ਲੋਕ ਭਲਾਈ ਹੈ, ਜਿਸ ਦਾ ਸੰਦੇਸ਼ ਅੰਤਰਰਾਸ਼ਟਰੀ ਪੱਧਰ ਦਾ ਹੈ, ਜਿਸ ਦਾ ਸੰਦੇਸ਼ ਹੀ ਦੁਨੀਆ ਦਾ ਸੰਵਿਧਾਨ ਹੈ ਜੇਕਰ ਕੱਲ੍ਹ ਨੂੰ ਦੁਨੀਆ ਦਾ ਕਦੇ ਸੰਵਿਧਾਨ ਬਣਾਉਣਾ ਪਵੇ ਤਾਂ ਉਸ ਦਾ ਅੰਦਰਲਾ ਥੀਮ ਸ੍ਰੀ ਗੁਰੂ ਗ੍ਰੰਥ ਸਾਹਿਬ ਹੋਵੇਗਾ। ਮਾਣਯੋਗ ਸਪੀਕਰ ਸਾਹਿਬ, ਮੈਂ ਅੰਤ ਵਿਚ ਪੁਰਜ਼ੋਰ ਸਿਫ਼ਾਰਸ਼ ਕਰਦਾ ਹਾਂ ਕਿ ਬੇਅਦਬੀ ਕਰਨ ਵਾਲੇ ਵਿਅਕਤੀ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਪੀਕਰ ਸਾਹਿਬ, ਧੰਨਵਾਦ ਜੀ। ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਜਿਹੜਾ ਬਿਲ ਲਿਆਂਦਾ ਗਿਆ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਸਾਰੇ ਧਾਰਮਿਕ ਗ੍ਰੰਥਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਵੇਂ ਸ੍ਰੀਮਦ ਭਗਵਤ ਗੀਤਾ, ਕੁਰਾਨ ਸ਼ਰੀਫ਼, ਬਾਈਬਲ। ਇਸ ਬਿਲ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਦਾ ਹੈ ਤਾਂ ਉਸ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ, ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਇੱਕ ਸਿੱਖ ਹੋਣ ਦੇ ਨਾਤੇ ਮੇਰੀ ਆਸਥਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ ਅਤੇ 1 ਸਤੰਬਰ, 1604 ਈਸਵੀ ਨੂੰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਸਨ ਅਤੇ ਉਸ ਤੋਂ ਬਾਅਦ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਦੀ ਧਰਤੀ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕੀਤੀ। ਉਨ੍ਹਾਂ ਵੱਲੋਂ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਦਾ ਉਚਾਰਣ ਕੀਤਾ ਗਿਆ ਅਤੇ ਭਾਈ ਮਨੀ ਸਿੰਘ ਜੀ ਵੱਲੋਂ ਇਹ ਬਾਣੀ ਲਿਖਤ ਕੀਤੀ ਗਈ ਅਤੇ ਬਾਬਾ ਦੀਪ ਸਿੰਘ ਜੀ ਨੇ ਉਨ੍ਹਾਂ ਦਾ ਸਾਥ ਦਿੱਤਾ। ਆਦਿ ਗ੍ਰੰਥ ਸਾਹਿਬ ਵਿਚ ਪਹਿਲੇ ਪੰਜ ਗੁਰੂਆਂ, 15 ਭਗਤਾਂ, 11 ਭੱਟਾਂ, 4 ਗੁਰਸਿੱਖਾਂ ਦੀ ਬਾਣੀ ਦਰਜ ਕੀਤੀ ਗਈ ਸੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਅਤੇ ਸਲੋਕ, ਜੋ ਜੈਜਾਵੰਤੀ ਰਾਗ ਵਿਚ ਹਨ, ਸ਼ਾਮਲ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 31 ਰਾਗਾਂ ਵਿਚ ਬਾਣੀ ਦਰਜ ਕੀਤੀ ਗਈ ਹੈ। 1708 ਈਸਵੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪ ਕੇ ਗੁਰੂ ਦਾ ਦਰਜਾ ਦਿੱਤਾ। ਇਸ ਬਾਰੇ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਗ੍ਰੰਥ ਵਿਚ ਆਪਣੀ ਕਾਵਿ ਰਚਨਾ ਵਿਚ ਲਿਖਿਆ ਹੈ-

ਆਗਿਆ ਭਈ ਅਕਾਲ ਕੀ ਤਭੀ ਚਲਾਯੋ ਪੰਥ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਗੁਰੂ ਗ੍ਰੰਥ ਜੀ ਮਾਨਿਓਂ ਪਰਗਟ ਗੁਰਾਂ ਕੀ ਦੇਹ

ਸੋ, ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਗਿਆਨੀ ਗਿਆਨ ਸਿੰਘ ਨੇ ਇਸ ਢੰਗ ਨਾਲ ਬਿਆਨ ਕੀਤਾ ਹੈ ਕਿ ਗੁਰੂ ਸਾਹਿਬ ਇੱਕ ਪਰਗਟ ਗੁਰਾਂ ਕੀ ਦੇਹ ਦਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਕੇ ਗਏ ਹਨ। ਇਸ ਲਈ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਖਸ਼ਾਤ ਗੁਰੂ, ਦਸਾਂ ਗੁਰੂਆਂ ਦੀ ਜਾਗਦੀ ਜੋਤ, living Guru ਦੇ ਤੌਰ ਤੇ ਮੰਨਦੇ ਹਾਂ। ਸਾਲ 2003-04 ਵਿੱਚ ਸੁਪਰੀਮ ਕੋਰਟ ਵੱਲੋਂ ਵੀ ਇੱਕ ਆਰਡਰ ਪਾਸ ਕੀਤਾ ਗਿਆ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ juristic Person ਦਾ ਦਰਜਾ ਦਿੱਤਾ ਗਿਆ। ਸਿੱਖ ਧਰਮ ਬਹੁਤ ਸਾਰੀਆਂ ਜ਼ਮੀਨਾਂ, ਜਾਇਦਾਦਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ ਤੇ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਹੁਤ ਸਤਿਕਾਰ ਨਾਲ ਪੰਜ ਸਿੰਘ ਸਾਹਿਬਾਨ ਵੱਲੋਂ ਲਿਜਾਇਆ ਜਾਂਦਾ ਹੈ, ਇੱਕ ਜਲ ਦੀ ਸੇਵਾ ਕਰਦੇ ਹਨ, ਇੱਕ ਘੜਿਆਲ ਦੀ ਸੇਵਾ ਕਰਦੇ ਹਨ ਤੇ ਇੱਕ ਚੌਰ ਸਾਹਿਬ ਦੀ ਸੇਵਾ ਕਰਦੇ ਹਨ। ਜਿਸ ਤਰ੍ਹਾਂ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ First and Second World War ਵਿੱਚ ਸਿੱਖ ਰੈਜੀਮੈਂਟਾਂ ਨੇ ਅੰਗਰੇਜ਼ੀ ਫੌਜ ਦਾ ਸਾਥ ਦਿੱਤਾ ਸੀ, ਉਸ ਸਮੇਂ ਸਿੱਖਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਨਾਲ ਮੋਰਚਿਆਂ ਤੇ ਲਿਜਾਇਆ ਜਾਂਦਾ ਸੀ ਅਤੇ ਇਹ ਸਭ ਬੜੇ ਹੀ ਆਦਰ ਅਤੇ ਸਤਿਕਾਰ ਨਾਲ ਕੀਤਾ ਜਾਂਦਾ ਸੀ। ਸਾਡੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬੜੀ ਆਸਥਾ ਅਤੇ ਸ਼ਰਧਾ ਹੈ ਪਰ ਉਦੋਂ ਬੜਾ ਦੁੱਖ

ਹੁੰਦਾ ਹੈ ਜਦੋਂ ਗੁਰਬਾਣੀ ਦੀ ਬੇਅਦਬੀ ਹੁੰਦੀ ਹੈ ਕਿਉਂਕਿ ਇਹ ਗੁਰਾਂ ਦੀ ਬਾਣੀ, ਧੁਰੋਂ ਆਈ ਪਰਮਾਤਮਾ ਦੀ ਬਾਣੀ ਹੈ ਅਤੇ ਇਸ ਦਾ ਸਾਡੇ ਸਾਰਿਆਂ ਦੇ ਮਨਾਂ ਵਿੱਚ ਬੜਾ ਹੀ ਸਤਿਕਾਰ ਹੈ। ਲੋਕ ਕਿਸ ਸੋਚ ਦੇ ਨਾਲ ਇਸ ਬਾਣੀ ਦੀ, ਇਨ੍ਹਾਂ ਗ੍ਰੰਥਾਂ ਦੀ ਬੇਅਦਬੀ ਕਰਦੇ ਹਨ? ਅਜਿਹਾ ਕਰਨ ਵਾਲੇ ਲੋਕ ਬੜੀ ਹੀ ਘਟੀਆ ਸੋਚ ਦੇ ਮਾਲਕ ਹੋਣਗੇ। ਵੈਸੇ ਤਾਂ ਅਜਿਹੇ ਲੋਕਾਂ ਨੂੰ ਸਜ਼ਾ ਦੇਣ ਦੇ ਲਈ ਗੁਰੂ ਸਾਹਿਬ ਆਪ ਸਮਰੱਥ ਹਨ ਕਿਉਂਕਿ ਅਸੀਂ ਜੋ ਵੀ ਮੰਗਦੇ ਹਾਂ, ਗੁਰੂ ਸਾਹਿਬ ਤੋਂ ਹੀ ਮੰਗਦੇ ਹਾਂ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਆਪਣੀਆਂ ਅਰਦਾਸਾਂ-ਬੇਨਤੀਆਂ ਕਰਦੇ ਹਾਂ ਅਤੇ ਜਿਹੜੇ ਲੋਕਾਂ ਨੇ ਅਜਿਹੀਆਂ ਘਿਣਾਉਣੀਆਂ ਹਰਕਤਾਂ ਕੀਤੀਆਂ ਹਨ, ਇਨ੍ਹਾਂ ਨੂੰ ਸਜ਼ਾ ਵੀ ਗੁਰੂ ਸਾਹਿਬ ਜੀ ਨੇ ਹੀ ਦੇਣੀ ਹੈ। ਪਿਛਲੇ ਸਮੇਂ ਦੀਆਂ ਸਰਕਾਰਾਂ ਦੀ ਗੱਲ ਕੀਤੀ ਗਈ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੋਈ ਵੀ ਸਰਕਾਰ ਜਾਣ-ਬੁਝ ਕੇ ਬੇਅਦਬੀ ਨਹੀਂ ਕਰਵਾ ਸਕਦੀ, ਬੇਅਦਬੀਆਂ ਜ਼ਰੂਰ ਹੋਈਆਂ ਹਨ, ਚਾਹੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਹੋਈਆਂ ਹਨ। ਹਾਂ, ਕਿਤੇ ਨਾ ਕਿਤੇ ਅਣਗਹਿਲੀ ਰਹੀ ਹੈ, ਕਿਤੇ ਨਾ ਕਿਤੇ ਗਲਤੀਆਂ ਹੋਈਆਂ ਹਨ ਅਤੇ ਕਿਤੇ ਨਾ ਕਿਤੇ ਦੋਸ਼ੀ ਨਹੀਂ ਫੜੇ ਗਏ। ਸੋ, ਉਸ ਦਾ ਖਮਿਆਜ਼ਾ ਵੀ ਸਰਕਾਰਾਂ ਨੂੰ ਭੁਗਤਣਾ ਪਿਆ ਹੈ।

**ਮਾਣਯੋਗ ਸਪੀਕਰ:** ਇੱਥੇ ਮੈਨੂੰ ਥੋੜ੍ਹਾ ਜਿਹਾ ਇਤਰਾਜ਼ ਹੈ। ਸਰਕਾਰਾਂ ਵੱਲੋਂ ਬਿਨਾਂ ਮੰਗੇ ਮਾਫੀਆਂ ਤਾਂ ਦਿੱਤੀਆਂ ਗਈਆਂ ਹਨ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਬਿਲਕੁਲ ਜੀ, ਬਿਲਕੁਲ। ਸਪੀਕਰ ਸਾਹਿਬ, ਮੈਂ ਜਾਣ-ਬੁਝ ਕੇ ਕੀਤੀ ਜਾਣ ਵਾਲੀ ਬੇਅਦਬੀ ਦੀ ਗੱਲ ਕਰ ਰਿਹਾ ਹਾਂ। ਜੋ ਵੀ ਗਲਤੀਆਂ ਹੋਈਆਂ ਹਨ, ਉਸ ਦਾ ਖਮਿਆਜ਼ਾ ਭੁਗਤਣਾ ਪਿਆ ਹੈ। ਆਉਣ ਵਾਲੇ ਸਮੇਂ ਵਿੱਚ ਵੀ ਜਿਹੜਾ ਕਰੇਗਾ, ਉਸ ਨੂੰ ਭੁਗਤਣਾ ਹੀ ਪੈਣਾ ਹੈ। ਸੋ, ਜਿੱਥੇ ਬਰਗਾੜੀ ਦੇ ਵਿੱਚ ਬੇਅਦਬੀ ਹੋਈ, ਬੁਰਜ ਜਵਾਹਰ ਸਿੰਘ ਵਾਲਾ ਦੇ ਵਿੱਚ ਬੇਅਦਬੀ ਹੋਈ, ਮੱਲਕੇ ਦੇ ਵਿੱਚ ਵੀ ਬੇਅਦਬੀ ਹੋਈ, ਉਸ ਵਿੱਚ ਤਿੰਨ ਵਿਅਕਤੀਆਂ ਨੂੰ IPC ਦੇ Section 295-A ਦੇ ਤਹਿਤ ਤਿੰਨ ਸਾਲ ਦੀ ਸਜ਼ਾ ਮਿਲੀ ਸੀ ਪਰ ਜ਼ਮਾਨਤ ਹੋ ਗਈ। ਉਸ ਤੋਂ ਬਾਅਦ ਇਹ ਕਾਨੂੰਨ ਬੀ.ਐਨ.ਐਸ. (ਭਾਰਤੀ ਨਿਆਏ ਸੰਹਿਤਾ) ਬਣਿਆ ਅਤੇ ਹੁਣ ਬੇਅਦਬੀ ਕਰਨ ਵਾਲਿਆਂ ਤੇ ਧਾਰਾ 299 ਲੱਗਦੀ ਹੈ। ਇਸ ਵਿੱਚ ਧਾਰਾ 299-ਏ insert ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਪਾਰਲੀਮੈਂਟ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਦੀ ਸਜ਼ਾ ਵਿੱਚ ਵਾਧਾ ਕਰ ਸਕਦੀ ਹੈ। ਸਰਦਾਰ ਗੁਰਜੀਤ ਸਿੰਘ ਖਾਲਸਾ ਜੋ ਕਿ ਪਟਿਆਲਾ ਦੇ ਰਹਿਣ ਵਾਲੇ ਹਨ, ਉਹ 12 ਅਕਤੂਬਰ, 2024 ਤੋਂ ਇੱਕ ਟਾਵਰ ਤੇ ਬੈਠੇ ਹਨ। ਉਨ੍ਹਾਂ ਦੀ ਮੰਗ ਸੀ ਕਿ ਸਰਬ-ਧਰਮ ਬੇਅਦਬੀ ਕਾਨੂੰਨ ਬਣਾਇਆ ਜਾਵੇ। ਉਨ੍ਹਾਂ ਨੇ ਇਹ ਬਹੁਤ ਵੱਡੀ ਕੋਸ਼ਿਸ਼ ਕੀਤੀ ਹੈ। ਸੋ, ਇਸ ਲਈ ਜਿੱਥੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਲਈ ਸਜ਼ਾ ਦੀ ਗੱਲ ਕਰ ਰਿਹਾ ਹਾਂ, ਉਥੇ ਨਾਲ ਹੀ ਦੂਸਰੇ ਧਾਰਮਿਕ ਗ੍ਰੰਥ ਵੀ ਇਸੀ ਤਹਿਤ ਆਉਂਦੇ ਹਨ। ਸਪੀਕਰ ਸਾਹਿਬ, ਸਾਡੀ ਸਿੱਖ ਕੌਮ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ। ਜਦੋਂ ਇੱਕ ਸਿੱਖ ਸਵੇਰੇ ਅਰਦਾਸ ਕਰਦਾ ਹੈ ਤਾਂ ਉਹ ਬੇਨਤੀ ਕਰਦਾ ਹੈ *"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ",* ਅਸੀਂ ਸਰਬੱਤ ਦਾ, ਹਰ ਧਰਮ ਦਾ ਭਲਾ ਮੰਗਦੇ ਹਾਂ। ਹਰ ਧਰਮ ਦੀ ਧਾਰਮਿਕ ਆਜ਼ਾਦੀ, ਸਮਾਜਿਕ ਆਜ਼ਾਦੀ ਨੂੰ ਕਾਇਮ ਰੱਖਣ ਦੇ ਨਾਲ ਨਾਲ ਹਰ ਧਰਮ ਦੇ ਧਾਰਮਿਕ ਗ੍ਰੰਥ ਦਾ ਸਤਿਕਾਰ ਹੋਣਾ ਚਾਹੀਦਾ ਹੈ, ਉਨ੍ਹਾਂ ਦੀ ਬੇਅਦਬੀ ਨਹੀਂ ਹੋਣੀ ਚਾਹੀਦੀ ਹੈ, ਇਸ ਲਈ ਸਾਨੂੰ ਸਖਤ ਕਾਨੂੰਨ ਬਣਾਉਣਾ ਚਾਹੀਦਾ ਹੈ। ਸੋ, ਜਿਹੜਾ ਅਸੀਂ ਕਾਨੂੰਨ ਪਾਸ ਕਰਕੇ ਭੇਜਣਾ ਹੈ, ਇਹ ਪਾਰਲੀਮੈਂਟ ਵਿੱਚ ਵੀ ਪਾਸ ਹੋਣਾ ਚਾਹੀਦਾ ਹੈ, ਅੱਗੇ ਰਾਸ਼ਟਰਪਤੀ ਤੱਕ ਵੀ ਜਾਣਾ ਹੈ। ਪਹਿਲਾਂ ਵੀ 2016 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਉਸ ਸਮੇਂ ਸਿਰਫ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਖਿਲਾਫ ਕਾਨੂੰਨ ਬਣਾ ਕੇ ਬਿਲ

ਪਾਸ ਕਰਨ ਲਈ ਭੇਜਿਆ ਗਿਆ ਸੀ। ਬਾਅਦ ਵਿੱਚ ਇਸ ਸਬੰਧ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ 2018 ਵਿੱਚ ਦੁਬਾਰਾ ਬਿਲ ਪਾਸ ਕਰਕੇ ਭੇਜਿਆ ਗਿਆ। ਸੋ, ਇਸ ਨੂੰ ਪਾਰਲੀਮੈਂਟ ਵਿੱਚ ਪਾਸ ਕਰਵਾਉਣਾ ਬੜਾ ਜ਼ਰੂਰੀ ਹੈ। ਇਸ ਲਈ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋ ਕੇ ਪਾਰਲੀਮੈਂਟ ਵਿੱਚੋਂ ਇਹ ਕਾਨੂੰਨ ਪਾਸ ਕਰਵਾ ਕੇ ਰਾਸ਼ਟਰਪਤੀ ਤੋਂ ਵੀ ਪਾਸ ਕਰਵਾਉਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਚਾਹੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਜਾਂ ਕਿਸੇ ਵੀ ਧਾਰਮਿਕ ਗ੍ਰੰਥ ਦੀ ਬੇਅਦਬੀ ਹੁੰਦੀ ਹੈ ਤਾਂ ਦੋਸ਼ੀ ਨੂੰ ਵੱਧ ਤੋਂ ਵੱਧ ਸਜ਼ਾ ਦਿੱਤੀ ਜਾ ਸਕੇ। ਸੋ, ਮੈਂ ਇਸ ਬਿਲ ਦੇ ਹੱਕ ਵਿੱਚ ਹਾਂ।

ਸਪੀਕਰ ਸਾਹਿਬ, ਅੱਜ ਜ਼ੀਰੋ ਆਵਰ ਨਹੀਂ ਹੋਇਆ, ਇਸ ਲਈ ਮੈਂ ਤੁਹਾਡੇ ਤੋਂ ਇੱਕ ਮਿੰਟ ਹੋਰ ਲੈਣਾ ਹੈ। ਲੈਂਡ ਪੂਲਿੰਗ ਸਕੀਮ ਦਾ ਬਹੁਤ ਵੱਡਾ ਵਿਰੋਧ ਹੋ ਰਿਹਾ ਹੈ, ਇਸ ਨੂੰ ਵਾਪਸ ਲਿਆ ਜਾਵੇ। ਮੇਰੇ ਹਲਕੇ ਦੀ ਜ਼ਮੀਨ ਇਸ ਅਧੀਨ ਆਉਂਦੀ ਹੈ ਅਤੇ ਕਿਸਾਨ ਧਰਨੇ ਲਗਾ ਰਹੇ ਹਨ। ਕੋਈ ਵੀ ਕਿਸਾਨ ਇਸ ਨਾਲ ਸਹਿਮਤ ਨਹੀਂ ਹੈ। ਸਾਰਿਆਂ ਨੇ ਇਸ ਸਕੀਮ ਪ੍ਰਤੀ ਇਤਰਾਜ਼ ਦਰਜ ਕਰਵਾ ਦਿੱਤੇ ਹਨ। ਸੋ, ਇਹ ਕਿਸਾਨਾਂ ਦਾ ਬਹੁਤ ਵੱਡਾ ਉਜਾੜਾ ਹੈ। ਇਸ ਲੈਂਡ ਪੂਲਿੰਗ ਸਕੀਮ ਨੂੰ ਵਾਪਸ ਲਿਆ ਜਾਵੇ। ਧੰਨਵਾਦ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸਪੀਕਰ ਸਾਹਿਬ, ਧੰਨਵਾਦ। ਇਹ ਬੜਾ ਸੰਵੇਦਨਸ਼ੀਲ ਮੁੱਦਾ ਹੈ, ਮੈਂ ਇਸ ਦੀ ਸਪਿਰਿਟ ਤੇ ਜ਼ਰੂਰ ਗੱਲ ਕਰਨੀ ਚਾਹੁੰਦਾ ਹਾਂ। ਇਹ ਸਾਲ 2007 onwards ਮਸਲਾ ਰਿਹਾ ਹੈ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਿਆ ਗਿਆ ਸੀ। Subsequently, 2009 ਵਿੱਚ ਉਸ ਮਾਮਲੇ ਤੇ ਕੀਤੇ ਪਰਚੇ ਦੀ ਕੈਂਸਲੇਸ਼ਨ ਹੋਈ ਸੀ ਪਰ ਫਾਈਨਲ ਨਹੀਂ ਹੋਇਆ। 2012 ਵਿੱਚ ਵੀ ਹੋਈ ਪਰ ਇਹ 2014 ਵਿੱਚ ਜਾ ਕੇ ਫਾਈਨਲ ਹੋਈ ਹੈ। ਉਸ ਦੇ ਇਵਜ਼ ਵਿੱਚ 2015 ਤੋਂ ਬੇਅਦਬੀਆਂ ਦਾ ਦੌਰ ਸ਼ੁਰੂ ਹੋ ਗਿਆ। ਮੈਂ ਥੋੜ੍ਹਾ ਜਿਹਾ ਬੈਕਗਰਾਊਂਡ ਵਿੱਚ ਜਾਣਾ ਚਾਹੁੰਦਾ ਸੀ।

**ਮਾਣਯੋਗ ਸਪੀਕਰ** : ਥੋੜ੍ਹਾ ਜਿਹਾ ਬਰੀਫ ਰੱਖਿਉ ਕਿਉਂਕਿ ਆਪਣੇ ਕੋਲ ਸਮਾਂ ਥੋੜ੍ਹਾ ਹੈ ਪਰ you are allowed.

**ਸਰਦਾਰ ਪਰਗਟ ਸਿੰਘ ਪੋਆਰ** : ਸੋ, ਉਸ ਤੋਂ ਬਾਅਦ ਸਾਲ-ਡੇਢ ਸਾਲ ਖਾਸ ਕਰਕੇ ਪੰਥਕ ਸਰਕਾਰ ਇਸ ਗੱਲ ਨੂੰ ਸੰਭਾਲਣ ਉਤੇ ਲੱਗੀ ਰਹੀ ਕਿ ਇਹ ਅਸੀਂ ਨਹੀਂ ਕੀਤਾ, ਕਿਸੇ ਨੇ ਕੀਤਾ ਹੈ। ਉਨ੍ਹਾਂ ਦਾ ਸਮਾਂ ਇਸ ਵਿੱਚ ਹੀ ਲੰਘ ਗਿਆ। ਇਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਆਈ। ਮੈ ਸਮਝਦਾ ਹਾਂ ਕਿ ਜਿਹੜੀ ਥੋੜ੍ਹੀ ਬਹੁਤ ਤਫਤੀਸ਼ ਚੱਲੀ, ਉਹ ਕਾਂਗਰਸ ਦੀ ਸਰਕਾਰ ਵਿੱਚ ਚੱਲੀ ਹੈ ਪਰ ਮੈਂ ਉਸ ਨਾਲ ਵੀ ਪੂਰਾ ਸੈਟਿਸਫਾਈ ਨਹੀਂ ਸੀ, ਸੱਚੀ ਗੱਲ ਤਾਂ ਇਹ ਹੈ। ਜਿੱਥੇ ਇਹ ਕੋਸ਼ਿਸ਼ ਹੋਈ ਹੈ ਉਥੇ ਖਾਸ ਕਰਕੇ ਜਿਹੜੇ ਕਾਂਗਰਸ ਸਰਕਾਰ ਦੇ ਆਖਰੀ ਤਿੰਨ ਮਹੀਨੇ ਸਨ, ਜਦੋਂ ਮੌੜ ਬਲਾਸਟ ਦੀਆਂ ਤਾਰਾਂ ਡੇਰਾ ਮੁੱਖੀ ਨਾਲ ਜੁੜੀਆਂ ਤਾਂ ਉਸ ਨੂੰ ਇਸ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ। ਮੈਂ ਇਸ ਕਰਕੇ ਕਹਿੰਦਾ ਹਾਂ ਕਿਉਂਕਿ ਅਸੀਂ ਬਹੁਤ heavy vocabulary ਵੀ ਵਰਤਦੇ ਹਾਂ, ਸਾਡਾ ਇਤਿਹਾਸ ਵੀ ਬੜਾ rich ਹੈ, ਸਾਡੀ ਸਿੱਖ ਕੌਮ ਨੇ, ਪੰਜਾਬ ਨੇ ਕੀ-ਕੀ ਕੀਤਾ ਹੈ, ਇਸ ਸਭ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ ਪਰ ਵਰਤਮਾਨ ਸਮਾਂ ਸਭ ਤੋਂ ਪਾਵਰਫੁੱਲ ਸਮਾਂ ਹੁੰਦਾ ਹੈ, ਜਿੱਥੇ ਆਪਾਂ ਬੈਠੇ ਹਾਂ। ਸਰਕਾਰਾਂ ਵਿੱਚ ਵੀ 5-7 ਬੰਦਿਆਂ ਨੂੰ ਹੀ ਪਤਾ ਹੁੰਦਾ ਹੈ ਕਿ actually ਸਰਕਾਰ ਕਰ ਕੀ ਰਹੀ ਹੈ। ਇੱਧਰ ਵਾਲੇ ਵੀ ਅਤੇ ਉਧਰ ਵਾਲੇ ਵੀ ਇਸ ਗੱਲ ਤੇ

ਸਹਿਮਤ ਹਨ ਕਿ ਜਿਹੜੀਆਂ ਬੇਅਦਬੀਆਂ ਹੋਈਆਂ ਹਨ, ਉਨ੍ਹਾਂ ਦੇ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਮੈਨੂੰ ਲੱਗਦਾ ਹੈ ਕਿ ਇਸ ਹਾਊਸ ਵਿੱਚ ਇਹੋ ਜਿਹਾ ਕੋਈ ਬੰਦਾ ਨਹੀਂ ਹੋਵੇਗਾ ਜਿਸ ਨੂੰ ਇਸ ਗੱਲ ਦਾ ਮਲਾਲ ਹੋਵੇਗਾ ਕਿ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲਣੀਆਂ ਚਾਹੀਦੀਆਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਮੈਂਬਰ ਆਪਣਾ ਹੱਥ ਖੜ੍ਹਾ ਕਰਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਸਰਦਾਰ ਪਰਗਟ ਸਿੰਘ ਪੋਆਰ** : ਸਰ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ? (ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਨੂੰ ਸੰਬੋਧਨ ਕਰਦੇ ਹੋਏ।)

**ਮਾਣਯੋਗ ਸਪੀਕਰ** : ਨਹੀਂ, ਨਹੀਂ। ਪਲੀਜ਼, ਤੁਸੀਂ ਆਪਣੀ ਗੱਲ ਕਰੋ।

**ਸਰਦਾਰ ਪਰਗਟ ਸਿੰਘ ਪੋਆਰ** : ਮੈਂ ਕਿਹਾ ਕਿ ਉਹ ਹੱਥ ਖੜ੍ਹਾ ਕਰ ਰਹੇ ਸਨ।

**ਮਾਣਯੋਗ ਸਪੀਕਰ** : ਕੋਈ ਗੱਲ ਨਹੀਂ।

**ਸਰਦਾਰ ਪਰਗਟ ਸਿੰਘ ਪੋਆਰ** : ਮੈਂ ਸਿਰਫ਼ ਇੰਨੀ ਕੁ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਸਾਲ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈ। ਪੋਸਟਰ ਬੁਆਏ, ਕੁੰਵਰ ਵਿਜੈ ਪ੍ਰਤਾਪ ਨੂੰ ਇਸ ਗੱਲ ਲਈ ਲਿਆਂਦਾ ਸੀ ਕਿ ਇਨ੍ਹਾਂ ਨੇ ਸਾਰੀ ਤਫਤੀਸ਼ ਕੀਤੀ ਹੈ ਅਤੇ ਅਸੀਂ 24 ਘੰਟਿਆਂ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਦੇ ਦੇਵਾਂਗੇ ਲੇਕਿਨ 2022 ਵਿੱਚ ਸੀ.ਐਮ. ਸਾਹਿਬ ਇਸ ਸਬੰਧ ਵਿੱਚ ਸਾਡੇ ਦੇਸ਼ ਦੇ ਹੋਮ ਮਨਿਸਟਰ ਸਾਹਿਬ ਨੂੰ ਮਿਲੇ ਅਤੇ ਉਨ੍ਹਾਂ ਦਾ ਟਵੀਟ ਆਇਆ ਤੇ ਇਹ ਅਖਬਾਰਾਂ ਵਿੱਚ ਵੀ ਆਇਆ ਕਿ ਉਹ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਹੋਮ ਮਨਿਸਟਰ ਸਾਹਿਬ ਨੂੰ ਮਿਲੇ ਹਨ। ਮੈਂ ਇੱਕੋ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਅਜਿਹੀਆਂ ਕਿਹੜੀਆਂ ਤਾਕਤਾਂ ਹਨ ਕਿ ਆਪਾਂ ਢਾਈ ਸਾਲਾਂ ਵਿੱਚ ਪ੍ਰਾਸੀਕਿਊਸ਼ਨ ਸੈਂਕਸ਼ਨ ਨਹੀਂ ਦੇ ਸਕੇ। ਸਪੀਕਰ ਸਾਹਿਬ, ਬੇਅਦਬੀਆਂ ਦੇ ਕੇਸ ਪੰਜਾਬ ਤੋਂ ਬਾਹਰ ਟ੍ਰਾਂਸਫਰ ਕਰ ਦਿੱਤੇ, ਇਸ ਵਾਸਤੇ ਤੁਹਾਡੀ ਸਰਕਾਰ ਤੇ ਆਪਾਂ ਇਹ ਦੋਸ਼ ਨਹੀਂ ਲਗਾ ਸਕਦੇ ਕਿ ਤੁਹਾਡੀ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਨੂੰ ਅੱਖੋਂ ਪਰੋਖੇ ਕੀਤਾ ਜਾਵੇ। ਸਪੀਕਰ ਸਾਹਿਬ, ਤੁਸੀਂ ਵੀ ਉੱਥੇ ਧਰਨੇ ਤੇ ਗਏ ਸੀ, ਤੁਸੀਂ ਕਿਹਾ ਸੀ ਕਿ ਅਸੀਂ ਇੱਕ ਮਹੀਨੇ ਵਿੱਚ ਇਹ ਸਾਰਾ ਕੁਝ ਨਿਬੇੜ ਦੇਣਾ ਹੈ, ਇਹ ਗੱਲ ਉਸ ਸਪਿਰਿਟ ਦੀ ਹੈ। ਹੁਣ ਇਸ ਦੀ ਬੈਕਗਰਾਊਂਡ ਵਿੱਚ ਕੌਣ ਬੰਦੇ ਹਨ ਤੇ ਕਿਹੜੀਆਂ ਤਾਕਤਾਂ ਹਨ? ਆਪਾਂ ਕਹਿੰਦੇ ਹਾਂ ਕਿ ਸਰਦਾਰ ਭਗਤ ਸਿੰਘ ਤਾਂ ਪੈਦਾ ਹੋਵੇ ਪਰ ਹੋਵੇ ਗੁਆਂਢੀ ਦੇ ਘਰ ਕਿਉਂਕਿ ਉਸ ਨੇ ਸਮੱਸਿਆਵਾਂ ਵੀ ਨਾਲ ਲੈ ਕੇ ਆਉਣੀਆਂ ਹਨ। ਅੱਜ ਜ਼ਰੂਰਤ ਕਿਸ ਗੱਲ ਦੀ ਹੈ? ਅੱਜ ਆਪਾਂ ਸਾਰੇ ਅਰਦਾਸ ਕਰਕੇ ਖੜ੍ਹੇ ਹੋਏ ਹਾਂ ਕਿ ਸੱਚ ਬੋਲਿਓ। ਪਿਛਲੀਆਂ ਸਰਕਾਰਾਂ ਵਿੱਚ ਬਹੁਤਿਆਂ ਨੇ ਇਸ ਮੁੱਦੇ ਤੇ ਪਾਲੀਟਿਕਸ ਕੀਤੀ ਹੈ, ਕਾਂਗਰਸ ਵਿੱਚ ਵੀ ਸਾਡੇ ਵਿੱਚ ਇੱਕ ਗਰੁੱਪ ਅਜਿਹਾ ਹੁੰਦਾ ਸੀ ਜਿਹੜਾ ਕਹਿੰਦਾ ਸੀ ਕਿ ਇਹ ਸਜ਼ਾ ਜ਼ਰੂਰ ਹੋਣੀ ਚਾਹੀਦੀ ਹੈ ਤੇ ਇੱਕ ਗਰੁੱਪ ਇਸ ਤਰ੍ਹਾਂ ਦਾ ਵੀ ਹੁੰਦਾ ਸੀ ਜਿਹੜਾ ਕਹਿੰਦਾ ਸੀ ਕਿ ਇਸ ਕੇਸ ਨੂੰ ਚੱਲਣ ਦਿਓ। ਇਹ ਰਿਐਲਿਟੀ ਹੈ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬੈਠੇ ਬੈਠੇ)**: ਕਿਹੜੇ ਕਿਹੜੇ ਬੰਦੇ ਸੀ? ਇਹ ਨਾਂ ਦੱਸਣ ਜੀ ਕਿ ਕਿਹੜੇ ਕਿਹੜੇ ਬੰਦੇ ਸਨ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਮੈਨੂੰ ਬੋਲ ਲੈਣ ਦਿਓ। ਮੈਂ ਜਿਹੜੀ ਗੱਲ ਦੱਸਣ ਲੱਗਿਆ ਹਾਂ।

**ਮਾਣਯੋਗ ਸਪੀਕਰ**: ਪਰਗਟ ਸਿੰਘ ਜੀ, ਇੱਕ ਮਿੰਟ। ਹਾਂ ਜੀ, ਸੁਖਾਨੰਦ ਜੀ, ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ** : ਮਾਣਯੋਗ ਸਪੀਕਰ ਸਾਹਿਬ, ਮੇਰੇ ਸਾਥੀ ਮੈਂਬਰ ਸਾਹਿਬ, ਸਰਦਾਰ ਪਰਗਟ ਸਿੰਘ ਜੀ ਹੁਣੇ ਹੀ ਬੋਲ ਰਹੇ ਸੀ ਕਿ ਇਨ੍ਹਾਂ ਦੀ ਪਾਰਟੀ ਵਿੱਚ ਪਿਛਲੇ ਸਮੇਂ ਵਿੱਚ ਦੋ ਗਰੁੱਪ ਸੀ। ਇੱਕ ਗਰੁੱਪ ਹੱਕ ਵਿੱਚ ਸੀ ਕਿ ਸਜ਼ਾਵਾਂ ਮਿਲਣ ਤੇ ਕੁਝ ਮੈਂਬਰ ਸਨ ਜਿਹੜੇ ਕਹਿੰਦੇ ਸੀ ਕਿ ਇਸ ਕੇਸ ਨੂੰ ਲੰਮਾ ਚਲਣ ਦਿਓ ਕਿ ਸਜ਼ਾਵਾਂ ਨਾ ਮਿਲਣ। ਮੈਂ ਇਸ ਪਵਿੱਤਰ ਸਦਨ ਵਿੱਚ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਸਰਦਾਰ ਪਰਗਟ ਸਿੰਘ ਜੀ ਕਾਂਗਰਸ ਦੀ ਪਿਛਲੀ ਸਰਕਾਰ ਦੇ ਉਨ੍ਹਾਂ ਸਾਥੀ ਮੈਂਬਰ ਸਾਹਿਬਾਨ ਦੇ ਨਾਂ ਇਹ ਸਦਨ ਵਿੱਚ ਦੱਸਣ, ਜਿਹੜੇ ਇਹ ਕਹਿੰਦੇ ਸੀ ਕਿ ਸਜ਼ਾਵਾਂ ਨੂੰ ਲੇਟ ਕਰੋ, ਡਿਲੇਅ ਕਰੋ, ਇੰਨੀ ਜਲਦੀ ਨਾ ਕਰੋ ਤਾਂ ਜੋ ਸਾਰੇ ਪੰਜਾਬ ਨੂੰ ਪਤਾ ਲੱਗੇ ਕਿ ਜਿਹੜੀਆਂ ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋਈਆਂ ਹਨ, ਉਨ੍ਹਾਂ ਵਾਸਤੇ ਇਨਸਾਫ ਮਿਲਣ ਵਿੱਚ ਡਿਲੇਅ ਕਰਨ ਵਾਲੇ ਕਿਹੜੇ ਕਿਹੜੇ ਦੋਸ਼ੀ ਸਨ।

**Mr. Speaker** : Thank you.

**ਸਰਦਾਰ ਪਰਗਟ ਸਿੰਘ ਪੋਆਰ** : ਸਰ, ਮੈਂ ਜਿਹੜੀ ਗੱਲ ਦੱਸਣ ਲੱਗਿਆ ਹਾਂ, ਉਹ ਇਹ ਹੈ ਕਿ ਬਹੁਤੇ ਬੰਦਿਆਂ ਨੇ ਇਸ ਉਤੇ ਪਾਲਿਟਿਕਸ ਕੀਤੀ ਹੈ, ਇਹ ਪਾਲਿਟਿਕਸ ਅੱਜ ਵੀ ਹੋ ਰਹੀ ਹੈ। ਕੱਲ੍ਹ ਅਜੇ ਸਾਨੂੰ ਬਿਲ ਮਿਲਿਆ ਨਹੀਂ ਸੀ ਤੇ ਆਮ ਆਦਮੀ ਪਾਰਟੀ ਦੇ ਆਈ.ਟੀ. ਸੈੱਲ ਨੇ ਬੇਅਦਬੀਆਂ ਦੀ........*(interruptions)*

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮੋਲਕ ਸਿੰਘ, ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ ਅਤੇ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਪਰਗਟ ਸਿੰਘ ਪੋਆਰ**: ਮੈਨੂੰ ਬੋਲ ਲੈਣ ਦਿਓ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਸਰਦਾਰ ਪਰਗਟ ਸਿੰਘ ਜੀ ਨੂੰ ਗੱਲ ਕਰਨ ਦਿਓ, ਤੁਸੀਂ ਬੈਠੋ, ਬੈਠੋ। ਸੁਖਾਨੰਦ ਜੀ, ਤੁਹਾਡੀ ਗੱਲ ਆ ਗਈ। ਪਲੀਜ਼, ਹੁਣ ਆਪਾਂ ਅੱਗੇ ਚੱਲੀਏ।

**ਸਰਦਾਰ ਪਰਗਟ ਸਿੰਘ ਪੋਆਰ** : ਸਰ, ਅੱਜ ਸਾਢੇ ਤਿੰਨ ਸਾਲ ਹੋ ਗਏ ਹਨ, ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਸਾਲ 2018 ਵਿੱਚ ਵੀ ਆਮ ਆਦਮੀ ਪਾਰਟੀ ਆਪੋਜ਼ੀਸ਼ਨ ਬੈਂਚਿਜ਼ ਉਤੇ ਬੈਠੀ ਸੀ ਤੇ ਆਪਾਂ ਯੂਨਾਨੀਮਸਲੀ ਕਾਨੂੰਨ ਪਾਸ ਕਰਕੇ ਭੇਜਿਆ ਸੀ, ਉਸ ਵਿੱਚ ਤੇ ਇਸ ਕਾਨੂੰਨ ਵਿੱਚ ਕੋਈ ਲੰਮਾ-ਚੌੜਾ ਫਰਕ ਨਹੀਂ ਹੈ। ਸਰ, ਜਿਹੜੀ ਹੋਮ ਮਨਿਸਟਰ ਨਾਲ ਚੀਫ ਮਨਿਸਟਰ ਸਾਹਿਬ ਦੀ ਗੱਲ ਹੋਈ ਹੈ, ਕੀ ਉਹ ਇਸ ਹਾਊਸ ਵਿੱਚ ਲਿਆਈ ਜਾ ਸਕਦੀ ਹੈ ਕਿ ਉਨ੍ਹਾਂ ਨੇ ਕੀ ਕਹਿ ਦਿੱਤਾ ਜੋ ਢਾਈ ਸਾਲ ਤੱਕ ਆਪਾਂ ਉਸ ਦੀ ਪ੍ਰੋਸੀਕਿਊਸ਼ਨ ਸੈਂਕਸ਼ਨ ਨਹੀਂ ਦੇ ਸਕੇ? ਸੱਚੀ ਗੱਲ ਇਹ ਹੈ ਕਿ ਆਪਾਂ ਸਾਰਿਆਂ ਨੇ ਇੱਥੋਂ ਚਲੇ ਜਾਣਾ ਹੈ।

**ਮਾਣਯੋਗ ਸਪੀਕਰ**: ਬਿਲ ਤੇ ਕਨਕਲੂਡ ਕਰ ਲਓ ਜੀ।

**ਸਰਦਾਰ ਪਰਗਟ ਸਿੰਘ ਪੋਆਰ:** ਸਪੀਕਰ ਸਾਹਿਬ, ਮੈਂ ਇੱਥੇ ਦੋ ਬੰਦਿਆਂ ਦਾ ਨਾਂ ਲੈਣਾ ਚਾਹੁੰਦਾ ਹਾਂ। ਇੱਕ ਪੁਲਿਸ ਅਫਸਰ ਆਰ.ਐਸ. ਖੱਟੜਾ, ਜਿਸ ਨੇ ਰਿਐਲਿਟੀ ਵਿੱਚ ਆਪਣਾ ਕਰਮ ਵੀ ਕੀਤਾ ਤੇ ਆਪਣਾ ਧਰਮ ਵੀ ਨਿਭਾਇਆ। ਮੈਨੂੰ ਜਿੰਨੀ ਕੁ ਗੱਲ ਸਮਝ ਆਉਂਦੀ ਹੈ, ਹੋ ਸਕਦਾ ਹੈ ਕਿ ਮੇਰੀ ਸਮਝ ਤੋਂ ਕੁਝ ਬਾਹਰ ਵੀ ਹੋਵੇ। ਇੱਕ ਸ੍ਰੀ ਗਗਨਪ੍ਰਦੀਪ ਸਿੰਘ ਬੱਲ ਐਡਵੋਕੇਟ ਹੈ। ਮੈਂ ਅਸਲੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਮੈਂ ਸ਼ੱਕ ਕਰਦਾ ਸੀ ਕਿ ਸਰਕਾਰਾਂ ਇੱਧਰ ਨੂੰ ਨਹੀਂ ਤੁਰ ਰਹੀਆਂ ਹਨ ਪਰ ਸ੍ਰੀ ਗਗਨਪ੍ਰਦੀਪ ਸਿੰਘ ਬੱਲ ਨੂੰ ਪ੍ਰਾਈਵੇਟ ਤੌਰ ਉਤੇ ਸਿੰਗਲ ਹੈਂਡਿਡਲੀ ਖੜ੍ਹਾ ਕੀਤਾ ਗਿਆ ਹੈ। ਸਪੀਕਰ ਸਾਹਿਬ, ਮੈਂ ਇਹ ਵੀ ਗੱਲ ਕਹੀ ਸੀ ਕਿ ਗਗਨ ਜੀ ਤੁਹਾਡੇ ਖਰਚੇ ਵਗੈਰਾ ਹੁੰਦੇ ਹਨ, ਤੁਹਾਡੀ ਟੀਮ ਹੈ, ਤੁਹਾਨੂੰ ਅਸੀਂ ਕੁਝ ਪੈਸੇ ਦੇ ਦਿੰਦੇ ਹਾਂ, ਉਹ ਅੱਗੋਂ ਕਹਿੰਦੇ ਕਿ ਜੇ ਤੁਹਾਡਾ ਗੁਰੂ ਹੈ ਤਾਂ ਸਾਡਾ ਵੀ ਗੁਰੂ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸਰਦਾਰ ਪਰਗਟ ਸਿੰਘ ਪੋਆਰ**: ਗੱਲ ਇਹ ਹੈ ਕਿ ਇੱਕ ਪਾਸੇ ਵਕੀਲਾਂ ਦੀ ਫੌਜ ਖੜ੍ਹੀ ਹੁੰਦੀ ਸੀ ਔਰ ਦੂਸਰੇ ਪਾਸੇ ਉਹ ਸਿੰਗਲ ਹੈਂਡਿਡਲੀ ਖੜ੍ਹਾ ਹੁੰਦਾ ਸੀ। ਮੈਂ ਤੁਹਾਨੂੰ ਸਿਰਫ ਇੰਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਵੀ ਉਹ ਬੰਦੇ ਇੱਥੇ ਅਵੇਲਏਬਲ ਹਨ। ਜੇ ਆਪਾਂ ਕਿਸੇ ਕੰਢੇ, ਕਿਸੇ ਸਿਰੇ ਲੱਗਣਾ ਹੈ ਤਾਂ ਉਨ੍ਹਾਂ ਦੋਵਾਂ ਨੂੰ ਬੁਲਾ ਕੇ ਪੁੱਛ ਲਵੋ ਕਿ ਹੋਇਆ ਕੀ ਹੈ? ਅੱਜ ਜ਼ਰੂਰਤ ਕਿਸ ਚੀਜ਼ ਦੀ ਹੈ? ਆਪਾਂ ਨੂੰ ਵੀ ਸਾਢੇ ਤਿੰਨ ਸਾਲ ਹੋ ਗਏ ਹਨ ਅਤੇ ਇਨ੍ਹਾਂ ਸਾਲਾਂ ਵਿੱਚ ਆਪਾਂ ਉਹ ਬਿਲ ਲੈ ਕੇ ਆਏ ਹਾਂ ਜਿਹੜਾ ਆਲਮੋਸਟ ਸਿਮੀਲਰ ਨੇਚਰ ਦਾ ਹੈ ਅਤੇ ਇਸ ਦਾ subsequently ਅੰਤ ਵੀ ਉੱਥੇ ਹੀ ਜਾ ਕੇ ਹੋਣਾ ਹੈ। ਸੋ, ਇਸ ਕਰਕੇ ਆਪਾਂ ਇਸ ਤੇ ਪਾਲਿਟਿਕਸ ਨਾ ਕਰੀਏ, ਉਹ ਵੀ ਨਹੀਂ ਰਹੇ, ਜਿਨ੍ਹਾਂ ਨੇ ਪਹਿਲਾਂ ਕੀਤੀ ਸੀ। ਤੁਹਾਨੂੰ ਇਹ ਵੀ ਦੱਸ ਦਿੰਦਾ ਹਾਂ ਕਿ ਸੋਸ਼ਲ ਮੀਡੀਆ ਜਾਂ ਮੀਡੀਆ ਨੂੰ ਤਾਂ ਆਪਾਂ ਕੰਟਰੋਲ ਕਰ ਸਕਦੇ ਹਾਂ ਪਰ ਉਸ ਗੁਰੂ ਦੀ ਕਚਹਿਰੀ ਨੂੰ ਆਪਾਂ ਕੰਟਰੋਲ ਨਹੀਂ ਕਰ ਸਕਦੇ। ਇਹ ਵੀ ਆਪਾਂ ਸਾਰਿਆਂ ਨੂੰ ਭੁਲੇਖਾ ਹੈ ਕਿ ਸ਼ਾਇਦ ਅਸੀਂ ਇੱਥੇ ਕੁਝ ਕਹਿ ਲਵਾਂਗੇ ਫਿਰ ਉਸ ਕੋਲ ਲਫਜ਼ਾਂ ਦੀ ਹੇਰ-ਫੇਰ ਕਰ ਲਵਾਂਗੇ। ਸੋ, ਮੇਰੀ ਤੁਹਾਨੂੰ ਬੇਨਤੀ ਹੈ ਕਿ ਜਿਹੜਾ ਸਵਾ ਕੁ ਸਾਲ ਰਹਿੰਦਾ ਹੈ, ਜੇਕਰ ਉਨ੍ਹਾਂ ਦੋ ਬੰਦਿਆਂ ਨੂੰ ਬੁਲਾ ਲਵੋ, ਜੇ ਮੈਨੂੰ ਵੀ ਨਾਲ ਸੱਦਣਾ ਪਿਆ ਤਾਂ ਭਾਵੇਂ ਸੀ.ਐੱਮ. ਸਾਹਿਬ ਨੂੰ ਕਹਿ ਦਿਉ ਕਿ ਮੈਨੂੰ ਨਾਲ ਸੱਦ ਲੈਣਾ। ਇਸ ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਦੀ ਆਬਾਦੀ ਲਈ ਜਿੱਥੇ ਅਸੀਂ ਇੰਨੀ ਵੱਡੀ vocabulary ਯੂਜ਼ ਕਰਦੇ ਹਾਂ ਕਿ ਸਾਡਾ ਇੰਨਾ ਵੱਡਾ ਇਤਿਹਾਸ ਹੈ ਅਤੇ ਉਸ ਵਿੱਚ ਅਸੀਂ ਵਰਤਮਾਨ ਤੌਰ ਤੇ ਕਰ ਕੀ ਰਹੇ ਹਾਂ, ਮੈਂ ਸਿਰਫ਼ ਇੰਨੀ ਬੇਨਤੀ ਕਰਨੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਜੇ ਤੁਸੀਂ ਦੋ ਨਾਵਾਂ ਦੇ ਨਾਲ ਨਾਲ ਦੂਜੇ ਨਾਮ ਵੀ ਦੱਸ ਦਿੰਦੇ ਜਿਹੜੇ ਨਹੀਂ ਕਰਵਾਉਣਾ ਚਾਹੁੰਦੇ ਸੀ ਤਾਂ ਬਹੁਤ ਚੰਗਾ ਹੁੰਦਾ ਜੀ। ਬਾਕੀ ਠੀਕ ਹੈ। ਹਾਂ ਜੀ, ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.)** : ਧੰਨਵਾਦ, ਸਪੀਕਰ ਸਾਹਿਬ, ਤੁਸੀਂ ਅੱਜ ਮੈਨੂੰ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਅੱਗੇ ਵੀ ਬਹੁਤ ਵਾਰੀ ਬੋਲਣ ਲਈ ਖੜ੍ਹਾ ਹੋਇਆ ਹਾਂ ਪਰ ਕਦੀ ਘਬਰਾਹਟ ਨਹੀਂ ਹੁੰਦੀ ਕਿ ਮੈਂ ਕੀ ਬੋਲਾਂ। ਅੱਜ ਪਹਿਲੀ

ਵਾਰੀ ਹੈ ਕਿ ਮੈਨੂੰ ਬੋਲਦੇ ਹੋਏ ਡਰ ਲੱਗ ਰਿਹਾ ਹੈ। ਸਰਦਾਰ ਭਗਵੰਤ ਸਿੰਘ ਮਾਨ ਸਾਹਿਬ, ਜਿਹੜੇ ਇਹ ਬਿਲ ਲੈ ਕੇ ਆਏ ਹਨ, ਜੋ ਉਹ ਦਿਲੋਂ ਚਾਹੁੰਦੇ ਹਨ ਕਿ ਪੰਜਾਬ ਦੇ ਅੰਦਰ ਕੋਈ ਵੀ ਆਦਮੀ ਕਿਸੇ ਵੀ ਧਾਰਮਿਕ ਗ੍ਰੰਥ ਦੀ ਕੋਈ ਬੇਅਦਬੀ ਨਾ ਕਰੇ ਅਤੇ ਜੇਕਰ ਬੇਅਦਬੀ ਹੁੰਦੀ ਹੈ ਤਾਂ ਕੋਈ ਵੀ ਆਦਮੀ ਉਸ ਤੇ ਸਿਆਸਤ ਨਾ ਕਰੇ। ਮੈਂ ਸਮਝਦਾ ਹਾਂ ਕਿ ਅੱਜ ਉਸ ਗੱਲ ਨੂੰ ਵਿਰਾਮ ਦੇਣ ਲਈ ਇਹ ਬਿਲ ਆਇਆ ਹੈ। ਸਰ, ਵੈਸੇ ਤਾਂ ਕਹਿੰਦੇ ਹਨ ਕਿ ਸਾਡਾ ਸੈਕੂਲਰ ਦੇਸ਼ ਹੈ, ਇੱਥੇ ਧਰਮ ਨਿਰਪੱਖ ਸੋਚ ਹੈ, ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਨੇ ਸੰਵਿਧਾਨ ਬਣਾਇਆ ਲੇਕਿਨ ਮੈਂ ਅੱਜ ਤੱਕ ਜੋ ਮਹਿਸੂਸ ਕਰਦਾ ਹਾਂ ਉਹ ਇਹ ਹੈ ਕਿ ਇੱਥੇ ਜਿੰਨੇ ਵੀ ਦੰਗੇ ਹੋਏ ਹਨ, ਉਹ ਧਰਮ ਦੇ ਨਾਮ ਤੇ ਹੀ ਹੋਏ ਹਨ। ਇਹ ਚੰਗੀ ਗੱਲ ਹੈ ਕਿ ਅੱਜ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਇਹ ਬਿਲ ਲੈ ਕੇ ਆਏ ਹਨ ਤਾਂ ਜੋ ਜਿਹੜੇ ਲੋਕ ਗਲਤ ਸੋਚ ਰੱਖਦੇ ਹਨ, ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾ ਸਕਣ। ਜੇਕਰ ਅੱਜ ਤੋਂ ਪਹਿਲਾਂ ਇਸ ਤਰ੍ਹਾਂ ਦੀ ਪ੍ਰੋਵੀਜ਼ਨ ਜਾਂ ਬਿਲ ਸਖਤੀ ਨਾਲ ਲਾਗੂ ਕੀਤੇ ਜਾਂਦੇ ਤਾਂ ਸ਼ਾਇਦ ਬਰਗਾੜੀ, ਬਹਿਬਲ ਕਲਾਂ, ਕੋਟਕਪੂਰਾ ਕਾਂਡ ਨਾ ਹੁੰਦੇ। ਸ਼ਾਇਦ ਅੱਜ ਇਸ ਬਿਲ ਤੋਂ ਬਾਅਦ ਸਾਡੇ ਵਿੱਚ sanctity ਵੱਧ ਜਾਵੇ ਕਿਉਂਕਿ ਜੋ ਇੱਥੇ ਬਲੂ ਸਟਾਰ ਅਪਰੇਸ਼ਨ ਹੋਇਆ, ਜਿਸ ਵਿੱਚ ਹਜ਼ਾਰਾਂ ਹੀ ਨੌਜਵਾਨ ਮਾਰੇ ਗਏ, ਜਾਨੀ ਨੁਕਸਾਨ ਤਾਂ ਹੋਇਆ ਹੀ ਪਰ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਉੱਤੇ ਵੀ ਖ਼ੂਨ ਡੁੱਲ੍ਹਿਆ, ਉੱਥੇ ਵੀ ਗੋਲੀਆਂ ਵੱਜੀਆਂ। ਬੜੀ ਹੈਰਾਨੀ ਹੈ ਕਿ ਗੁਰੂਆਂ ਨੂੰ ਮੰਨਣ ਵਾਲਾ ਇਹ ਸੂਬਾ ਹੋਵੇ ਅਤੇ ਅਜਿਹੇ ਕਾਂਡ ਤੋਂ ਬਾਅਦ ਕਿਸ ਦੀ ਸਰਕਾਰ ਬਣੀ? ਜਿਨ੍ਹਾਂ ਲੋਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਤੇ ਗੋਲੀਆਂ ਚਲਾਈਆਂ, ਖ਼ੂਨ ਡੋਲ੍ਹਿਆ, ਹਜ਼ਾਰਾਂ ਹੀ ਨੌਜਵਾਨ ਮਰਵਾਏ ਅਤੇ ਸਰਕਾਰ ਉਨ੍ਹਾਂ ਦੀ ਬਣ ਗਈ, ਜਿਨ੍ਹਾਂ ਨੇ ਇਹ ਕਾਰਾ ਕੀਤਾ ਸੀ। ਸਰ, ਜੇਕਰ ਅਸੀਂ ਇਤਿਹਾਸ ਤੇ ਝਾਤੀ ਮਾਰੀਏ, ਸਾਡੇ ਗੁਰੂਆਂ ਨੇ ਬੇਸ਼ੱਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੋਣ, ਬੇਸ਼ੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੋਣ, ਉਨ੍ਹਾਂ ਦੀ ਆਪਣੀ ਕੋਈ ਨਿੱਜੀ ਲੜਾਈ ਨਹੀਂ ਸੀ, ਉਹ ਸਾਨੂੰ ਅਧਿਆਤਮਕ, ਧਾਰਮਿਕ ਤੇ ਸਮਾਜਿਕ ਸੁਰੱਖਿਆ ਅਤੇ ਆਜ਼ਾਦੀ ਦੇਣੀ ਚਾਹੁੰਦੇ ਸੀ। ਇਸੇ ਵਾਸਤੇ ਉਨ੍ਹਾਂ ਨੇ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ ਪਰ ਅੱਜ ਬੜਾ ਅਫਸੋਸ ਹੈ ਕਿ ਜਿਸ ਧਰਮ ਵਿੱਚ ਅਸੀਂ ਵਿਸ਼ਵਾਸ ਰੱਖਦੇ ਹਾਂ, ਮੈਂ ਸਹਿਜਧਾਰੀ ਸਿੱਖ ਹਾਂ, ਮੈਨੂੰ ਐਸ.ਜੀ.ਪੀ.ਸੀ. ਵਿੱਚ ਵੋਟ ਪਾਉਣ ਦਾ ਅਧਿਕਾਰ ਨਹੀਂ ਹੈ ਪਰ ਜਦੋਂ ਵੀ ਅਸੀਂ ਕੋਈ ਖੁਸ਼ੀ-ਗਮੀ ਦਾ ਫੰਕਸ਼ਨ ਕਰਦੇ ਹਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰੇ ਮਾਣ-ਸਨਮਾਨ ਨਾਲ ਘਰ ਲੈ ਕੇ ਆਉਂਦੇ ਹਾਂ। ਓਨਾ ਹੀ ਮਾਣ-ਸਨਮਾਨ ਦਿੰਦੇ ਹਾਂ, ਜਿੰਨਾ ਇੱਕ ਪੂਰਨ ਸਿੱਖ ਦਿੰਦਾ ਹੈ, ਉਸ ਮੁਤਾਬਿਕ ਹੀ ਚੱਲਦੇ ਹਾਂ ਪਰ ਅੱਜ ਬੜਾ ਅਫਸੋਸ ਹੋਇਆ ਹੈ ਕਿ ਅਸੀਂ ਆਪਣੇ ਧਰਮ ਦੇ ਗੁਰੂ ਨੂੰ ਤਾਂ ਗੁਰੂ ਮੰਨਦੇ ਹਾਂ ਪਰੰਤੂ ਅਸੀਂ ਦੂਜਿਆਂ ਦੇ ਗੁਰੂ ਨੂੰ ਗੁਰੂ ਨਹੀਂ ਮੰਨਦੇ। ਲੜਾਈ ਦੀ ਜੜ੍ਹ ਕੀ ਹੈ? ਜੇਕਰ ਕੁਰਾਨ ਸ਼ਰੀਫ ਦੀ ਬੇਅਦਬੀ ਹੋ ਜਾਵੇ ਤਾਂ ਅਸੀਂ ਕਹਿੰਦੇ ਹਾਂ ਕਿ ਕੋਈ ਗੱਲ ਨਹੀਂ। ਜੇਕਰ ਬਾਈਬਲ ਦੀ ਬੇਅਦਬੀ ਹੋ ਜਾਵੇ ਤਾਂ ਕਹਿੰਦੇ ਹਾਂ ਕਿ ਕੋਈ ਗੱਲ ਨਹੀਂ। ਗੁਰੂ ਰਵਿਦਾਸ ਨਾਮਲੇਵਾ ਸੰਗਤ ਬਹੁਤ ਜ਼ਿਆਦਾ ਹੈ ਅਤੇ ਇਸ ਸਦਨ ਵਿੱਚ ਵੀ ਉਨ੍ਹਾਂ ਦੇ ਅਨੁਯਾਈ ਮੈਂਬਰ ਹਨ। ਅੱਜ ਸਦਨ ਵਿੱਚ ਭਗਤ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਨੂੰ ਪੋਥੀਆਂ ਕਹਿ ਦਿੱਤਾ ਗਿਆ ਹੈ। ਕੀ ਇਹ ਬੇਅਦਬੀ ਨਹੀਂ ਹੈ? ਸਰ, ਇਹ ਕਾਰਨ ਹਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਚੀਮਾ ਜੀ।

**ਵਿੱਤ ਮੰਤਰੀ** : ਤੁਸੀਂ ਕਿਸ ਮੈਂਬਰ ਸਾਹਿਬ ਦੀ ਗੱਲ ਕਰ ਰਹੇ ਹੋ, ਜਿਨ੍ਹਾਂ ਨੇ ਗੁਰੂ ਰਵਿਦਾਸ ਜੀ ਬਾਰੇ ਕਿਹਾ ਹੈ। ਉਹ ਮੈਂਬਰ ਸਾਹਿਬਾਨ ਕੌਣ ਹਨ? ਮੈਂ ਥੋੜ੍ਹਾ ਬਾਹਰ ਚਲਾ ਗਿਆ ਸੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਅੱਜ ਖਹਿਰਾ ਸਾਹਿਬ ਨੇ ਵੀ ਗੱਲ ਕੀਤੀ। ਮੈਂ ਕਿਸੇ ਨੂੰ ਪੁਆਇੰਟ ਆਊਟ ਨਹੀਂ ਕਰਨਾ ਚਾਹੁੰਦਾ ਹਾਂ। ਕਿਸੇ ਦੀ ਲੜਾਈ ਕਿਸੇ ਨਾਲ ਹੋ ਸਕਦੀ ਹੈ ਪਰ ਜੇਕਰ ਕੋਈ ਸਾਨੂੰ ਇਹ ਕਹੇ ਕਿ ਤੁਹਾਡੇ ਗੁਰੂ ਦੀ ਬਾਣੀ ਪੋਥੀ ਹੈ ਤਾਂ ਇਹ ਸਹੀ ਨਹੀਂ ਹੈ। ਆਪਾਂ ਸੈਕੂਲਰ ਹਾਂ।

**ਮਾਣਯੋਗ ਸਪੀਕਰ** : ਇੱਕ ਮਿੰਟ ਜੀ। ਮੈਂ ਤੁਹਾਨੂੰ ਗੱਲ ਦੱਸਦਾ ਹਾਂ। ਜਦੋਂ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦੇ ਹਾਂ ਜਾਂ ਅਸੀਂ ਜਿਹੜੇ ਜਿਹੜੇ ਮਹਾਂਪੁਰਸ਼ਾਂ ਦੀ ਬਾਣੀ ਪੜ੍ਹਦੇ ਹਾਂ ਤਾਂ ਉਨ੍ਹਾਂ ਨੂੰ ਗੁਰੂ ਮੰਨ ਕੇ ਹੀ ਨਤਮਸਤਕ ਹੁੰਦੇ ਹਾਂ। ਸੋ, ਇਹ ਰਾਜਨੀਤਕ ਗੱਲਾਂ ਹਨ, ਪਾੜਾ ਪਾਉਣ ਦੀਆਂ ਗੱਲਾਂ ਹਨ। ਸਿੱਖ ਧਰਮ ਅਤੇ ਸਿੱਖ ਪੰਥ ਨੂੰ ਕਮਜ਼ੋਰ ਕਰਨ ਵਾਲੀਆਂ ਸਾਜ਼ਿਸ਼ਾਂ ਤੋਂ ਬਚਣਾ ਚਾਹੀਦਾ ਹੈ। ਜਿੱਥੇ ਸਿੱਖ ਆ ਗਿਆ ਤਾਂ ਉਹ ਜਿੱਥੇ ਸਿੱਖ ਧਰਮ ਨੂੰ ਬੁਲਾਉਂਦਾ ਹੈ, ਉੱਥੇ ਉਹ ਸਾਰੇ ਧਰਮਾਂ ਨੂੰ ਬੁਲਾਉਂਦਾ ਹੈ। ਮੈਂ ਡਰ ਕੇ ਗੱਲ ਕਰ ਰਿਹਾ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜਾਗਤ ਜੋਤ ਹਨ। ਉਨ੍ਹਾਂ ਦਾ ਸਾਨੂੰ ਇਹ ਹੁਕਮ ਹੈ -

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥

ਸਾਡੇ ਵਾਸਤੇ ਸਾਰੇ ਹੀ ਸਤਿਕਾਰਯੋਗ ਹਨ। ਅੰਤਾਂ ਦੇ ਸਤਿਕਾਰਯੋਗ ਹਨ। ਪਲੀਜ਼, ਅੱਗੇ ਚੱਲੋ। ਸੋ, ਇਸ ਤਰ੍ਹਾਂ ਦੀ ਗੱਲ ਨਾ ਕਰੀਏ ਤਾਂ ਚੰਗਾ ਹੈ। ਪਲੀਜ਼, ਸਾਰੇ ਹੀ ਸਤਿਕਾਰਯੋਗ ਹਨ। ਹਾਂ ਜੀ, ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਪੀਕਰ ਸਾਹਿਬ, ਜਿਹੜੀ ਸੋਚ ਤੁਸੀਂ ਰੱਖਦੇ ਹੋ, ਜੇਕਰ ਇਹੀ ਸੋਚ ਸਾਡੇ ਸਾਰਿਆਂ ਵਿੱਚ ਆ ਜਾਵੇ ਤਾਂ ਅੱਜ ਇਹ ਬਿਲ ਹੀ ਨਾ ਆਉਂਦਾ। ਅੱਜ ਇਸ ਬਿਲ ਤੇ ਡਿਸਕਸ਼ਨ ਹੋ ਰਹੀ ਹੈ ਪਰ ਫਿਰ ਵੀ ਅਸੀਂ ਇੱਕ ਦੂਜੇ ਨੂੰ ਉੱਚਾ-ਨੀਵਾਂ ਬੋਲ ਰਹੇ ਹਾਂ। ਇੱਕ-ਦੂਜੇ ਦੇ ਗੁਰੂ ਨੂੰ ਛੋਟਾ-ਵੱਡਾ ਕਹਿ ਰਹੇ ਹਾਂ। ਇੱਥੇ ਹੀ ਗੱਲ ਹੋਈ ਹੈ, ਜੇਕਰ ਮੈਂ ਸੁਣੀ ਹੈ ਤਾਂ ਫਿਰ ਬਾਕੀਆਂ ਨੇ ਵੀ ਸੁਣੀ ਹੋਵੇਗੀ। ਇਹ ਨਹੀਂ ਹੋਣਾ ਚਾਹੀਦਾ। ਸੋ, ਮੈਂ ਇਹ ਬੇਨਤੀ ਕਰਦਾ ਹਾਂ ਕਿ ਜਦੋਂ ਅਸੀਂ ਪੱਥਰ ਦੀ ਮੂਰਤੀ ਦੀ ਪ੍ਰਾਣ-ਪ੍ਰਤਿਸ਼ਠਾ ਕਰਵਾ ਦਿੰਦੇ ਹਾਂ ਤਾਂ ਉਹ ਸਾਡੇ ਲਈ ਰੱਬ ਬਣ ਜਾਂਦੀ ਹੈ, ਅਸੀਂ ਉਨ੍ਹਾਂ ਨੂੰ ਹੀ ਪੂਜਦੇ ਹਾਂ। ਮੇਰੇ ਲਈ ਬਾਬਾ ਸਾਹਿਬ ਅੰਬੇਦਕਰ ਜੀ ਮੇਰੇ ਗੁਰੂ ਬਰਾਬਰ ਹਨ। ਉਨ੍ਹਾਂ ਦੀ ਬਦੌਲਤ ਹੀ ਮੈਂ ਇੱਥੇ ਆਇਆ ਹਾਂ। ਜਿਹੜੇ ਗੁਰਪਤਵੰਤ ਸਿੰਘ ਵਰਗੇ ਬਾਹਰ ਬੈਠੇ ਹਨ, ਉਹ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਸਿਰਫ ਦਲਿਤ ਤੱਕ ਹੀ ਸੀਮਿਤ ਸਮਝਦੇ ਹਨ ਪਰ ਉਨ੍ਹਾਂ ਦਾ ਯੋਗਦਾਨ ਤਾਂ ਪੂਰੇ ਦੇਸ਼ ਲਈ ਹੈ। ਉਨ੍ਹਾਂ ਦੇ ਯੋਗਦਾਨ ਨੂੰ ਅੱਜ ਭੁਲਾ ਦਿੱਤਾ ਗਿਆ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ, ਜਿਨ੍ਹਾਂ ਨੇ ਸਾਨੂੰ ਅਜ਼ਾਦੀ ਲੈ ਕੇ ਦਿੱਤੀ, ਉਨ੍ਹਾਂ ਨੂੰ ਵੀ ਸਰਦਾਰ ਸਿਮਰਨਜੀਤ ਸਿੰਘ ਮਾਨ ਵਰਗੇ ਅੱਤਵਾਦੀ ਕਹਿ ਦਿੰਦੇ ਹਨ। ਜਿੰਨਾ ਚਿਰ ਸਾਡੇ ਵਿੱਚ ਸੈਂਸਟੇਵਿਟੀ ਨਹੀਂ ਆਉਂਦੀ, ਉਨਾ ਚਿਰ ਇਹ ਨਹੀਂ ਹੋ ਸਕੇਗਾ ਕਿ ਅਸੀਂ ਗਲਤ ਲੋਕਾਂ ਨੂੰ ਸਜ਼ਾਵਾਂ ਦਿਵਾਈਏ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਨਾਇਕ ਹਨ, ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਇੱਥੇ ਪਹੁੰਚੇ ਹਾਂ, ਉਨ੍ਹਾਂ ਨੂੰ ਵੀ ਬੇਅਦਬੀ ਵਾਲੇ ਬਿਲ ਵਿੱਚ ਸ਼ਾਮਿਲ ਕੀਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਹਾਂ ਜੀ, ਸ੍ਰੀ ਅਮਨ ਅਰੋੜਾ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ) :** ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਬਹੁਤ ਹੀ ਇੰਪਾਰਟੈਂਟ ਇਸ਼ੂ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਬਹੁਤ ਲੰਮੇ ਸਮੇਂ ਤੋਂ ਪੰਜਾਬ ਇਸ ਤ੍ਰਾਸਦੀ ਵਿੱਚੋਂ ਗੁਜ਼ਰਦਾ ਰਿਹਾ ਹੈ। ਵੈਸੇ ਤਾਂ ਹਰ ਮਨੁੱਖ ਦੀ ਆਪਣੀ ਜ਼ਿੰਮੇਵਾਰੀ ਹੈ ਅਤੇ ਸਾਨੂੰ ਵਿਰਸੇ ਵਿੱਚ ਵੀ ਇਹੀ ਮਿਲਿਆ ਹੈ ਕਿ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰੋ। ਜਿੱਥੇ ਸਾਨੂੰ ਇਹ ਸਭ ਕੁਝ ਸਾਂਭਣ ਦੀ ਲੋੜ ਹੈ, ਉਥੇ ਸਾਡੀ ਇਹ ਜ਼ਿੰਮੇਵਾਰੀ ਵੀ ਹੈ ਕਿਉਂਕਿ ਪੰਜਾਬ ਨੇ ਉਹ ਕਾਲਾ ਦੌਰ ਦੇਖਿਆ ਹੈ ਜਦੋਂ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਜਦੋਂ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਹੁੰਦੀ ਹੈ ਤਾਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰੀ ਜਾਂਦੀ ਹੈ। ਸਪੀਕਰ ਸਾਹਿਬ, ਅੱਜ ਤੋਂ 10 ਸਾਲ ਪਹਿਲਾਂ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ, ਉਦੋਂ ਪੂਰੇ ਪੰਜਾਬ ਵਿੱਚ ਜੋ ਮਾਹੌਲ ਬਣਿਆ ਸੀ, ਉਸ ਨੂੰ ਦੇਖਦੇ ਹੋਏ ਇਹ ਬਿਲ ਪੰਜਾਬ ਵਿੱਚ ਲਿਆਉਣ ਦੀ ਲੋੜ ਪਈ ਹੈ। ਜੇਕਰ ਇਸ ਬਿਲ ਨੂੰ ਮੈਂ ਬਰੀਫ ਕਰਾਂ ਤਾਂ ਇਸ ਵਿੱਚ ਸਜ਼ਾ 10 ਸਾਲ ਤੋਂ ਵਧਾ ਕੇ ਉਮਰ ਕੈਦ ਤੱਕ ਕਰ ਦਿੱਤੀ ਗਈ ਹੈ। ਜਿਹੜੇ ਇਸ ਤਰ੍ਹਾਂ ਦੀ ਬੇਅਦਬੀ ਨੂੰ ਇੰਸਟੀਗੇਟ ਕਰਨਗੇ, ਇੰਸਪਾਇਰ ਕਰਨਗੇ ਅਤੇ ਜਿਹੜੇ ਕੌਂਸਪਾਇਰ ਕਰਨਗੇ, ਉਹ ਸਾਰੇ ਇਸ ਵਿੱਚ ਇਨਕਲੂਡ ਕੀਤੇ ਗਏ ਹਨ ਕਿਉਂਕਿ ਆਪਾਂ ਬਹੁਤ ਵਾਰੀ ਇਹੀ ਦੇਖਿਆ ਹੈ ਕਿ ਪਲਾਨ ਕੋਈ ਹੋਰ ਬੰਦਾ ਕਰਦਾ ਹੈ, ਕਾਂਸਪੀਰੇਸੀ ਕੋਈ ਹੋਰ ਕਰਦਾ ਹੈ, ਕਰਵਾਉਂਦਾ ਕਿਸੇ ਹੋਰ ਤੋਂ ਹੈ ਅਤੇ ਅਸਲੀ ਕਲਪਰਿਟ ਤੱਕ ਕਾਨੂੰਨ ਪਹੁੰਚਦਾ ਹੀ ਨਹੀਂ ਹੈ। ਇਸ ਵਿੱਚ ਉਹ ਸਾਰੀਆਂ ਚੀਜ਼ਾਂ ਇਨਕਲੂਡ ਕੀਤੀਆਂ ਗਈਆਂ ਹਨ ਅਤੇ ਇਸ ਵਾਸਤੇ ਸਪੈਸ਼ਲ ਕੋਰਟਸ ਬਣਨਗੀਆਂ। ਮੇਰੇ ਖਿਆਲ ਨਾਲ ਇਸ ਵਿੱਚ ਜਿੰਨੀਆਂ ਵੀ ਮੱਦਾਂ ਹਨ, ਸਾਰੇ ਮੈਂਬਰਾਂ ਨੇ ਪੜ੍ਹ ਲਈਆਂ ਹੋਣਗੀਆਂ। ਮੇਰੇ ਸਤਿਕਾਰਯੋਗ ਸਾਥੀਆਂ ਨੇ, ਆਪੋਜ਼ੀਸ਼ਨ ਦੇ ਵੀਰਾਂ ਨੇ ਗੱਲ ਕੀਤੀ ਹੈ ਕਿ ਇਹ ਬਿਲ ਪਹਿਲਾਂ ਵੀ ਦੋ ਵਾਰੀ ਆਇਆ ਹੈ। ਸਰ, ਜਦੋਂ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ, ਉਦੋਂ ਵੀ ਅਕਾਲੀ-ਭਾਜਪਾ ਸਰਕਾਰ ਵੱਲੋਂ ਇਹ ਬਿਲ ਬਣਾ ਕੇ ਕੇਂਦਰ ਨੂੰ ਭੇਜਿਆ ਗਿਆ ਸੀ ਕਿ ਜੇਕਰ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰੇਗਾ ਤਾਂ ਉਸ ਨੂੰ ਵੱਧ ਸਜ਼ਾਵਾਂ ਹੋਣਗੀਆਂ। ਕੇਂਦਰ ਨੇ ਇਹ ਕਹਿ ਕੇ ਬਿਲ ਮੋੜ ਦਿੱਤਾ ਸੀ ਕਿ ਜਿਹੜਾ ਬਿਲ ਬਣਾਇਆ ਹੈ, ਉਸ ਵਿੱਚ ਸਿਰਫ ਤੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ ਦਰਜ ਹੈ। ਤੁਸੀਂ ਇਸ ਵਿੱਚ ਸਿਰਫ ਇੱਕ ਧਰਮ ਨੂੰ ਅਤੇ ਇੱਕ ਗ੍ਰੰਥ ਨੂੰ ਇਨਕਲੂਡ ਨਹੀਂ ਕਰ ਸਕਦੇ। ਸਾਲ 2018 ਵਿੱਚ ਪਿਛਲੀ ਸਰਕਾਰ ਵੇਲੇ ਵੀ ਆਈ.ਪੀ.ਸੀ. ਦੀ ਧਾਰਾ 295 ਵਿੱਚ ਇਸ ਬਿਲ ਦੀ ਇੱਕ ਅਮੈਂਡਮੈਂਟ ਕਰਕੇ ਸੈਂਟਰ ਵਿੱਚ ਭੇਜਿਆ ਗਿਆ ਪਰ ਉਹ ਅਮੈਂਡਮੈਂਟ ਸਿਰਫ ਆਈ.ਪੀ.ਸੀ. 295 ਦੀ ਇੱਕ ਪ੍ਰੋਵੀਜ਼ਨ ਹੀ ਸੀ। ਇਸ ਲਈ ਉਦੋਂ ਇਹ ਬਿਲ ਉੱਥੇ ਲੰਮਾ ਸਮਾਂ ਪਿਆ ਰਿਹਾ ਪਰ ਕਿਸੇ ਨੇ ਵੀ ਫਾਲੋ-ਅੱਪ ਨਹੀਂ ਕੀਤਾ। ਉਦੋਂ ਵੀ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ। ਹੁਣ ਜਦੋਂ ਦੁਬਾਰਾ ਫਾਲੋ-ਅੱਪ ਕੀਤਾ ਗਿਆ ਤਾਂ ਉਨ੍ਹਾਂ ਵੱਲੋਂ ਕਿਹਾ ਗਿਆ ਕਿ ਹੁਣ ਆਈ.ਪੀ.ਸੀ. ਖਤਮ ਹੋ ਗਈ ਅਤੇ ਹੁਣ ਬੀ.ਐਨ.ਐਸ. ਆ ਚੁੱਕਿਆ ਹੈ, ਇਸ ਕਰਕੇ ਨਵਾਂ ਬਿਲ ਲੈ ਕੇ ਆਓ। ਇਸ ਲਈ ਅੱਜ ਇਹ ਬਿਲ ਲਿਆਉਣ ਦੀ ਲੋੜ ਪਈ ਹੈ। ਸਰ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ ਭਾਵਨਾਵਾਂ ਦਾ ਬਹੁਤ ਖਿਆਲ ਰੱਖਿਆ ਗਿਆ ਹੈ। ਮੈਂ ਇਸ ਸਬੰਧੀ ਇੱਕ ਉਦਾਹਰਣ ਦੇ ਦਿੰਦਾ ਹਾਂ। ਅਸੀਂ ਸਾਰੇ ਧਰਮਾਂ ਨੂੰ ਅਤੇ ਸਾਰੇ ਗ੍ਰੰਥਾਂ ਨੂੰ ਬਹੁਤ ਸਤਿਕਾਰਤ ਮੰਨਦੇ ਹਾਂ, ਉਨ੍ਹਾਂ ਦਾ ਸਤਿਕਾਰ ਕਰਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਸੀਂ ਲਿਵਿੰਗ ਗੁਰੂ ਮੰਨਦੇ ਹਾਂ। ਇੱਥੋਂ ਤੱਕ ਵੀ ਧਿਆਨ ਰੱਖਿਆ ਗਿਆ ਹੈ ਕਿ ਜੇਕਰ ਕਦੇ ਕਿਤੇ ਬੇਅਦਬੀ ਹੋ ਜਾਂਦੀ ਹੈ ਤਾਂ ਜਿਹੜੇ ਅੰਗ ਹੋਣਗੇ, ਜਿਹੜੇ ਪੱਤਰੇ ਹੋਣਗੇ ਜਾਂ ਜਿਹੜਾ ਵੀ ਐਵੀਡੈਂਸ ਹੋਵੇਗਾ, ਉਹ ਸਰਕਾਰ ਦੇ ਮਾਲਖਾਨਿਆਂ ਵਿੱਚ ਨਹੀਂ ਰੁਲੇਗਾ। ਉਸ ਦੀ ਜੁਡੀਸ਼ੀਅਲ ਮੈਜਿਸਟ੍ਰੇਟ ਇੱਕ ਵਾਰੀ ਵੀਡੀਓਗ੍ਰਾਫੀ ਕਰੇਗਾ ਅਤੇ ਬਾਅਦ ਵਿੱਚ ਉਸ ਧਰਮ ਨੂੰ ਸੰਭਾਲ ਦਿੱਤਾ ਜਾਵੇਗਾ ਕਿ ਤੁਸੀਂ ਆਪਣੇ ਰੀਤੀ ਰਿਵਾਜ ਮੁਤਾਬਿਕ ਇਨ੍ਹਾਂ ਦੀ ਸੰਭਾਲ ਕਰੋ। (ਥੰਪਿੰਗ) ਇੰਨੀ

ਡਿਟੇਲਿੰਗ ਵਿੱਚ ਸਾਰੇ ਧਰਮਾਂ ਨੂੰ, ਸਾਰੇ ਗ੍ਰੰਥਾਂ ਨੂੰ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਸ੍ਰੀਮਦ ਭਗਵਤ ਗੀਤਾ ਨੂੰ, ਕੁਰਾਨ ਸ਼ਰੀਫ ਜੀ ਨੂੰ ਅਤੇ ਬਾਈਬਲ ਨੂੰ ਇਸ ਵਿੱਚ ਇਨਕਲੂਡ ਕੀਤਾ ਗਿਆ ਹੈ। ਮੈਂ ਅੱਜ ਵੀ ਹਾਊਸ ਵਿੱਚ ਸੁਣ ਰਿਹਾ ਸੀ ਕਿ ਪੁਲੀਟੀਕਲ ਇਲਜ਼ਾਮ ਤਰਾਸ਼ੀ ਚੱਲ ਰਹੀ ਹੈ। ਮੇਰੇ ਬਹੁਤ ਹੀ ਸਤਿਕਾਰਯੋਗ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਨੇ ਗੱਲ ਕੀਤੀ ਹੈ ਕਿ ਅਜਿਹੇ ਮਾਮਲਿਆਂ ਦੀ ਜਾਂਚ ਟਾਈਮ ਬਾਊਂਡ ਹੋਣੀ ਚਾਹੀਦੀ ਹੈ। ਬਾਜਵਾ ਸਾਹਿਬ, ਮੈਨੂੰ ਲੱਗਦਾ ਹੈ ਕਿ ਤੁਸੀਂ ਬਿਲ ਚੰਗੀ ਤਰ੍ਹਾਂ ਪੜ੍ਹਿਆ ਨਹੀਂ ਹੋਣਾ। ਇਸ ਵਿੱਚ ਕਲਾਜ਼ 7 ਦੀ ਸਬ-ਕਲਾਜ਼ 2 ਪੜ੍ਹੋ, ਜਿਸ ਵਿੱਚ ਕਲੀਅਰਲੀ ਮੈਨਸ਼ਨਡ ਹੈ ਕਿ 60 ਦਿਨਾਂ ਦੇ ਵਿੱਚ ਵਿੱਚ ਮਤਲਬ 2 ਮਹੀਨਿਆਂ ਦੇ ਅੰਦਰ ਡੀ.ਐਸ.ਪੀ. ਲੈਵਲ ਦਾ ਅਫਸਰ ਆਪਣੀ ਇਨਕੁਆਰੀ ਨੂੰ ਕੰਪਲੀਟ ਕਰੇਗਾ ਅਤੇ ਸਪੈਸ਼ਲ ਕੋਰਟ ਵਿੱਚ ਸੈਸ਼ਨਜ਼ ਜੱਜ ਕੋਲ ਚਲਾਨ ਪੇਸ਼ ਕਰੇਗਾ। (ਥੰਪਿੰਗ) ਇਸ ਤੋਂ ਅੱਗੇ ਕਲਾਜ਼ 7 ਦੀ ਸਬ-ਸੈਕਸ਼ਨ 2 ਦੀ ਗੱਲ ਕਰਾਂਗਾ। (ਵਿਘਨ)(ਸ਼ੋਰ)

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਇਸ ਬਿਲ ਵਿੱਚ ਸਬ-ਸੈਕਸ਼ਨ 2 ਨਹੀਂ ਹੈ। ਜਿਹੜਾ ਬਿਲ ਸਾਨੂੰ ਵਿਧਾਨ ਸਭਾ ਵੱਲੋਂ ਦਿੱਤਾ ਗਿਆ ਹੈ, ਉਸ ਵਿੱਚ ਸਬ-ਸੈਕਸ਼ਨ 2 ਨਹੀਂ ਹੈ। ਕੀ ਇਹ ਵੱਖਰੇ-ਵੱਖਰੇ ਬਿਲ ਹਨ?

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਨਹੀਂ ਜੀ, ਇਹ ਕੋਈ ਦੋ ਬਿਲ ਨਹੀਂ ਹਨ, ਇਹ ਸੇਮ ਹੀ ਹਨ। ਤੁਸੀਂ ਪੜ੍ਹ ਲੈਣਾ, ਤਸੱਲੀ ਕਰ ਲੈਣਾ। (ਵਿਘਨ)(ਸ਼ੋਰ) ਇੱਕ ਮਿੰਟ brother, ਤੁਸੀਂ ਪੜ੍ਹ ਲੈਣਾ। Let me complete. ਜੋ ਇਨਵੈਸਟੀਗੇਸ਼ਨ ਡੀ.ਐਸ.ਪੀ. ਨੇ ਕਰਨੀ ਹੈ, ਇਹ within 60 days ਵਿੱਚ ਕੰਪਲੀਟ ਹੋਵੇਗੀ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਜਿਹੜਾ ਬਿਲ ਇਸ ਪਵਿੱਤਰ ਸਦਨ ਵਿੱਚ ਆਇਆ ਹੈ, ਉਸ ਵਿੱਚ ਸਬ-ਸੈਕਸ਼ਨ 2 ਨਹੀਂ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਸਰ, I will place on record.

**Shri Avtar Singh Junior** : You can't. Council of Ministers can only place.

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਜਿਹੜੀ ਆਨਰੇਬਲ ਮੈਂਬਰ ਸਾਹਿਬ ਨੇ ਗੱਲ ਕਹੀ ਹੈ, ਮੈਂ ਸੁਝਾਅ ਦਿੰਦਾ ਹਾਂ ਕਿ ਮੈਕਸੀਮਮ 30 ਦਿਨਾਂ ਵਿੱਚ ਇਸ ਮੇਜਰ ਕ੍ਰਾਈਮ ਦੀ ਇਨਵੈਸਟੀਗੇਸ਼ਨ ਓਵਰ ਹੋਣੀ ਚਾਹੀਦੀ ਹੈ, ਜੇ 15 ਦਿਨ ਐਕਸਟਰਾ ਲੈਣੇ ਹਨ ਤਾਂ ਉਹ ਐਸ.ਐਸ.ਪੀ. ਦੇਵੇਗਾ, ਜੇ ਉਸ ਤੋਂ ਅੱਗੇ 15 ਦਿਨ ਐਕਸਟਰਾ ਲੈਣੇ ਹਨ ਤਾਂ ਡੀ.ਜੀ.ਪੀ. ਦੇਵੇਗਾ।

**Good Governance and Information Technology Minister:** Point well taken. ਸਰ, ਦੂਸਰੀ ਗੱਲ ਬਾਜਵਾ ਸਾਹਿਬ ਜੀ ਨੇ ਕੀਤੀ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਵਿੰਗ ਗੁਰੂ ਮੰਨਦੇ ਹਾਂ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਲਿਵਿੰਗ ਗੁਰੂ ਵਰਡ ਐਡ ਹੋਣਾ ਚਾਹੀਦਾ ਸੀ। I am not a legal person ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਸਾਲ 2016 ਵਿੱਚ ਜਿਹੜਾ ਬਿਲ ਪਾਸ ਹੋਇਆ ਸੀ ਅਤੇ ਕੇਂਦਰ ਵਿੱਚ ਗਿਆ ਸੀ, ਉਸ ਵਿੱਚ ਵੀ ਇਹ ਵਰਡ ਨਹੀਂ ਸੀ। ਜਿਹੜਾ ਸਾਲ 2018 ਤੁਹਾਡੀ ਸਰਕਾਰ ਵੇਲੇ ਬਿਲ ਬਣਾਇਆ ਗਿਆ ਸੀ ਅਤੇ ਕੇਂਦਰ ਸਰਕਾਰ ਕੋਲ ਭੇਜਿਆ, ਉਸ ਵਿੱਚ ਵੀ ਇਹ ਵਰਡ ਨਹੀਂ ਸੀ। ਹੁਣ ਸਾਡੀ

ਸਰਕਾਰ ਵੇਲੇ, ਮੈਂ ਇਹ ਮੰਨਦਾ ਹਾਂ ਕਿ ਇਸ ਐਕਟ ਵਿੱਚ ਇਹ ਵਰਡ ਨਹੀਂ ਹੈ ਪਰੰਤੂ ਮਿਤੀ 23 ਮਈ, 2023 ਨੂੰ ਸਾਰੇ ਪੰਜਾਬ ਦੇ ਚੁਣੇ ਹੋਏ ਨੁਮਾਇੰਦੇ ਸੀ.ਐਮ. ਸਾਹਿਬ ਨੇ ਆਪ 3 ਕਰੋੜ ਲੋਕਾਂ ਦੀਆਂ ਭਾਵਨਾਵਾਂ ਕੇਂਦਰ ਸਰਕਾਰ ਨੂੰ ਇੱਕ ਚਿੱਠੀ ਦੇ ਜ਼ਰੀਏ ਭੇਜੀਆਂ ਹਨ। ਇਸ ਚਿੱਠੀ ਵਿੱਚ ਉਨ੍ਹਾਂ ਨੇ ਇਹ ਸਪੱਸ਼ਟ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰਾ ਪੰਜਾਬ ਲਿਵਿੰਗ ਗੁਰੂ ਮੰਨਦਾ ਹੈ। ਸਰ, ਇਸ ਬਿਲ ਵਿੱਚ ਸੈਂਟੀਮੈਂਟਸ ਦਾ ਬੜਾ ਧਿਆਨ ਰੱਖਿਆ ਗਿਆ ਹੈ। ਸੋ, ਸੀ.ਐਮ.ਸਾਹਿਬ ਨੇ ਵੀ ਇਹ ਮੈਟਰ ਟੇਕ-ਅੱਪ ਕੀਤਾ ਹੈ। ਸੈਕੰਡਲੀ, ਸਾਡੇ ਐਮ.ਪੀ. ਸਰਦਾਰ ਮਾਲਵਿੰਦਰ ਸਿੰਘ ਕੰਗ ਨੇ ਵੀ ਲੋਕ ਸਭਾ ਵਿੱਚ ਇਹ ਇਸ਼ੂ ਰੇਜ਼ ਕੀਤਾ ਸੀ ਪਰੰਤੂ ਬੀ.ਐਨ.ਐਸ. ਆ ਜਾਣ ਕਾਰਨ ਇਹ ਸਿਰੇ ਨਹੀਂ ਚੜ੍ਹ ਸਕਿਆ। ਇਹ ਤਾਂ ਗੱਲ ਇਸ ਐਕਟ ਦੀ ਆ ਗਈ। ਕੱਲ੍ਹ ਵੀ ਸੀ.ਐਮ. ਸਾਹਿਬ ਨੇ ਕਿਹਾ ਹੈ ਅਤੇ ਮੈਂ ਵੀ ਸਮਝਦਾ ਹਾਂ ਕਿ ਅਸੀਂ ਸਾਰੇ ਪੰਜਾਬ ਦੇ ਨੁਮਾਇੰਦੇ ਹਾਂ, ਇੱਥੇ ਹਰ ਧਰਮ, ਹਰ ਮਜ਼ਹਬ ਅਤੇ ਹਰ ਸਟੇਕ ਹੋਲਡਰ ਦੀਆਂ ਭਾਵਨਾਵਾਂ ਨੂੰ ਕੰਸਿਡਰ ਕਰਨ ਦੀ ਲੋੜ ਹੈ। ਇਸ ਲਈ ਜੇਕਰ ਸਿਲੈਕਟ ਕਮੇਟੀ ਕੋਲ ਜਾ ਕੇ ਤਿੰਨ ਮਹੀਨੇ ਲਈ ਲੋਕਾਂ ਦੀ ਵਿਚਾਰ ਚਰਚਾ ਹੁੰਦੀ ਹੈ ਤਾਂ ਇਸ ਦਾ ਵੈਲਕਮ ਕਰਨਾ ਚਾਹੀਦਾ ਹੈ ਅਤੇ ਅਸੀਂ ਵੀ ਇਹ ਪਰਪੋਜ਼ ਕਰਾਂਗੇ।

ਹੁਣ ਆਪਾਂ ਆਉਂਦੇ ਹਾਂ ਕਿ ਇਹ ਗੱਲ ਕਿੱਥੋਂ ਸ਼ੁਰੂ ਹੋਈ ਸੀ। ਇਹ ਗੱਲ ਸਾਲ 2015 ਵਿੱਚ ਸ਼ੁਰੂ ਹੋਈ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਸੀ। ਬਾਜਵਾ ਸਾਹਿਬ ਨੇ ਅਤੇ ਹੋਰ ਬਾਕੀ ਸਾਥੀਆਂ ਨੇ ਵੀ ਇਸ ਦਾ ਰੈਫਰੈਂਸ ਦਿੱਤਾ ਹੈ ਤੇ ਮੈਂ ਸਮਝਦਾ ਹਾਂ ਕਿ ਇਹ ਰੈਫਰ ਕਰਨਾ ਬਣਦਾ ਵੀ ਹੈ। ਮੈਂ ਕੋਈ ਪਾਲੀਟਿਕਸ ਨਹੀਂ ਕਰ ਰਿਹਾ, ਮੈਂ ਵਿਧਾਨ ਸਭਾ ਵਿੱਚ ਆਨ ਰਿਕਾਰਡ ਫੈਕਟਸ ਰੱਖ ਰਿਹਾ ਹਾਂ। ਜੇਕਰ ਆਪਾਂ ਉਸ ਕੇਸ ਦੀ ਗੱਲ ਕਰਦੇ ਹਾਂ, ਜਿੱਥੇ ਅਣਮਨੁੱਖੀ, ਅਣਸੁਖਾਵੀਂਆਂ ਅਤੇ ਹਰ ਇਨਸਾਨ ਦੇ ਹਿਰਦੇ ਨੂੰ ਸੱਟ ਮਾਰਨ ਵਾਲੀਆਂ ਘਟਨਾਵਾਂ ਹੋਈਆਂ ਸਨ ਤਾਂ ਇਸ ਵਿੱਚ ਹੁਣ ਤੱਕ 7 ਐਫ.ਆਈ.ਆਰਜ਼. ਦਰਜ ਹੋ ਚੁੱਕੀਆਂ ਹਨ, ਦੋ ਕਮਿਸ਼ਨ ਬਣ ਚੁੱਕੇ ਹਨ, ਮਲਟੀਪਲ SITs ਵੀ ਬਣ ਚੁੱਕੀਆਂ ਹਨ। ਬਾਜਵਾ ਸਾਹਿਬ ਨੇ ਕੋਟਕਪੂਰਾ, ਬਹਿਬਲ ਕਲਾਂ ਅਤੇ ਬਰਗਾੜੀ ਦੀ ਗੱਲ ਕੀਤੀ ਹੈ, ਇਹ ਦੋ ਨਹੀਂ, ਤਿੰਨ ਇੰਸੀਡੈਂਟ ਸਨ ਅਤੇ ਬੁਰਜ ਜਵਾਹਰਕੇ ਤੋਂ ਸ਼ੁਰੂ ਹੋਏ ਸਨ। ਜੇਕਰ ਆਪਾਂ ਬਰਗਾੜੀ ਦੇ ਕੇਸ ਦੀ ਗੱਲ ਕਰ ਲਈਏ ਤਾਂ ਉਸ ਵਿੱਚ ਤਿੰਨ ਐਫ.ਆਈ.ਆਰ. ਦਰਜ ਹੋਈਆਂ ਹਨ। ਸਾਲ 2015 ਵਿੱਚ ਤਿੰਨ ਐਫ.ਆਈ.ਆਰਜ਼. ਨੰ: 63,128,127 ਦਰਜ ਹੋਈਆਂ। ਇਸ ਦੀ SIT ਸ੍ਰੀ ਐਸ.ਪੀ.ਐਸ. ਪਰਮਾਰ ਦੀ ਅਗਵਾਈ ਹੇਠ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਬੇਸਿਜ਼ ਉੱਤੇ ਬਣੀ ਸੀ। After investigation ਸਾਲ 2021 ਵਿੱਚ ਤਿੰਨ ਚਲਾਨ ਫਰੀਦਕੋਟ ਸੈਸ਼ਨਜ਼ ਕੋਰਟ ਵਿੱਚ ਪੇਸ਼ ਹੋਏ। ਮਿਤੀ 21.04.2022 ਨੂੰ ਆਮ ਆਦਮੀ ਪਾਰਟੀ ਦੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਪੰਜਾਬ ਵਿੱਚ ਸਰਕਾਰ ਆਈ ਅਤੇ ਤਦ ਸਾਡੀ ਸਰਕਾਰ ਨੇ ਇਹ ਤਿੰਨੋਂ ਚਲਾਨ ਪੇਸ਼ ਕੀਤੇ ਹਨ ਭਾਵ ਅਕਾਲੀ ਦਲ ਦੀ ਸਰਕਾਰ ਦਾ ਸਵਾ ਸਾਲ ਅਤੇ ਕਾਂਗਰਸ ਸਰਕਾਰ ਦੇ 5 ਸਾਲ ਨਿਕਲ ਗਏ। ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਸੜਕਾਂ ਤੇ ਖਿਲਾਰੇ ਗਏ ਲੇਕਿਨ ਇਨ੍ਹਾਂ ਨੇ ਚਲਾਨ ਵੀ ਪੇਸ਼ ਨਹੀਂ ਕੀਤਾ। ਅੱਜ ਵੀ ਇਹ ਕੇਸ ਸੁਪਰੀਮ ਕੋਰਟ ਦੇ ਆਰਡਰ ਤੇ ਸੀ.ਜੀ.ਐਮ. ਕੋਰਟ ਚੰਡੀਗੜ੍ਹ ਵਿੱਚ ਚਲਦੇ ਹਨ। ਸਰ, ਅਗਲਾ ਕੇਸ ਕੋਟਕਪੂਰਾ ਦਾ ਹੈ। ਉਸ ਕੇਸ ਵਿੱਚ ਇੱਕ ਐਫ.ਆਈ.ਆਰ. ਨੰ: 192 ਦਰਜ ਹੋਈ ਸੀ ਅਤੇ ਦੂਜੀ ਐਫ.ਆਈ.ਆਰ. ਉਸ ਸਮੇਂ ਇਸ ਕਰਕੇ ਕੀਤੀ ਗਈ ਕਿਉਂਕਿ ਪੁਲਿਸ ਉੱਤੇ ਸਿੱਖ ਸੰਗਤ ਨੇ ਹਮਲਾ ਕਰ ਦਿੱਤਾ ਸੀ। ਦੂਜੀ ਐਫ.ਆਈ.ਆਰ. 129 ਨੰਬਰ ਸੀ। ਸਰ, ਬੜੀ ਇੰਟਰਸਟਿੰਗ ਗੱਲ ਹੈ, ਪਲੀਜ਼, ਧਿਆਨ ਨਾਲ ਸੁਣਿਓ, ਤੁਹਾਡੇ ਇਲਾਕੇ ਦੀ ਗੱਲ ਹੈ ਅਤੇ ਤੁਹਾਨੂੰ ਵੀ ਵਾਰ ਵਾਰ ਰੈਫਰ ਹੁੰਦਾ ਹੈ। ਦੋ-ਤਿੰਨ ਦਿਨ ਪਹਿਲਾਂ ਤੁਹਾਡਾ,

ਕੇਜਰੀਵਾਲ ਸਾਹਿਬ ਅਤੇ ਮਾਨ ਸਾਹਿਬ ਦਾ ਨਾਮ ਲੈ ਕੇ ਬਾਹਰ ਪ੍ਰੈੱਸ ਕਾਨਫਰੰਸ ਵੀ ਹੋਈ ਹੈ। Please understand and try to understand ਕਿ ਕਿੰਨੀਆਂ ਇਰਰੈਲੇਵੈਂਟ ਗੱਲਾਂ ਕਈ ਵਾਰ ਹੁੰਦੀਆਂ ਹਨ ਅਤੇ ਕਿੰਨੀਆਂ inhuman and insensitive ਗੱਲਾਂ ਅਸੀਂ ਪੁਲੀਟੀਕਲ ਲੋਕ ਪਬਲਿਕ ਡੋਮੇਨ ਵਿੱਚ ਕਰਦੇ ਹਾਂ। ਸਪੀਕਰ ਸਾਹਿਬ, ਜਿਹੜੀ 129 ਨੰਬਰ ਐਫ.ਆਈ.ਆਰ. ਸੀ, ਉਹ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉੱਪਰ ਮਿਤੀ 07.08.2018 ਨੂੰ ਦਰਜ ਹੋਈ ਸੀ। ਮੈਨੂੰ ਨਹੀਂ ਪਤਾ ਕਿ ਮੇਰੇ ਕਿੰਨੇ ਸਾਥੀਆਂ ਨੇ ਉਹ ਰਿਪੋਰਟ ਪੜ੍ਹੀ ਹੈ। ਜਸਟਿਸ ਰਣਜੀਤ ਸਿੰਘ ਦੀ ਰਿਪੋਰਟ 181 ਪੰਨਿਆਂ ਦੀ ਹੈ। ਮੈਂ ਉਸ ਰਿਪੋਰਟ ਦਾ ਇੱਕ ਇੱਕ ਸ਼ਬਦ ਪੜ੍ਹਿਆ ਹੋਇਆ ਹੈ। ਜਦੋਂ ਉਹ ਰਿਪੋਰਟ ਪੇਸ਼ ਅਤੇ ਡਿਸਕਸ ਹੋਈ ਸੀ, ਉਦੋਂ ਅਸੀਂ ਉੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠੇ ਸੀ। This is on record. ਸਰ, 129 ਨੰਬਰ ਐਫ.ਆਈ.ਆਰ. ਦੇ ਤਹਿਤ ਦੋ SITs ਬਣੀਆਂ ਸਨ। ਉਸ ਵਿੱਚ ਇਕਬਾਲ ਪ੍ਰੀਤ ਸਿੰਘ ਸਹੋਤਾ ਅਤੇ ਰਣਬੀਰ ਸਿੰਘ ਖੱਟੜਾ ਚੇਂਜ ਹੁੰਦੇ ਰਹੇ ਪਰ ਕੁੰਵਰ ਵਿਜੈ ਪ੍ਰਤਾਪ ਉਸ ਦੇ permanent Member ਰਹੇ। ਉਸ SIT ਦੇ 3 ਚਲਾਨ ਪੇਸ਼ ਹੋਏ ਜਿਨ੍ਹਾਂ ਵਿੱਚ ਸੁਮੇਧ ਸਿੰਘ ਸੈਣੀ, ਪਰਮਰਾਜ ਸਿੰਘ ਉਮਰਾ ਨੰਗਲ, ਚਰਨਜੀਤ ਸ਼ਰਮਾ ਨੂੰ accused ਬਣਾਇਆ ਗਿਆ। Badals ਉਸ ਵਿੱਚ ਕਦੇ ਵੀ named ਨਹੀਂ ਸਨ, ਹਾਈ ਕੋਰਟ ਨੇ ਉਸ ਨੂੰ ਮਿਤੀ 09.04.2021 ਨੂੰ ਰਿਜੈਕਟ ਕਰ ਦਿੱਤਾ। ਤੁਹਾਡੀ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਸਰਕਾਰ ਵੇਲੇ ਕਿਸੇ ਨੇ ਵੀ ਉਸ ਨੂੰ ਡਿਫੈਂਡ ਨਹੀਂ ਕੀਤਾ। ਜਦੋਂ ਹਾਈ ਕੋਰਟ ਵੱਲੋਂ ਇਸ ਨੂੰ ਰਿਜੈਕਟ ਕਰ ਦਿੱਤਾ ਗਿਆ ਤਾਂ ਫਿਰ ਅਗਲੀ SIT ਸ੍ਰੀ ਐਲ.ਕੇ.ਯਾਦਵ ਜੀ ਦੀ ਬਣੀ। ਇਹ ਸਾਲ 2021 ਵਿੱਚ ਹਾਈ ਕੋਰਟ ਦੀਆਂ ਡਾਇਰੈਕਸ਼ਨਾਂ ਤੇ ਬਣੀ ਸੀ। ਉਸ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈ ਸੀ। ਉਸ ਵਿੱਚ ਡੇਢ-ਦੋ ਸਾਲ ਇਨਵੈਸਟੀਗੇਸ਼ਨ ਚੱਲੀ ਅਤੇ ਹੁਣ ਦੋ ਸਾਲ ਪਹਿਲਾਂ ਸ੍ਰੀ ਐਲ.ਕੇ.ਯਾਦਵ ਦੀ SIT ਨੇ 7000 ਤੋਂ ਵੀ ਵੱਧ ਪੰਨਿਆਂ ਦੇ ਚਲਾਨ ਪੇਸ਼ ਕੀਤੇ ਹਨ। ਇਸ ਵਿੱਚ accused ਕੌਣ ਕੌਣ ਹਨ? ਸ੍ਰੀ ਐਲ.ਕੇ. ਯਾਦਵ ਦੀ SIT ਨੇ ਕਿਨ੍ਹਾਂ ਕਿਨ੍ਹਾਂ ਨੂੰ ਦੋਸ਼ੀ ਪਾਇਆ ਹੈ? ਸਰਦਾਰ ਪਰਕਾਸ਼ ਸਿੰਘ ਬਾਦਲ ਅੱਜ ਸਾਡੇ ਵਿੱਚ ਨਹੀਂ ਰਹੇ। ਸਰਦਾਰ ਸੁਖਬੀਰ ਸਿੰਘ ਬਾਦਲ, ਸ੍ਰੀ ਸੁਮੇਧ ਸਿੰਘ ਸੈਣੀ, ਸ੍ਰੀ ਪਰਮਰਾਜ ਸਿੰਘ ਉਮਰਾ ਨੰਗਲ, ਸ੍ਰੀ ਅਮਰ ਸਿੰਘ ਚਹਿਲ, ਸ੍ਰੀ ਸੁਖਮਿੰਦਰ ਸਿੰਘ ਮਾਨ ਔਰ ਸ੍ਰੀ ਚਰਨਜੀਤ ਸ਼ਰਮਾ, ਇਨ੍ਹਾਂ ਸਾਰੇ accused ਦਾ ਚਲਾਨ ਸਾਡੀ ਸਰਕਾਰ ਵੇਲੇ ਸ੍ਰੀ ਐਲ.ਕੇ. ਯਾਦਵ ਦੀ SIT ਨੇ ਪੇਸ਼ ਕੀਤਾ ਹੈ। ਇਸ ਦਾ ਟਰਾਇਲ ਅੱਜ ਵੀ ਐਡੀਸ਼ਨਲ ਸੈਸ਼ਨਜ਼ ਜੱਜ, ਫਰੀਦਕੋਟ ਦੀ ਅਦਾਲਤ ਵਿਚ ਚੱਲ ਰਿਹਾ ਹੈ ਅਤੇ ਇਸ ਦੀ ਅਗਲੀ ਤਰੀਕ ਮਿਤੀ 31.07.2025 ਨੂੰ ਹੈ। ਇਸ ਵਿੱਚ ਚਰਨਜੀਤ ਸ਼ਰਮਾ ਦੇ ਕੇਸ ਨੂੰ ਹਾਈ ਕੋਰਟ ਮੂਵ ਕੀਤਾ ਹੈ ਪਰ ਅਜੇ ਤੱਕ ਉਹ ਕੇਸ ਸ਼ਿਫਟ ਨਹੀਂ ਹੋਇਆ ਹੈ ਅਤੇ ਉੱਥੇ ਹੀ ਚੱਲ ਰਿਹਾ ਹੈ। ਸਰ, ਤੀਸਰਾ ਕੇਸ ਬਹਿਬਲ ਕਲਾਂ ਦਾ ਸੀ, ਜਿੱਥੇ ਪੁਲਿਸ ਫਾਈਰਿੰਗ ਹੋਈ ਸੀ। ਇਸ ਵਿੱਚ ਦੋ ਐਫ.ਆਈ.ਆਰਜ਼. ਦਰਜ ਹੋਈਆਂ ਸਨ ਅਤੇ ਮੇਨ ਐਫ.ਆਈ.ਆਰ ਨੰਬਰ 130 ਸੀ ਜੋ ਕਿ ਬਾਜਾਖਾਨਾ ਵਿੱਚ ਰਜਿਸਟਰਡ ਹੋਈ ਸੀ। ਇਹ ਹੋਈ ਵੀ ਉਦੋਂ ਸੀ ਜਦੋਂ ਪੂਰੇ ਪੰਜਾਬ ਦੇ ਵਿੱਚ ਅੱਗ ਲੱਗ ਗਈ ਸੀ ਅਤੇ ਸੈਂਟੀਮੈਂਟਸ ਬਹੁਤ ਹਾਈ ਹੋ ਗਏ ਸਨ। ਉਸ ਤੋਂ 7 ਦਿਨ ਬਾਅਦ ਇੱਕ Fact Finding Committee ਬਣੀ, ਜਿਸ ਵਿੱਚ ਇੰਦਰ ਇਕਬਾਲ ਪ੍ਰੀਤ ਸਿੰਘ ਸਹੋਤਾ ਅਤੇ ਹੋਰ ਆਫੀਸਰਜ਼, ਸ੍ਰੀ ਪ੍ਰਮੋਦ ਬਾਨ ਜੀ, ਕੁੰਵਰ ਵਿਜੈ ਪ੍ਰਤਾਪ ਜੀ ਅਤੇ ਸਤਿੰਦਰ ਸਿੰਘ ਸਨ ਅਤੇ ਐਫ.ਆਈ.ਆਰ. ਦਰਜ ਹੋਈ। ਇਸ ਵਿੱਚ ਸਾਲ 2021 ਤੱਕ 4 ਚਲਾਨ ਪੇਸ਼ ਹੋਏ। ਪਹਿਲਾ ਚਲਾਨ ਮਿਤੀ 23.04.2019 ਨੂੰ ਕਾਂਗਰਸ ਸਰਕਾਰ ਵੇਲੇ ਪੇਸ਼ ਹੋਇਆ ਸੀ। ਦੂਜਾ ਚਲਾਨ ਵੀ ਮਿਤੀ 08.10.2020 ਨੂੰ ਕਾਂਗਰਸ ਸਰਕਾਰ ਵੇਲੇ ਪੇਸ਼ ਹੋਇਆ। ਤੀਜਾ ਚਲਾਨ ਵੀ ਮਿਤੀ 15.01.2021 ਨੂੰ ਕਾਂਗਰਸ ਸਰਕਾਰ ਵੇਲੇ ਪੇਸ਼ ਹੋਇਆ ਅਤੇ ਚੌਥਾ ਚਲਾਨ ਵੀ ਮਿਤੀ 12.03.2021 ਨੂੰ ਕਾਂਗਰਸ ਸਰਕਾਰ ਵੇਲੇ ਪੇਸ਼ ਹੋਇਆ ਸੀ। ਸਰ, ਇਨ੍ਹਾਂ

ਚਾਰੇ ਚਲਾਨਾਂ ਵਿੱਚ ਕਾਂਗਰਸ ਦੀ ਸਰਕਾਰ ਵੇਲੇ SIT ਦੀਆਂ ਰਿਪੋਰਟਾਂ ਵਿੱਚ ਕੌਣ ਕੌਣ accuse ਕਹੇ ਗਏ ਸਨ - ਅਮਰਜੀਤ ਸਿੰਘ ਕੁਲਾਰ, ਵਿਕਰਮਜੀਤ ਸਿੰਘ, ਪੰਕਜ ਬਾਂਸਲ, ਸੁਹੇਲ ਬਰਾੜ, ਪਰਦੀਪ ਸਿੰਘ, ਪਰਮਰਾਜ ਸਿੰਘ ਉਮਰਾ ਨੰਗਲ, ਸੁਮੇਧ ਸਿੰਘ ਸੈਣੀ ਅਤੇ ਚਰਨਜੀਤ ਸ਼ਰਮਾ, ਇਨ੍ਹਾਂ ਸਾਰਿਆਂ ਨੂੰ accuse ਕਰਾਰ ਦਿੱਤਾ ਗਿਆ ਸੀ। ਕਾਂਗਰਸ ਸਰਕਾਰ ਵੇਲੇ ਉਸ SIT ਦੇ ਚਾਰ ਚਲਾਨ ਪੇਸ਼ ਹੋਏ ਹਨ। ਇੱਕ ਥਾਂ ਉੱਪਰ ਵੀ Badals ਨੂੰ accuse ਨਹੀਂ ਕੀਤਾ ਗਿਆ। ਬਾਜਵਾ ਸਾਹਿਬ, ਅੱਜ ਅਸੀਂ ਜਿੰਨੀ ਮਰਜ਼ੀ ਰਾਜਨੀਤੀ ਕਰ ਲਈਏ, ਤੁਸੀਂ ਕਿਹਾ ਹੈ ਕਿ 'ਮੁੱਖ ਦੋਸ਼ੀ - ਮੁੱਖ ਦੋਸ਼ੀ', ਤੁਹਾਡੀ ਸਰਕਾਰ ਵੇਲੇ ਇੱਕ SIT ਦੇ ਚਾਰ ਚਲਾਨ ਪੇਸ਼ ਹੋਏ ਸਨ ਪਰ ਇੱਕ ਵਿੱਚ ਵੀ Badals ਦਾ ਕਿਤੇ ਨਾਮ ਨਹੀਂ ਸੀ। ਫਰਵਰੀ, 2023 ਵਿੱਚ ਜਿਹੜੀ ਹੁਣ ਸਾਡੀ ਸਰਕਾਰ ਵੇਲੇ ਐਲ.ਕੇ. ਯਾਦਵ ਦੀ SIT ਦੀ ਰਿਪੋਰਟ ਪੇਸ਼ ਹੋਈ ਹੈ, ਉਸ ਵਿੱਚ ਮੁੱਖ ਦੋਸ਼ੀ ਹੀ Badals ਨੂੰ ਬਣਾਇਆ ਗਿਆ ਹੈ ਕਿਉਂਕਿ ਆਰਡਰਜ਼ ਉਨ੍ਹਾਂ ਵੱਲੋਂ ਸਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਹੁਣ ਅੱਗੇ ਆ ਜਾਓ। ਉਸ ਦਿਨ ਸਤਿਕਾਰਯੋਗ ਬਾਜਵਾ ਸਾਹਿਬ ਨੇ ਪ੍ਰੈੱਸ ਕਾਨਫਰੰਸ ਵਿੱਚ ਜੋ ਗੱਲਾਂ ਕਹੀਆਂ ਸਨ, ਉਹ ਅੱਜ ਵੀ ਕਹੀਆਂ ਹਨ, ਜਦ ਕਿ ਬਾਜਵਾ ਸਾਹਿਬ ਫੈਕਚੂਅਲੀ ਗਲਤ ਹਨ। ਉਹ ਕੀ ਹਨ? ਇਨ੍ਹਾਂ ਨੇ ਕੱਲ੍ਹ ਕਿਹਾ ਸੀ ਕਿ ਜੋ ਕੋਟਕਪੂਰੇ ਵਾਲਾ ਕੇਸ ਚੰਡੀਗੜ੍ਹ ਸ਼ਿਫਟ ਕਰ ਦਿੱਤਾ ਗਿਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ)** : ਮੈਂ ਕੋਟਕਪੂਰੇ ਵਾਲੇ ਕੇਸ ਸਬੰਧੀ ਨਹੀਂ ਕਿਹਾ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਸੁਣੋ ਜੀ, ਬਹਿਬਲ ਕਲਾਂ ਦੀ ਗੱਲ ਕਰ ਲਵੋ। No doubt, ਇਹ ਜਿਹੜਾ ਬਹਿਬਲ ਕਲਾਂ ਵਾਲਾ ਕੇਸ ਹੈ, ਇਹ ਸ਼ਿਫਟ ਜ਼ਰੂਰ ਹੋਇਆ ਸੀ। ਅਸੀਂ ਉਸ ਕੇਸ ਨੂੰ ਸੁਪਰੀਮ ਕੋਰਟ ਤੱਕ ਫਾਈਟ ਕੀਤਾ। ਇਹ ਮੇਰੇ ਕੋਲ ਮਿਤੀ 09.04.2025 ਦੇ ਆਰਡਰ ਹਨ। ਇਸ ਵਿੱਚ ਅਸੀਂ ਸੁਪਰੀਮ ਕੋਰਟ ਤੱਕ ਗਏ ਪਰ ਸੁਪਰੀਮ ਕੋਰਟ ਨੇ ਸਾਡੀ ਗੱਲ ਨਹੀਂ ਮੰਨੀ ਔਰ ਇਸ ਕੇਸ ਨੂੰ ਸ਼ਿਫਟ ਕਰ ਦਿੱਤਾ ਗਿਆ ਸੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਇੱਕ ਮਿੰਟ ਜੀ, let me complete.

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਬਾਜਵਾ ਸਾਹਿਬ, ਪਲੀਜ਼। ਮੈਂ ਤੁਹਾਨੂੰ ਡਿਸਟਰਬ ਨਹੀਂ ਕੀਤਾ, ਤੁਸੀਂ ਮੈਨੂੰ ਡਿਸਟਰਬ ਨਾ ਕਰੋ। ਤੁਸੀਂ ਕੋਟਕਪੂਰਾ, ਬਹਿਬਲ ਕਲਾਂ ਦੀ ਗੱਲ ਇਕੱਠੀ ਕਹੀ ਸੀ, ਇਸ ਲਈ ਮੈਨੂੰ ਪਤਾ ਨਹੀਂ ਲੱਗਿਆ ਕਿ ਕਿਸ ਰੈਫਰੈਂਸ ਵਿੱਚ ਕਹੀ ਸੀ ਪਰ ਜਿਹੜਾ ਕੋਟਕਪੂਰੇ ਵਾਲਾ ਕੇਸ ਹੈ, ਉਸ ਵਿੱਚ ਵੀ ਚਰਨਜੀਤ ਸ਼ਰਮਾ ਨੇ ਕੇਸ ਸ਼ਿਫਟ ਕਰਨ ਸਬੰਧੀ ਕੋਰਟ ਵਿੱਚ ਦਰਖਾਸਤ ਦਿੱਤੀ ਸੀ ਪਰ ਅਸੀਂ ਅਜੇ ਤੱਕ ਸ਼ਿਫਟ ਨਹੀਂ ਹੋਣ ਦਿੱਤਾ। ਇਸੇ 23 ਤਾਰੀਖ ਨੂੰ ਹਾਈ ਕੋਰਟ ਵਿੱਚ ਪੇਸ਼ੀ ਲੱਗੀ ਹੈ ਔਰ ਮਿਤੀ 31.07.2025 ਨੂੰ ਫਰੀਦਕੋਟ ਵਿੱਚ ਪੇਸ਼ੀ ਹੈ। ਜਿਹੜੀ ਦੂਜੀ ਗੱਲ ਤੁਸੀਂ ਕਹੀ ਹੈ ਕਿ ਸਾਡੀ ਸਰਕਾਰ ਵੱਲੋਂ ਮੁੱਖ ਦੋਸ਼ੀ ਬਾਦਲਾਂ ਨੂੰ exempt ਕਰ ਦਿੱਤਾ ਗਿਆ ਹੈ, ਇਨ੍ਹਾਂ ਸਾਰੇ ਕੇਸਾਂ ਦੀਆਂ SITs ਦੀਆਂ ਫਾਈਂਡਿੰਗਜ਼, ਚਲਾਨ ਸਬੰਧੀ ਇੱਕ ਇੱਕ ਦਸਤਾਵੇਜ਼ ਮੇਰੇ

ਕੋਲ ਹੈ। ਪਲੀਜ਼, ਮੈਨੂੰ ਇਹ ਸਾਬਤ ਕਰ ਦਿਓ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਉਨ੍ਹਾਂ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਸੀ, accused ਨਾਮਜ਼ਦ ਕੀਤਾ ਗਿਆ ਸੀ, co-accused ਨਾਮਜ਼ਦ ਕੀਤਾ ਗਿਆ ਸੀ ਜਾਂ ਗਵਾਹ ਵਜੋਂ ਬੁਲਾਇਆ ਗਿਆ ਸੀ? ਕਿਤੇ ਉਨ੍ਹਾਂ ਨੂੰ ਬੁਲਾਇਆ ਹੋਵੇ ਅਤੇ ਸਾਡੀ ਸਰਕਾਰ ਨੇ ਉਨ੍ਹਾਂ ਦਾ ਨਾਮ ਕੱਢਿਆ ਹੋਵੇ, ਫਿਰ ਤਾਂ ਗੱਲ ਬਣਦੀ ਹੈ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜੋ ਸਾਰਾ ਕੁਝ ਹੋਇਆ ਹੈ, ਉਹ ਪਿਛਲੀਆਂ ਸਰਕਾਰਾਂ ਦੇ ਸਮੇਂ ਹੋਇਆ ਹੈ, ਅੱਜ ਸਿਰਫ ਤੇ ਸਿਰਫ ਉਸ ਵਾਸਤੇ ਸਾਨੂੰ accuse ਕੀਤਾ ਜਾਵੇ, ਮੈਂ ਸਮਝਦਾ ਹਾਂ ਕਿ ਇਹ ਗੱਲ ਵਾਜਬ ਨਹੀਂ ਹੈ ਪਰ ਫਿਰ ਵੀ all said and done. ਮੈਂ ਇਹ ਬੇਨਤੀ ਕਰਾਂਗਾ ਕਿ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋਈਆਂ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਇਕੱਲੇ ਕਿਸੇ ਇੱਕ ਧਰਮ, ਮਜ਼ਹਬ, ਫਿਰਕੇ ਦੇ ਨਹੀਂ ਬਲਕਿ ਉਹ ਪੂਰੀ ਕਾਇਨਾਤ ਦੇ ਹਨ। ਮੈਂ ਵੀ ਓਨਾ ਹੀ ਮੰਨਦਾ ਹਾਂ ਜਿੰਨਾ ਮੇਰਾ ਕੋਈ ਗੁਰਸਿੱਖ ਭਰਾ ਮੰਨਦਾ ਹੈ। ਜੋ ਇਹ ਕਾਲਾ ਦੌਰ ਪਿਛਲੇ ਸਮਿਆਂ ਵਿੱਚ ਗੁਰੂਆਂ, ਪੀਰਾਂ ਦੀ ਇਸ ਧਰਤੀ ਤੇ unfortunately ਆਪਾਂ ਨੂੰ ਦੇਖਣ ਨੂੰ ਮਿਲਿਆ, ਜਿਨ੍ਹਾਂ ਦੇ ਸਮਿਆਂ ਉਤੇ ਹੋਇਆ, ਪੁਸ਼ਤ-ਪਨਾਹੀ ਜ਼ਰੀਏ ਹੋਇਆ, ਉਨ੍ਹਾਂ ਦੀ ਨੱਕ ਹੇਠ ਹੋਇਆ, ਅੱਜ ਉਨ੍ਹਾਂ ਬਾਰੇ ਚਾਹੇ ਕੋਈ SIT ਜਾਂ ਕੋਈ ਕੋਰਟ ਜਾਂ ਕਮਿਸ਼ਨ ਇਨਸਾਫ ਕਰੇ ਜਾਂ ਨਾ ਕਰ ਸਕੇ ਪਰ ਗੁਰੂ ਜੀ ਦੀ ਕਚਹਿਰੀ ਵਿੱਚ ਉਨ੍ਹਾਂ ਦਾ ਹਾਲ ਕੀ ਹੋ ਚੁੱਕਿਆ ਹੈ, ਇਹ ਆਪਾਂ ਸਾਰੇ ਦੇਖਦੇ ਹਾਂ, ਸਾਰੇ ਜਾਣਦੇ ਹਾਂ। ਸੋ, ਮੇਰੀ ਬੇਨਤੀ ਇਹ ਹੈ ਕਿ ਜਿਹੜਾ ਬਿਲ ਅਸੀਂ ਲੈ ਕੇ ਆਏ ਹਾਂ, ਇਹ ਪੂਰੀ ਇਮਾਨਦਾਰੀ ਨਾਲ, ਪੂਰੀ ਸਾਫ ਨੀਅਤ ਨਾਲ ਲੈ ਕੇ ਆਏ ਹਾਂ। ਮੈਨੂੰ ਲੱਗਦਾ ਹੈ ਕਿ ਇਹ ਬਿਲ ਸਰਬਸੰਮਤੀ ਨਾਲ ਪਾਸ ਹੋ ਜਾਵੇਗਾ। ਮੈਂ ਚਾਹਾਂਗਾ ਕਿ ਬੀ.ਜੇ.ਪੀ. ਦੇ ਸਾਥੀ ਵੀ ਬੈਠੇ ਹਨ ਅਤੇ ਜਦੋਂ ਹੋਰ suggestions ਐਡ ਹੋ ਜਾਣਗੀਆਂ, ਇਸ ਮਗਰੋਂ ਅਸੀਂ ਸਾਰੇ ਕੇਂਦਰ ਸਰਕਾਰ ਕੋਲ ਚਲ ਕੇ ਇਸ ਨੂੰ ਪਾਸ ਕਰਵਾਈਏ ਤਾਂ ਕਿ ਮੁੜ ਕੇ ਦੁਬਾਰਾ ਕੋਈ ਅਜਿਹੀ ਹਿਮਾਕਤ ਨਾ ਕਰ ਸਕੇ। ਮੈਂ ਇੱਕ ਛੋਟੀ ਜਿਹੀ ਚੀਜ਼ ਹੋਰ ਕਹਾਂਗਾ, ਬਾਜਵਾ ਸਾਹਿਬ ਮੇਰੇ ਵੱਡੇ ਭਰਾ ਹਨ, ਸਤਿਕਾਰਯੋਗ ਹਨ। ਉਸ ਦਿਨ ਜਦੋਂ ਮੈਂ ਸੀ.ਆਈ.ਐਸ.ਐਫ. ਦੇ ਮੁੱਦੇ ਤੇ ਕਾਂਗਰਸ ਸਬੰਧੀ ਗੱਲ ਕਰ ਰਿਹਾ ਸੀ ਅਤੇ ਗੱਲ ਕਰਦੇ ਹੋਏ ਮੈਂ ਕਹਿ ਰਿਹਾ ਸੀ।

**ਮਾਣਯੋਗ ਸਪੀਕਰ** : ਤੁਸੀਂ ਛੱਡੋ। ਅਸੀਂ ਬਿਲ ਤੇ ਰੱਖੀਏ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਸਰ, ਮੈਂ ਬਿਲ ਤੇ ਹੀ ਬੋਲਦਾ ਹਾਂ। ਮੈਂ ਕਿਹਾ ਸੀ ਕਿ ਕਾਂਗਰਸ ਪਾਰਟੀ ਨੇ ਸੀ.ਆਈ.ਐਸ.ਐਫ. ਦੇ ਕੇਸ ਵਿੱਚ ਤਿੰਨ ਸਟੇਟਾਂ ਵਿੱਚ ਆਪਣੀ ਦਾੜ੍ਹੀ ਕੇਂਦਰ ਸਰਕਾਰ ਨੂੰ ਫੜਾ ਦਿੱਤੀ ਹੈ। ਬਾਜਵਾ ਸਾਹਿਬ ਨੇ ਇਸ ਗੱਲ ਤੇ ਕਿਹਾ ਸੀ ਕਿ ਆਪ ਇਸ ਦੇ ਮੂੰਹ ਤੇ ਇਕ ਵਾਲ ਨਹੀਂ ਹੈ। ਸਪੀਕਰ ਸਾਹਿਬ, ਮੈਂ ਇੰਨਾ ਜ਼ਰੂਰ ਜਾਣਦਾ ਹਾਂ ਕਿ ਮੇਰੇ ਮੂੰਹ ਤੇ ਵਾਲ ਹੈ ਜਾਂ ਨਹੀਂ ਹੈ, ਦਸਤਾਰ ਹੈ ਜਾਂ ਨਹੀਂ ਹੈ ਪਰ ਜਦੋਂ ਅਸੀਂ ਬਾਹਰ ਜਾਂਦੇ ਹਾਂ, ਲੱਖ ਬੰਦਾ ਖੜ੍ਹਾ ਹੋਵੇ, ਪੰਜਾਬੀ ਦੀ ਪਛਾਣ ਦਸਤਾਰ ਨਾਲ ਅਤੇ ਦਾਹੜੀ ਨਾਲ ਹੁੰਦੀ ਹੈ। ਸੋ, ਮੈਨੂੰ ਇਸ ਬਾਰੇ ਗਿਆਨ ਵੀ ਹੈ ਅਤੇ ਮਾਣ ਵੀ ਹੈ। (ਥੰਪਿੰਗ)

**ਮਾਣਯੋਗ ਸਪੀਕਰ** : ਥੈਂਕ ਯੂ। ਆਪਾਂ ਪਰਸਨਲ ਨਾ ਹੋਈਏ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ**: ਮੈਂ ਬਿਲਕੁਲ ਪਰਸਨਲ ਨਹੀਂ ਹੋ ਰਿਹਾ ਜੀ।

**ਮਾਣਯੋਗ ਸਪੀਕਰ** : ਹੋ ਗਿਆ ਜੀ, ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਸਾਡਾ ਛੋਟਾ ਵੀਰ, ਤੁਹਾਡੀ ਜਮਾਤ ਦੇ ਆਨਰੇਬਲ ਪ੍ਰਧਾਨ ਹਨ, ਇਨ੍ਹਾਂ ਨੇ ਕੁਝ ਫੈਕਟਸ ਤੇ ਕਨਫਿਊਜ਼ ਕਰ ਲਿਆ। ਮੈਂ ਇਹ ਗੱਲ ਕਹੀ ਸੀ ਕਿ ਚਰਨਜੀਤ ਕੁਮਾਰ ਸ਼ਰਮਾ ਦੀ ਹਾਈ ਕੋਰਟ ਦੀ ਅਪੀਲ ਤੋਂ ਬਾਅਦ ਹੀ ਇਹ ਕੇਸ ਸ਼ਿਫਟ ਹੋਇਆ ਹੈ। ਫਰੀਦਕੋਟ ਤੋਂ ਬਹਿਬਲ ਕਲਾਂ ਦਾ ਕੇਸ ਪਿਛਲੇ ਸਾਲ ਹੀ ਸ਼ਿਫਟ ਹੋਇਆ ਹੈ ਅਤੇ ਪੰਜ ਸਾਲ ਤੋਂ ਇਸ ਕੇਸ ਵਿੱਚ ਹੀਅਰਿੰਗਜ਼ ਹੋ ਚੁੱਕੀਆਂ ਹਨ। ਮੈਂ ਜ਼ਿਕਰ ਕੀਤਾ ਸੀ ਕਿ ਜਦੋਂ ਕੇਜਰੀਵਾਲ ਸਾਹਿਬ ਅਤੇ ਮਾਨ ਸਾਹਿਬ ਨੇ ਸਾਰੇ ਪੰਜਾਬ ਨੂੰ ਤਸੱਲੀ ਦਿਵਾਈ ਸੀ ਕਿ ਅਸੀਂ ਵੱਡੇ ਬਾਦਲ ਸਾਹਿਬ, ਛੋਟੇ ਬਾਦਲ ਅਤੇ ਬਾਕੀਆਂ ਨੂੰ ਕਟਹਿਰੇ ਵਿੱਚ ਲਿਆਵਾਂਗੇ ਪਰ ਉਨ੍ਹਾਂ ਨੂੰ ਕਿਸੇ ਇੱਕ ਪਰਚੇ ਵਿਚੋਂ ਬਾਹਰ ਕੱਢ ਦਿੱਤਾ, ਦੂਜੇ ਵਿੱਚ ਨੇਮ ਕਰ ਦਿੱਤਾ। That means it's going to fall flat on the face. ਇੱਕ ਗੱਲ ਮੈਂ ਹੋਰ ਕਹਾਂਗਾ, ਪਹਿਲਾਂ ਭੁੱਲ ਗਿਆ ਸੀ। ਜਿਹੜਾ ਸੱਚੇ ਸੌਦੇ ਵਾਲਾ ਬਾਬਾ ਹੈ, ਉਸ ਦੇ ਸਾਰੇ ਕੇਸਿਜ਼ ਪੰਜਾਬ ਵਿਚੋਂ ਕੱਢ ਦਿੱਤੇ ਗਏ ਹਨ ਪਰ ਪ੍ਰੈਜ਼ੈਂਟ ਸਰਕਾਰ ਨੇ ਕਿਤੇ ਵੀ ਡਿਫੈਂਡ ਨਹੀਂ ਕੀਤਾ। ਲਗਾਤਾਰ ਦੋ ਸਾਲ ਸੀ.ਐਮ. ਪੰਜਾਬ ਨੇ ਪ੍ਰੋਸੀਕਿਊਸ਼ਨ ਦੀ ਸੈਂਕਸ਼ਨ ਰੋਕ ਕੇ ਰੱਖੀ ਹੈ। ਆਨਰੇਬਲ ਹਾਈ ਕੋਰਟ ਨੇ ਆਰਡਰ ਕੀਤਾ ਹੈ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ, ਦੋਵੇਂ ਕੇਸ have to be shifted to Chandigarh. ਜੇ ਇਹ ਕੇਸ ਸਾਡੇ ਕੋਲੋਂ ਨਿਕਲ ਗਏ, ਫੇਰ ਅਸੀਂ ਸਜ਼ਾ ਕਿਸ ਨੂੰ ਦੇਣੀ ਹੈ? ਅਸੀਂ ਪ੍ਰਾਮਿਸ ਕੀ ਕਰਕੇ ਆਏ ਸੀ? ਫਾਈਲ ਤੇ ਆਰਡਰ ਬਾਦਲ ਸਾਹਿਬ ਨੇ ਕੀਤੇ ਸੀ, ਹੋਮ ਮਨਿਸਟਰ ਸੁਖਬੀਰ ਬਾਦਲ ਸੀ, ਆਰਡਰ ਸੁਮੇਧ ਸੈਣੀ ਨੂੰ ਕੀਤਾ ਗਿਆ ਅਤੇ ਸੁਮੇਧ ਸੈਣੀ ਨੇ ਇਹ ਸਾਰਾ ਕੰਮ ਕਰਵਾਇਆ ਹੈ। ਜੇ ਇਹੀ ਕਰਨਾ ਸੀ, ਫੇਰ ਬਹਿਸ ਦਾ ਕੀ ਫਾਇਦਾ ਹੈ? ਸੱਚੇ ਸੌਦੇ ਵਾਲੇ ਦਾ ਨਾਂ ਕੱਢ ਦਿੱਤਾ, ਅਜੇ ਮੈਂ ਯਾਦਵ ਦਾ ਨਾਂ ਨਹੀਂ ਲਿਆ।

**ਮਾਣਯੋਗ ਸਪੀਕਰ** : ਤੁਹਾਡਾ ਪੁਆਇੰਟ ਆ ਗਿਆ ਹੈ। ਬੈਠੋ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਉਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਤੋਂ ਬੋਲ ਰਹੇ ਸਨ।)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਸਪੀਕਰ ਸਾਹਿਬ, ਇਕ ਮਿੰਟ ਜੀ।

**ਮਾਣਯੋਗ ਸਪੀਕਰ** : ਬਾਜਵਾ ਜੀ, ਬੈਠੋ ਜੀ। ਵੈਸੇ ਅਮਨ ਜੀ, ਬਹੁਤ ਹੋ ਗਿਆ। ਹਾਂ ਜੀ, ਬੋਲੋ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਸਪੀਕਰ ਸਾਹਿਬ, just one correction. ਜੋ ਸਾਡੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਨੇ ਕਿਹਾ ਸੀ, ਮਾਨ ਸਾਹਿਬ ਨੇ ਕਿਹਾ ਸੀ ਅਤੇ ਅਸੀਂ ਸਾਰਿਆਂ ਨੇ ਕਿਹਾ ਸੀ ਕਿ ਅਸੀਂ ਦੋਸ਼ੀਆਂ ਨੂੰ ਸਜ਼ਾ ਦਿਵਾਵਾਂਗੇ, ਸਰ, ਬਰਗਾੜੀ ਕੇਸ, ਜਿਹੜਾ ਸੱਤ ਸਾਲ ਪਿਆ ਰਿਹਾ ਅਤੇ ਐਸ.ਪੀ.ਐਸ. ਪਰਮਾਰ ਦੀ ਇਨਵੈਸਟੀਗੇਸ਼ਨ ਕਾਂਗਰਸ ਸਰਕਾਰ ਵੇਲੇ ਚਲਦੀ ਰਹੀ ਪਰ ਕੋਰਟ ਵਿੱਚ ਨਹੀਂ ਲੈ ਕੇ ਗਏ, ਆਖਰ ਸਜ਼ਾਵਾਂ ਤਾਂ ਕੋਰਟ ਨੇ ਹੀ ਦੇਣੀਆਂ ਹਨ, ਅਸੀਂ ਸਰਕਾਰ ਬਣਨ ਦੇ ਇਕ ਮਹੀਨੇ ਦੇ ਅੰਦਰ ਹੀ ਮਿਤੀ 21.4.2022 ਨੂੰ ਉਸ ਕੇਸ ਨੂੰ ਕੋਰਟ ਵਿਚ ਰੈਫਰ ਕਰ ਦਿੱਤਾ। ਬਾਕੀ ਜਿਹੜੀ ਮੈਂ ਐਲ.ਕੇ. ਯਾਦਵ ਦੀ SIT ਦੀ ਗੱਲ ਕੀਤੀ ਹੈ, ਉਹ ਕੀ ਹੈ? ਉਸ ਵਿੱਚ ਇਹੀ ਤਾਂ ਕਿਹਾ ਹੈ ਕਿ ਬਾਦਲਾਂ ਨੂੰ ਦੋਸ਼ੀ ਨਾਮੀਨੇਟ ਕਰਕੇ ਕੋਰਟ ਨੂੰ ਰੈਫਰ ਕਰ ਦਿੱਤਾ ਹੈ ਅਤੇ ਸਜ਼ਾਵਾਂ ਕੋਰਟ ਨੇ ਦੇਣੀਆਂ ਹਨ।

**ਮਾਣਯੋਗ ਸਪੀਕਰ :** ਬਿਲਕੁਲ ਠੀਕ। ਬਾਜਵਾ ਜੀ, ਤੁਹਾਡੀ ਗੱਲ ਦਾ ਜਵਾਬ ਆ ਗਿਆ। (ਵਿਘਨ) ਇਸ ਤਰ੍ਹਾਂ ਤਾਂ ਡਾਇਲਾਗ ਚੱਲੀ ਜਾਣਾ ਹੈ ਅਤੇ ਡਿਸਕਸ਼ਨ ਨਹੀਂ ਹੋਣੀ। (ਵਿਘਨ) ਬੈਠੋ ਜੀ। How he can do it, how he can assure it? ਜਿਹੜੀ ਹਾਈ ਕੋਰਟ ਮੋਨੀਟਰਡ SIT ਹੈ, ਉਸ ਦੇ ਫੈਕਟਸ ਹਾਲੇ ਆਏ ਨਹੀਂ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਇਨ੍ਹਾਂ ਨੇ ਖੁਦ ਕਿਹਾ ਸੀ ਕਿ ਅਸੀਂ ਬਾਦਲਾਂ ਨੂੰ ਨਾਮੀਨੇਟ ਕਰਾਂਗੇ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ :** ਉਹ ਕਰ ਦਿੱਤੇ ਹਨ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਪਰ ਚਲਾਨ ਪੇਸ਼ ਨਹੀਂ ਹੋਏ।

**ਮਾਣਯੋਗ ਸਪੀਕਰ** : ਬਾਜਵਾ ਸਾਹਿਬ, ਇਕ ਮਿੰਟ ਬੈਠੋ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਬਾਜਵਾ ਸਾਹਿਬ, ਪ੍ਰਾਬਲਮ ਕੀ ਹੈ ਕਿ ਜਾਂ ਤਾਂ ਤੁਸੀਂ ਸੁਣਦੇ ਨਹੀਂ ਜਾਂ ਸਮਝਦੇ ਨਹੀਂ ਜਾਂ ਬਹੁਤ ਜਲਦੀ ਰਿਐਕਟ ਕਰ ਦਿੰਦੇ ਹੋ। ਮੈਂ ਕਿਹਾ ਹੈ ਕਿ ਐਲ.ਕੇ. ਯਾਦਵ ਦੀ SIT ਨੇ ਆਪਣੀਆਂ ਫਾਈਂਡਿੰਗਜ਼ ਕਨਕਲੂਡ ਕਰ ਦਿੱਤੀਆਂ ਹਨ।

**ਮਾਣਯੋਗ ਸਪੀਕਰ** : ਬੈਠੋ ਜੀ, ਤੁਹਾਡੀ ਇਹ ਗੱਲ ਦੁਬਾਰਾ ਰਿਪੀਟ ਹੋ ਰਹੀ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ :** ਸਰ, ਇਹ ਵਾਰ-ਵਾਰ ਉਹੀ ਪੁੱਛ ਰਹੇ ਹਨ।

**ਮਾਣਯੋਗ ਸਪੀਕਰ** : ਹੋ ਗਿਆ ਜੀ। ਇਹ ਆਨ ਰਿਕਾਰਡ ਆ ਗਿਆ ਹੈ। ਬੈਠੋ ਜੀ, ਅੱਗੇ ਚੱਲੀਏ। ਸਾਰੇ ਬੈਠੋ ਜੀ। (ਵਿਘਨ) ਸਰਦਾਰ ਪਰਗਟ ਸਿੰਘ ਜੀ, ਤੁਸੀਂ ਵੀ ਬੈਠੋ।

(ਇਸ ਸਮੇਂ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ, ਸ੍ਰੀ ਅਮਨ ਅਰੋੜਾ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ :** ਪਲੀਜ਼ ਹਾਊਸ ਨੂੰ ਚੱਲਣ ਦਿਉ ਜੀ । ਰਨਿੰਗ ਕੁਮੈਂਟਰੀ ਨਾ ਕਰੋ। ਹਾਂ ਜੀ, ਸ੍ਰੀ ਬੁੱਧ ਰਾਮ ਜੀ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ, ਤੁਸੀਂ ਅੱਜ ਮੈਨੂੰ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਇਹ ਬਿਲ ਲਿਆ ਕੇ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਨੇ ਆਪਣਾ ਕੀਤਾ ਹੋਇਆ ਵਾਅਦਾ ਪੂਰਾ ਕਰ ਦਿੱਤਾ ਹੈ। ਸਪੀਕਰ ਸਾਹਿਬ, ਅਸੀਂ ਸਾਰੇ ਪੰਜਾਬ ਵਿੱਚ ਰਹਿੰਦੇ ਹਾਂ ਅਤੇ ਆਪਣੇ ਆਪ ਤੇ ਬੜਾ ਮਾਣ ਮਹਿਸੂਸ ਕਰਦੇ ਹਾਂ ਕਿ ਅਸੀਂ ਸਿੱਖ ਹਾਂ। ਸਿੱਖ ਉਹ ਇਨਸਾਨ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਿਰਜਿਆ ਹੈ, ਉਹ ਭਾਵੇਂ ਕੋਈ ਵੀ ਹੋਵੇ। ਪੰਜਾਬ ਦੇ ਵਿੱਚ ਹੀ ਨਹੀਂ, ਪੂਰੀ ਦੁਨੀਆ ਦੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਤੀ ਜੋ ਸ਼ਰਧਾ ਤੇ ਸਤਿਕਾਰ ਹੈ, ਉਹ ਸਾਨੂੰ ਹਰ ਰੋਜ਼ ਦਿਖਦਾ ਹੈ। ਸਾਨੂੰ ਮਾਣ ਹੈ ਕਿ ਅਸੀਂ ਪੰਜਾਬ ਵਿੱਚ ਰਹਿੰਦੇ ਹਾਂ। ਜਿਹੜਾ ਅੱਜ

ਬਿਲ ਲਿਆਂਦਾ ਗਿਆ ਹੈ, ਜਿਹੜਾ ਦੁਖਾਂਤ ਵਾਪਰਿਆ ਹੈ, ਉਸ ਦੀ ਅੱਗੇ ਤੋਂ ਰੋਕਥਾਮ ਦੇ ਲਈ ਇਹ ਲਿਆਂਦਾ ਗਿਆ ਹੈ। ਜਿਵੇਂ ਇੱਕ ਕਹਾਵਤ ਹੈ, 'लम्हों ने ख़ता की थी सदियों ने सज़ा पाई' ਇੱਕ ਪਲ ਦੀ ਖਤਾ ਸੀ, ਉਸ ਦਾ ਅੱਜ ਕਿੰਨਾ ਭਿਆਨਕ ਰਿਜ਼ਲਟ ਨਿਕਲ ਰਿਹਾ ਹੈ ਅਤੇ ਬਹੁਤ ਵੱਡਾ ਦੁਖਾਂਤ ਵਾਪਰਿਆ ਹੈ। ਜਿਨ੍ਹਾਂ ਸਰਕਾਰਾਂ ਦੇ ਵੇਲੇ ਇਹ ਕੰਮ ਹੋਇਆ ਹੈ, ਉਨ੍ਹਾਂ ਨੂੰ ਗੁਰੂ ਨੇ ਵੀ ਸਜ਼ਾ ਦਿੱਤੀ, ਲੋਕਾਂ ਨੇ ਵੀ ਹਾਅ ਦਾ ਨਾਅਰਾ ਮਾਰਿਆ ਅਤੇ ਲੋਕਾਂ ਦੀ ਹਾਅ ਦਾ ਮੁੱਲ ਵੀ ਪਿਆ ਹੈ। ਅੱਜ ਸਾਡੇ ਸਾਰਿਆਂ ਵਾਸਤੇ ਬੜੇ ਮਾਣ ਦੀ ਗੱਲ ਹੈ, ਭਾਵੇਂ ਉੱਧਰ ਬੈਠੇ ਹਾਂ, ਭਾਵੇਂ ਇੱਧਰ ਬੈਠੇ ਹਾਂ, ਅਸੀਂ ਗੁਰੂਆਂ ਦੇ ਸਿਰਜੇ ਹੋਏ ਸਿਧਾਂਤ ਨੂੰ ਅਪਣਾ ਕੇ, ਜਿਨ੍ਹਾਂ ਲੋਕਾਂ ਨੇ ਬੇਅਦਬੀ ਕਰਵਾਈ ਹੈ, ਜਿਨ੍ਹਾਂ ਨੇ ਪੁਸ਼ਤ ਪਨਾਹੀ ਕੀਤੀ ਹੈ, ਅਸੀਂ ਉਨ੍ਹਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਲਿਜਾ ਕੇ, ਕਟਹਿਰੇ ਵਿੱਚ ਖੜ੍ਹਾ ਕੇ ਕਾਰਵਾਈ ਕਰ ਰਹੇ ਹਾਂ, ਇਹ ਕਾਰਵਾਈ ਭਾਵੇਂ ਕਿਸੇ ਵੀ ਸਟੇਜ ਤੇ ਹੋਵੇ। ਸਪੀਕਰ ਸਾਹਿਬ, ਸ਼੍ਰੀ ਅਮਨ ਅਰੋੜਾ ਜੀ ਨੇ ਬੜੇ ਸ਼ਾਨਦਾਰ ਢੰਗ ਨਾਲ ਸਾਰੀ ਗੱਲ ਕੀਤੀ ਹੈ। ਪਿਛਲੇ ਸਾਰੇ ਬੁਲਾਰਿਆਂ ਨੇ ਵੀ ਕਾਨੂੰਨੀ ਗੱਲਾਂ ਬਾਰੇ ਦੱਸਿਆ ਹੈ। ਸਪੀਕਰ ਸਾਹਿਬ, ਤੁਸੀਂ ਵੀ ਬਰਗਾੜੀ ਜਾਂਦੇ ਰਹੇ ਸੀ ਅਤੇ ਚੀਮਾ ਸਾਹਿਬ ਵੀ ਗਏ ਸੀ। ਮੈਂ ਜਦੋਂ ਬਰਗਾੜੀ ਗਿਆ ਤਾਂ ਉਦੋਂ ਉਥੇ ਪ੍ਰੋਗਰਾਮ ਚੱਲ ਰਿਹਾ ਸੀ ਅਤੇ ਜਿਹੜੇ ਸੱਜਣ ਬੈਠੇ ਸੀ, ਉਹ ਮੈਨੂੰ ਕਹਿੰਦੇ ਕਿ ਐਮ.ਐਲ.ਏ. ਸਾਹਿਬ, ਕੀ ਤੁਸੀਂ ਬੋਲੋਗੇ? ਮੈਂ ਕਿਹਾ ਕਿ ਬਿਲਕੁਲ ਬੋਲਾਂਗਾ ਜੀ। ਮੈਂ ਉਥੇ ਅੱਧਾ ਘੰਟਾ ਬੋਲਿਆ ਸੀ। ਮੈਂ ਇਹੀ ਗੱਲ ਬੋਲੀ ਸੀ ਕਿ ਪਤਾ ਨਹੀਂ ਉਹ ਕਿਹੜੇ ਇਹੋ ਜਿਹੇ ਲੋਕ ਸੀ, ਜਿਨ੍ਹਾਂ ਨੇ ਅਜਿਹਾ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰੇ ਜਗਤ ਦੇ ਗੁਰੂ ਹਨ, ਇਹ ਇਕੱਲੇ ਸਿੱਖਾਂ ਦੇ ਗੁਰੂ ਹੀ ਨਹੀਂ ਹਨ, ਸਗੋਂ ਸਾਰੀ ਦੁਨੀਆ ਦੇ ਗੁਰੂ ਹਨ। ਇਸ ਦੀ ਵਿਚਾਰਧਾਰਾ ਨੂੰ, ਬੇਗਮਪੁਰੇ ਦੀ ਵਿਚਾਰਧਾਰਾ ਨੂੰ ਖਤਮ ਕਰਨ ਵਾਸਤੇ ਗੁਰੂ ਸਾਹਿਬ ਦੇ ਅੰਗਾਂ ਦੀ ਬੇਅਦਬੀ ਕੀਤੀ ਗਈ ਹੈ। ਇਸ ਵਿੱਚ ਉਨ੍ਹਾਂ ਲੋਕਾਂ ਦਾ ਰੋਲ ਹੈ ਜਿਹੜੇ ਉਸ ਵਿਚਾਰਧਾਰਾ ਨੂੰ ਨਹੀਂ ਮੰਨਦੇ। ਗੁਰੂ ਸਾਹਿਬ ਨੇ ਇਕ ਇਨਕਲਾਬੀ ਸੋਚ, ਸਮਾਜਿਕ ਅਤੇ ਧਾਰਮਿਕ ਇਨਕਲਾਬ ਲਿਆਂਦਾ ਹੈ, ਗੁਰੂ ਸਾਹਿਬ ਨੇ ਦੱਸਿਆ ਹੈ ਕਿ ਰਾਜ ਕਿਸ ਤਰ੍ਹਾਂ ਹੋਣਾ ਚਾਹੀਦਾ ਹੈ। ਸਾਡੀ ਆਰਥਿਕ ਵਿਵਸਥਾ ਕਿਹੋ ਜਿਹੀ ਹੋਣੀ ਚਾਹੀਦੀ ਹੈ, ਲੋਕਾਂ ਨੂੰ ਅੰਨ, ਪਾਣੀ, ਦਾਣਾ ਕਿਸ ਤਰ੍ਹਾਂ ਮਿਲਣਾ ਚਾਹੀਦਾ ਹੈ। ਅਸੀਂ ਪਾਖੰਡਾਂ ਨੂੰ ਖਤਮ ਕਰਕੇ ਇੱਕੋ ਪ੍ਰਮਾਤਮਾ ਦਾ ਨਾਮ ਲੈ ਕੇ ਕਿਸ ਤਰ੍ਹਾਂ ਰੂਹਾਨੀਅਤ ਦੇ ਰਸਤੇ ਤੇ ਚੱਲ ਸਕਦੇ ਹਾਂ, ਉਹ ਸਾਰੀ ਵਿਚਾਰਧਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ। ਮੈਂ ਇਹ ਸਮਝਦਾ ਹਾਂ ਕਿ ਤਿੰਨ ਵੱਡੇ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਸਾਡੇ ਵੱਲੋਂ ਮਨਾਏ ਜਾਂਦੇ ਹਨ। ਪਹਿਲਾ ਸਮਾਗਮ ਉਸ ਸਮੇਂ ਨੂੰ ਸਮਰਪਿਤ ਹੈ, ਉਸ ਸਤਿਕਾਰ ਵਿੱਚ ਹੈ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਨ 1604 ਵਿੱਚ ਸੰਪਾਦਨ ਕੀਤਾ ਗਿਆ ਸੀ। ਜਦੋਂ ਸੰਪਾਦਨਾ ਕੀਤੀ ਗਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂਆਂ, ਭਗਤਾਂ ਅਤੇ ਭੱਟਾਂ ਦੀ ਬਾਣੀ ਦਰਜ ਕੀਤੀ ਗਈ। ਬੜੇ ਕਮਾਲ ਦੀ ਗੱਲ ਹੈ। ਸਾਰੇ ਸਕਰਿਪਚਰਜ਼, ਭਾਵੇਂ ਗੀਤਾ ਹੈ, ਵੇਦ ਹਨ, ਕੁਰਾਨ ਹੈ, ਬਾਈਬਲ ਹੈ ਜਾਂ ਕੋਈ ਹੋਰ ਵੀ ਧਾਰਮਿਕ ਗ੍ਰੰਥ ਹਨ, ਉਨ੍ਹਾਂ ਸਾਰਿਆਂ ਦਾ ਸਤਿਕਾਰ ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਪੰਜਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ ਸੀ। ਜੇ ਉਹ ਚਾਹੁੰਦੇ ਤਾਂ ਸਿਰਫ ਪੰਜ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਕਰ ਸਕਦੇ ਸੀ ਪ੍ਰੰਤੂ ਉਨ੍ਹਾਂ ਦੀ ਇਨਕਲਾਬੀ ਸੋਚ, ਮਨੁੱਖਤਾ ਪ੍ਰਤੀ ਇਸ ਤਰ੍ਹਾਂ ਦੀ ਸੋਚ ਸੀ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਕੱਲੇ ਗੁਰੂਆਂ ਦੀ ਬਾਣੀ ਨਹੀਂ ਪਾਈ। ਪਹਿਲੇ ਪਾਤਸ਼ਾਹ ਪਹਿਲੀ ਉਦਾਸੀ ਵੇਲੇ 1507 ਤੋਂ ਲੈ ਕੇ 1516 ਤੱਕ ਵੱਖ ਵੱਖ ਸਥਾਨਾਂ ਉਤੇ ਗਏ ਸਨ ਅਤੇ ਬਾਕੀ ਉਦਾਸੀਆਂ ਵੇਲੇ ਵੀ ਜਿੱਥੇ ਕਿਤੇ ਗਏ, ਉਨ੍ਹਾਂ ਨੂੰ ਜਿਹੜੇ ਵੀ

ਭਗਤ ਤੇ ਮਹਾਂਪੁਰਸ਼ ਮਿਲੇ, ਉਨ੍ਹਾਂ ਨੇ ਉਨ੍ਹਾਂ ਦੀ ਬਾਣੀ ਇਕੱਠੀ ਕੀਤੀ। ਪੰਜਵੇਂ ਪਾਤਸ਼ਾਹ ਨੇ ਉਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ। ਉਨ੍ਹਾਂ ਨੇ ਭੱਟਾਂ ਦੀ ਬਾਣੀ ਵੀ ਦਰਜ ਕੀਤੀ। ਉਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਬਾਣੀ ਵੀ ਦਰਜ ਕੀਤੀ ਜਿਨ੍ਹਾਂ ਨੂੰ ਜਾਤ-ਪਾਤ ਦੇ ਨਜ਼ਰੀਏ ਤੋਂ ਨੀਵੇਂ ਕਿਹਾ ਜਾਂਦਾ ਸੀ ਕਿਉਂਕਿ ਗੁਰੂ ਸਾਹਿਬ ਨੇ ਇੱਕ ਸਿਧਾਂਤ ਸਿਰਜਣਾ ਸੀ ਅਤੇ ਸਮਾਜ ਵਿੱਚ ਇਨਕਲਾਬ ਲਿਆਉਣਾ ਸੀ। 16 ਅਗਸਤ, 1604 ਨੂੰ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ। ਉਸ ਤੋਂ ਬਾਅਦ 1706 ਨੂੰ ਦਸਵੇਂ ਪਾਤਸ਼ਾਹ ਜੀ ਨੇ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ। ਉਸ ਤੋਂ ਦੋ ਸਾਲ ਬਾਅਦ 1708 ਨੂੰ ਸ੍ਰੀ ਨਾਂਦੇੜ ਸਾਹਿਬ ਵਿਖੇ ਪਵਿੱਤਰ ਪੋਥੀ ਸਾਹਿਬ ਨੂੰ, ਕਿਉਂਕਿ ਉਦੋਂ ਤੱਕ ਗੁਰੂ ਦਾ ਦਰਜਾ ਨਹੀਂ ਮਿਲਿਆ ਸੀ, "ਗੁਰੂ ਮਾਨਿਓ ਗ੍ਰੰਥ" ਕਹਿ ਕੇ ਗੁਰੂ ਦਾ ਦਰਜਾ ਦਿੱਤਾ ਗਿਆ। ਇਹ ਤਿੰਨ ਵੱਡੇ ਸਮਾਗਮ ਅਸੀਂ ਗੁਰੂ ਸਾਹਿਬ ਦੇ ਨਾਂ ਤੇ ਮਨਾਉਂਦੇ ਹਾਂ।

ਮੈਂ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ ਗਈ ਸੀ ਤਾਂ ਉਨ੍ਹਾਂ ਵਿਚ ਛੇ ਗੁਰੂ ਸਾਹਿਬਾਨ - ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ, ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ, ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ, ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਾਹਦਰ ਜੀ ਦੀ ਬਾਣੀ ਦਰਜ ਹੈ। ਜਿਨ੍ਹਾਂ 15 ਭਗਤਾਂ ਦੀ ਬਾਣੀ ਦਰਜ ਹੈ, ਉਨ੍ਹਾਂ ਦਾ ਮੈਂ ਬੜੇ ਸਤਿਕਾਰ ਨਾਲ ਨਾਂ ਲੈਂਦਾ ਹਾਂ - ਭਗਤ ਰਾਮਾਨੰਦ ਜੀ, ਪਰਮਾਨੰਦ ਜੀ, ਸੂਰਦਾਸ ਜੀ, ਜੈ ਦੇਵ ਜੀ, ਭੀਖਣ ਜੀ, ਪੀਪਾ ਜੀ, ਫਰੀਦ ਜੀ, ਸਤਿਗੁਰੂ ਰਵੀਦਾਸ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਤਰਲੋਚਨ ਜੀ, ਸਧਨਾ ਜੀ, ਸੈਣ ਜੀ, ਧੰਨਾ ਜੀ, ਬੇਣੀ ਜੀ ਅਤੇ 11 ਭੱਟਾਂ ਵਿਚ ਕੱਲ ਜੀ, ਸੱਲ ਜੀ, ਨੱਲ ਜੀ, ਬੱਲ ਜੀ, ਭੱਲ ਜੀ, ਜਾਲਪ ਜੀ, ਭੀਖਾ ਜੀ, ਗੋਇੰਦ ਜੀ, ਕੀਰਤ ਜੀ, ਮਥੁਰਾ ਜੀ, ਹਰਬੰਸ ਜੀ ਹਨ। ਮੈਂ ਬੜੇ ਸਤਿਕਾਰ ਸਹਿਤ ਇਨ੍ਹਾਂ ਦੇ ਨਾਂ ਲਏ ਹਨ। ਜੇਕਰ ਕੁਝ ਗਲਤ ਬੋਲਿਆ ਹੋਵਾਂ ਤਾਂ ਮੈਂ ਮੁਆਫ਼ੀ ਚਾਹੁੰਦਾ ਹਾਂ ਜੀ। ਸੋ, 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਮਹਾਂਪੁਰਸ਼ਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਉਨ੍ਹਾਂ ਚਾਰ ਮਹਾਂਪੁਰਸ਼ਾਂ ਦੇ ਨਾਂ ਸੱਤਾ ਜੀ, ਬਲਵੰਡ ਜੀ, ਸੁੰਦਰ ਜੀ ਅਤੇ ਭਾਈ ਮਰਦਾਨਾ ਜੀ ਹਨ। ਸੋ, ਇਸ ਪ੍ਰਕਾਰ ਕੁੱਲ 36 ਮਹਾਂਪੁਰਸ਼ਾਂ (ਗੁਰੂਆਂ, ਭਗਤਾਂ, ਭੱਟਾਂ) ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਜੇਕਰ ਜਿਉਗ੍ਰਾਫੀਕਲ ਤੌਰ ਤੇ ਦੇਖੀਏ ਤਾਂ 6 ਭਗਤ ਉੱਤਰ ਪ੍ਰਦੇਸ਼ ਦੇ ਸਨ, ਜਿਨ੍ਹਾਂ ਵਿਚ ਰਾਮਾਨੰਦ ਜੀ ਪ੍ਰਯਾਗ ਦੇ, ਪਰਮਾਨੰਦ ਜੀ ਫਾਰੁਕਾਬਾਦ ਦੇ, ਸੂਰਦਾਸ ਜੀ ਬ੍ਰਿਜ ਭੂਮੀ ਤੋਂ, ਯੂ.ਪੀ. ਦੇ ਲਖਨਊ ਤੋਂ ਭੀਖਣ ਜੀ, ਬਨਾਰਸ ਤੋਂ ਸਤਿਗੁਰੂ ਕਬੀਰ ਸਾਹਿਬ ਅਤੇ ਸਤਿਗੁਰੂ ਰਵੀਦਾਸ ਜੀ ਸਨ। ਪੀਪਾ ਜੀ, ਰਾਜਸਥਾਨ ਤੋਂ ਸਨ। ਮੈਂ ਸਤਿਗੁਰਾਂ ਦੀ ਮਹਾਨ ਸੋਚ ਦੀ ਗੱਲ ਕਰ ਰਿਹਾ ਹਾਂ ਕਿ ਕਿੱਥੋਂ ਕਿੱਥੋਂ ਭਗਤਾਂ ਦੀ ਬਾਣੀ ਲਿਆਂਦੀ ਗਈ। ਧੰਨਾ ਜੀ ਤੇ ਸੈਣ ਜੀ ਵੀ ਰਾਜਸਥਾਨ ਤੋਂ ਸਨ। ਬੇਣੀ ਜੀ, ਤਰਲੋਚਨ ਜੀ ਅਤੇ ਨਾਮਦੇਵ ਜੀ ਮਹਾਰਾਸ਼ਟਰ ਤੋਂ ਸਨ। ਸੋ, ਪੰਜਵੇਂ ਪਾਤਸ਼ਾਹ ਜੀ ਨੇ ਸਾਰੇ ਦੇਸ਼ ਤੋਂ ਭਗਤਾਂ ਦੀ ਬਾਣੀ ਇਕੱਤਰ ਕੀਤੀ। ਜੇਕਰ ਅਸੀਂ ਜਾਤੀ ਅਧਾਰਤ ਦੇਖੀਏ ਤਾਂ ਰਾਮਾਨੰਦ ਜੀ, ਪਰਮਾਨੰਦ ਜੀ, ਸੂਰਦਾਸ ਜੀ, ਜੈ ਦੇਵ ਜੀ ਬ੍ਰਾਹਮਣ ਜਾਤੀ ਨਾਲ ਸਬੰਧਤ ਸਨ। ਪੀਪਾ ਜੀ ਕਸ਼ੱਤਰੀ ਰਾਜਪੂਤ ਜੀ ਸਨ। ਫਰੀਦ ਸਾਹਿਬ, ਕਬੀਰ ਸਾਹਿਬ, ਭੀਖਣ ਜੀ, ਸਧਨਾ ਜੀ ਮੁਸਲਮਾਨ ਸਨ। ਮੈਂ ਇਕ ਵਾਰੀ ਪਾਕਿਸਤਾਨ ਗਿਆ, ਉੱਥੇ ਮੈਨੂੰ ਬੋਲਣ ਦਾ ਮੌਕਾ ਮਿਲਿਆ ਤਾਂ ਮੈਂ ਇਹ ਗੱਲ ਦੱਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁੱਲ 778 ਸ਼ਬਦ ਹਨ, ਜਿਸ ਵਿਚੋਂ 541 ਕਬੀਰ ਸਾਹਿਬ ਜੀ ਦੇ ਹਨ, 116 ਫਰੀਦ ਸਾਹਿਬ ਜੀ ਦੇ ਹਨ। ਇਸ ਤੋਂ ਇਲਾਵਾ ਭੀਖਣ ਜੀ ਦੀ ਬਾਣੀ ਵੀ ਦਰਜ ਹੈ। ਮੈਨੂੰ ਪਾਕਿਸਤਾਨ ਦੇ ਇਕ ਪੱਤਰਕਾਰ ਨੇ ਕਿਹਾ ਕਿ "ਸਾਨੂੰ ਇਹ ਨਹੀਂ ਪਤਾ ਸੀ ਕਿ ਸਾਡੇ ਮੁਸਲਮਾਨਾਂ ਦੀ ਬਾਣੀ

ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ।" ਸੋ, ਇਸ ਮਹਾਨ ਗ੍ਰੰਥ ਜਿਸ ਨੇ ਕੁੱਲ ਦੁਨੀਆ ਨੂੰ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ, ਵਿਚ ਬੇਗਮਪੁਰਾ ਦੀ ਵਿਚਾਰਧਾਰਾ ਬਾਰੇ ਬਾਣੀ ਇਸ ਤਰ੍ਹਾਂ ਦਰਜ ਹੈ:-

ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥ ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥ ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥ ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥ ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥

ਸਪੀਕਰ ਸਾਹਿਬ, ਇੰਨੀ ਵੱਡੀ ਵਿਚਾਰਧਾਰਾ ਨੂੰ ਖਤਮ ਕਰਨਾ, ਸਾਡੇ ਗੁਰੂ ਸਾਹਿਬ ਜੀ ਦੇ ਅੰਗ ਗਲੀਆਂ ਵਿੱਚ ਖਿਲਾਰਨਾ, ਇਸ ਤੋਂ ਵੱਡਾ ਕੋਈ ਪਾਪ ਨਹੀਂ ਹੋ ਸਕਦਾ। ਮੇਰੇ ਦੱਸਣ ਤੋਂ ਇਹ ਭਾਵ ਸੀ ਕਿ ਸਾਡੇ ਗੁਰੂ ਦਾ ਕੀ ਕਸੂਰ ਸੀ?

ਮੁੰਦਾਵਣੀ ਮਹਲਾ ੫ ॥
ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

ਪੰਜਵੇਂ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਥਾਲ ਰੂਪ ਵਿਚ ਵਰਤਿਆ ਹੈ, ਜਿਸ ਵਿਚ ਸਤਿ ਵੀ ਹੈ, ਸੰਤੋਖ ਵੀ ਹੈ, ਨਾਮ ਵੀ ਹੈ। ਜਿਹੜਾ ਕੋਈ ਇਹ ਖਾ ਕੇ ਹਜ਼ਮ ਕਰ ਲੈਂਦਾ ਹੈ, ਉਸ ਦਾ ਉਧਾਰ ਹੋ ਜਾਂਦਾ ਹੈ। ਸੋ, ਸਤਿਗੁਰਾਂ ਨੇ ਇਹ ਮਿਸ਼ਨ ਪੈਦਾ ਕੀਤਾ। ਮਿਤੀ 1 ਜੂਨ, 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੋਰੀ ਹੁੰਦਾ ਹੈ। ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਦਾ ਹੰਕਾਰ ਦੇਖੋ, ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਅਸੀਂ ਤੁਹਾਡਾ ਗੁਰੂ ਲੈ ਲਿਆ ਹੈ, ਜੇ ਲੱਭਣਾ ਹੈ ਤਾਂ ਲੱਭ ਲਓ। ਉਸ ਤੋਂ ਬਾਅਦ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਪੋਸਟਰ ਲਗਾਏ ਗਏ। ਮਿਤੀ 12.10.2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 110 ਪਵਿੱਤਰ ਅੰਗਾਂ ਨੂੰ ਬਰਗਾੜੀ ਦੀਆਂ ਕੰਧਾਂ, ਗਲੀਆਂ ਵਿੱਚ ਖਿਲਾਰ ਦਿੱਤਾ ਗਿਆ। ਇਸ ਘਿਨਾਉਣੀ ਹਰਕਤ ਨਾਲ ਸਿੱਖਾਂ ਦਾ ਹਿਰਦਾ ਵਲੂੰਧਰਿਆ ਗਿਆ। ਉਸ ਸਮੇਂ ਸਰਕਾਰ ਕਿਸ ਦੀ ਸੀ? ਸਰਕਾਰ ਉਸ ਦੀ ਸੀ ਜਿਨ੍ਹਾਂ ਨੇ ਸਿੱਖ ਧਰਮ ਦਾ ਮੁਖਤਿਆਰਨਾਮਾ ਲਿਆ ਹੋਇਆ ਹੈ, ਜਿਨ੍ਹਾਂ ਨੇ ਪੰਥ ਦਾ ਠੇਕਾ ਲਿਆ ਹੋਇਆ ਹੈ। ਉਨ੍ਹਾਂ ਨੂੰ ਡੇਢ ਸਾਲ ਮਿਲ ਗਿਆ ਸੀ, ਜੇ ਉਹ ਚਾਹੁੰਦੇ ਤਾਂ ਡੇਢ ਸਾਲ ਵਿੱਚ ਬਹੁਤ ਕੁਝ ਕਰ ਸਕਦੇ ਸੀ। ਉਨ੍ਹਾਂ ਨੇ ਕੁਝ ਨਹੀਂ ਕੀਤਾ। ਸਗੋਂ ਉਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਪੁਸ਼ਤ ਪਨਾਹੀ ਕੀਤੀ। ਸ਼੍ਰੋਮਣੀ ਕਮੇਟੀ ਵਿੱਚੋਂ ਪੈਸੇ ਲਗਾ ਕੇ ਉਨ੍ਹਾਂ ਦੇ ਸਾਰੇ ਕੰਮ ਕਰਦੇ ਰਹੇ। ਫਿਰ 5 ਸਾਲ ਕਾਂਗਰਸ ਦੀ ਸਰਕਾਰ ਆ ਗਈ। ਬਾਜਵਾ ਸਾਹਿਬ ਠੀਕ ਕਹਿੰਦੇ ਹਨ, ਤੁਸੀਂ ਨਹੀਂ ਕਰਦੇ। ਮੈਂ ਤਾਂ ਕਹਿੰਦਾ ਹਾਂ ਕਿ ਸਾਨੂੰ ਤਾਂ ਇਹ ਬਿਲ ਲਿਆਉਣ ਦੀ ਲੋੜ ਹੀ ਨਹੀਂ ਪੈਣੀ ਸੀ। ਫਿਰ ਜੇ 5 ਸਾਲ ਤੁਹਾਡੇ ਕੋਲ ਰਾਜ ਰਿਹਾ ਹੈ, 365 ਦਿਨ ਇੱਕ ਸਾਲ ਵਿੱਚ ਹੁੰਦੇ ਹਨ, ਤੁਸੀਂ ਕੀ ਕੀਤਾ ਹੁਣ ਤੱਕ? ਜੇ ਤੁਸੀਂ ਕੁਝ ਕੀਤਾ ਹੁੰਦਾ ਤਾਂ ਅੱਜ ਸ਼ਾਇਦ ਇਹ discussion ਨਾ ਹੁੰਦੀ। ਤੁਸੀਂ ਕੁਝ ਕਰ ਲੈਂਦੇ ਤਾਂ ਵਧੀਆ ਹੁੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਦੋਂ

ਵੀ ਬੇਅਦਬੀ ਹੋਈ ਹੈ, ਚਾਹੇ ਉਹ ਅਬਦਾਲੀ ਸੀ, ਚਾਹੇ ਮੱਸਾ ਰੰਗੜ ਸੀ, ਕਿਸੇ ਨੂੰ ਬਖਸ਼ਿਆ ਨਹੀਂ ਹੈ। ਸਪੀਕਰ ਸਾਹਿਬ, ਇੱਕ ਹੋਰ ਵੱਡੀ ਗੱਲ ਸੁਣਨ ਵਾਲੀ ਹੈ। ਸਾਲ 1920 ਤੱਕ ਦਰਬਾਰ ਸਾਹਿਬ ਵਿੱਚ ਦਲਿਤਾਂ ਤੋਂ ਪਰਸ਼ਾਦ ਨਹੀਂ ਲਿਆ ਜਾਂਦਾ ਸੀ। ਇਹ ਵੀ ਬੇਅਦਬੀ ਹੈ। ਗੁਰੂ ਸਾਹਿਬ ਨੇ ਤਾਂ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਦਰਜ ਕੀਤੀ ਹੈ, ਬਾਬਾ ਨਾਮਦੇਵ ਜੀ ਦੀ ਬਾਣੀ ਦਰਜ ਕੀਤੀ ਹੈ, ਬਾਬਾ ਨਾਮਦੇਵ ਜੀ ਨੂੰ ਮੰਦਿਰ ਵਿੱਚੋਂ ਕੱਢ ਦਿੱਤਾ ਗਿਆ ਸੀ। ਗੁਰਬਾਣੀ ਵਿੱਚ ਦਰਜ ਹੈ:-

ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤਿ ਕਰਤ ਨਾਮਾ ਪਕਰਿ ਉਠਾਇਆ ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥
ਛੀਪੇ ਕੇ ਜਨਮਿ ਕਾਹੇ ਕਉ ਆਇਆ ॥

ਉਨ੍ਹਾਂ ਨੇ ਰੱਬ ਨੂੰ ਉਲਾਂਭਾ ਦਿੱਤਾ ਕਿ ਮੇਰੀ ਨੀਵੀਂ ਜਾਤ ਕਿਉਂ ਕੀਤੀ ਹੈ? ਮੈਨੂੰ ਕਿਉਂ ਛੀਪਾ ਬਣਾ ਦਿੱਤਾ? ਉਨ੍ਹਾਂ ਦੀ ਵੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਅਸੀਂ ਜਦੋਂ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਾਂ ਤਾਂ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਨਾਮਦੇਵ ਜੀ ਨੂੰ ਵੀ ਮੱਥਾ ਟੇਕਦੇ ਹਾਂ। ਸਪੀਕਰ ਸਾਹਿਬ, 10 ਤੋਂ 12 ਅਕਤੂਬਰ, 1920 ਨੂੰ ਤਿੰਨ ਦਿਨ ਖਾਲਸਾ ਬਰਾਦਰੀ ਕਾਰਜ ਦਲ ਜੱਥੇਬੰਦੀ ਵੱਲੋਂ ਇਹ ਸੋਚ ਕੇ ਇੱਕ ਸਮਾਗਮ ਕਰਵਾਇਆ ਗਿਆ ਕਿ ਅਸੀਂ ਅੰਮ੍ਰਿਤ ਛਕਾਵਾਂਗੇ। ਪੱਛੜੀਆਂ ਜਾਤੀਆਂ ਦਾ ਇੱਕ ਇਕੱਠ ਕੀਤਾ ਗਿਆ, ਮਹਿਤਾਬ ਸਿੰਘ ਬੀਰ ਉਨ੍ਹਾਂ ਦੇ ਹੈੱਡ ਸਨ। ਪਹਿਲੇ ਦਿਨ ਕੋਈ ਨਹੀਂ ਆਇਆ। ਅਗਲੇ ਦਿਨ ਸ੍ਰੀ ਕਰਤਾਰ ਸਿੰਘ ਛਿੱਬਰ ਆਏ, ਤੇਜਾ ਸਿੰਘ ਭੁੱਚਰ ਆਏ, ਮੰਗਲ ਸਿੰਘ ਮਾਨ ਆਏ ਤੇ ਬਹਾਦਰ ਸਿੰਘ ਹਕੀਮ ਆਏ। 1920 ਤੱਕ ਦਰਬਾਰ ਸਾਹਿਬ ਵਿੱਚ ਪੱਛੜੀਆਂ ਸ਼੍ਰੇਣੀਆਂ ਤੋਂ ਪਰਸ਼ਾਦ ਨਹੀਂ ਲਿਆ ਜਾਂਦਾ ਸੀ। ਫਿਰ 11 ਨਵੰਬਰ,1920 ਨੂੰ ਮਤਾ ਪਾਸ ਕੀਤਾ ਗਿਆ ਕਿ ਅਗਲੀ ਸਵੇਰ ਅਸੀਂ ਪਰਸ਼ਾਦ ਲੈ ਕੇ ਜਾਵਾਂਗੇ। ਦਲਿਤਾਂ ਨੇ ਅੰਮ੍ਰਿਤ ਛਕਿਆ। ਪਰਸ਼ਾਦ ਲੈ ਕੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਚਲੇ ਗਏ। ਹੈੱਡ ਗ੍ਰੰਥੀ, ਸਰਦਾਰ ਗੁਰਬਚਨ ਸਿੰਘ ਨੇ ਪਰਸ਼ਾਦ ਕਬੂਲ ਨਹੀਂ ਕੀਤਾ। ਸਰਦਾਰ ਹਰਕ੍ਰਿਸ਼ਨ ਸਿੰਘ ਬਾਵਾ ਪ੍ਰੋਫੈਸਰ ਨੇ ਗਲ਼ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ ਕਿ ਪਰਸ਼ਾਦ ਕਬੂਲ ਕੀਤਾ ਜਾਵੇ ਪਰ ਕਬੂਲ ਨਹੀਂ ਕੀਤਾ। ਅਖੀਰ ਨੂੰ ਉਨ੍ਹਾਂ ਨੇ ਆਪ ਅਰਦਾਸ ਕੀਤੀ ਤੇ ਇਹ ਫੈਸਲਾ ਹੋਇਆ ਕਿ ਮੁੱਖ ਵਾਕ ਲਿਆ ਜਾਵੇ । ਸਪੀਕਰ ਸਾਹਿਬ, ਮੁੱਖ ਵਾਕ ਆਇਆ -

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਦੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥
ਹਰਿ ਜੀਉ ਆਪੇ ਬਖਸਿ ਮਿਲਾਇ ॥

ਜਦੋਂ ਇਹ ਸ਼ਬਦ ਆਇਆ ਤਾਂ ਸਭ ਦੀਆਂ ਅੱਖਾਂ ਨਮ ਹੋ ਗਈਆਂ। ਪਰਸ਼ਾਦ ਲਿਆ ਗਿਆ। ਉਹ ਸਾਰੇ ਗ੍ਰੰਥੀ ਛੱਡ ਕੇ ਚਲੇ ਗਏ। ਇਸ ਤੋਂ ਬਾਅਦ ਸ਼ਬਦ ਸੁਣ ਕੇ ਸਾਰੀ ਸੰਗਤ ਅਕਾਲ ਤਖਤ ਸਾਹਿਬ ਵੱਲ ਚਲੀ ਗਈ। ਸੰਗਤਾਂ ਨੂੰ ਆਉਂਦਿਆਂ ਦੇਖ ਕੇ ਪੁਜਾਰੀ ਅਕਾਲ ਤਖਤ ਸਾਹਿਬ ਨੂੰ ਸੁੰਨਾ ਛੱਡ ਕੇ ਚਲੇ ਗਏ। ਸੰਗਤ ਨੇ ਆਪਣੇ ਆਪ ਦੇਖਭਾਲ ਕੀਤੀ। ਬਾਅਦ ਵਿੱਚ ਸੰਗਤ ਨੇ 25 ਸਿੰਘਾਂ ਦੇ ਜੱਥੇ ਬਣਾ ਕੇ ਸਰਦਾਰ ਕਰਤਾਰ ਸਿੰਘ ਛਿੱਬਰ ਦੀ ਅਗਵਾਈ ਵਿੱਚ ਉੱਥੇ ਅਕਾਲ ਤਖ਼ਤ ਦੀ ਸੇਵਾ ਸੰਭਾਲੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਸ ਦਿਨ ਉੱਥੇ ਮੁੱਢ ਬੱਝ ਗਿਆ। ਉਸ ਤੋਂ ਬਾਅਦ 17 ਮੈਂਬਰੀ ਕਮੇਟੀ ਬਣਾਈ ਗਈ। ਸੋ, ਸਪੀਕਰ ਸਾਹਿਬ, ਮੇਰਾ ਕਹਿਣ ਦਾ

ਮਤਲਬ ਹੈ ਕਿ ਜਿੱਥੇ ਵੀ ਬੇਅਦਬੀਆਂ ਹੋਈਆਂ ਹਨ, ਭਾਵੇਂ ਨੀਲਾ ਸਾਕਾ ਹੋਇਆ, ਭਾਵੇਂ ਹੋਰ ਹੋਏ ਹਨ, ਉਹ ਲੋਕ ਕਦੇ ਨਹੀਂ ਬਚੇ। ਬਚਦੇ ਤਾਂ ਇਹ ਬੰਦੇ ਵੀ ਨਹੀਂ। ਇਨ੍ਹਾਂ ਦਾ ਨਾਂ ਵੀ ਇਤਿਹਾਸ ਦੇ ਵਿੱਚੋਂ ਖਤਮ ਹੋ ਜਾਵੇਗਾ। ਲੇਖਕ ਭੁਪਿੰਦਰ ਜੀ ਦਾ ਇੱਕ ਸ਼ੇਅਰ ਹੈ -

ਪ੍ਰਸ਼ਨ ਬਣ ਕੇ ਖਲੋ ਜਾਣਗੇ ਤੁਹਾਡੇ ਸਾਹਮਣੇ,
ਕਿ ਤੁਸੀਂ ਅੱਗ ਦੇ ਖਿਲਾਫ ਲੜੇ ਕਿਉਂ ਨਹੀਂ?
ਤੁਹਾਡੇ ਹੱਥ ਪੈਰ ਸੜੇ ਕਿਉਂ ਨਹੀਂ?
ਅੱਗ ਸੇਕਦੇ ਹੱਥ ਫੜੇ ਕਿਉਂ ਨਹੀਂ?
ਜੇ ਤੁਸੀਂ ਅੱਗ ਲਾਉਣ ਵਾਲਿਆਂ ਦੇ ਸੱਥ ਵਿੱਚ ਨਹੀਂ ਸੀ
ਤਾਂ ਤੁਸੀਂ ਅੱਗ ਬੁਝਾਉਣ ਵਾਲੇ ਸੱਥ ਵਿੱਚ ਵੜੇ ਕਿਉਂ ਨਹੀਂ?

ਸੋ, ਇਸ ਕਰਕੇ ਇਹ ਜਿਹੜਾ ਅੱਜ ਦਾ ਦਿਨ ਅਤੇ ਅੱਜ ਦਾ ਸਮਾਂ ਹੈ, ਇਹ ਇਤਿਹਾਸ ਵਿੱਚ ਲਿਖਿਆ ਜਾਵੇਗਾ। ਮਲੇਰਕੋਟਲੇ ਦੇ ਨਵਾਬ ਨੇ ਇੱਕ ਹਾਅ ਦਾ ਨਾਅਰਾ ਮਾਰਿਆ ਸੀ ਤੇ ਉਸ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ। ਆਪਾਂ ਵੀ ਹਾਅ ਦਾ ਨਾਅਰਾ ਮਾਰਨਾ ਹੈ। ਰਾਜਨੀਤੀ ਛੱਡ ਕੇ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਸਾਡਾ ਫਰਜ਼ ਬਣਦਾ ਹੈ। ਅਸੀਂ ਪੰਜਾਬ ਵਿੱਚ ਰਹਿੰਦੇ ਹਾਂ ਅਤੇ ਅਸੀਂ ਸਿੱਖ ਹਾਂ, ਇਸ ਕਰਕੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਤਿਹਾਸ ਵਿੱਚ ਆਪਣਾ ਨਾਂ ਦਰਜ ਕਰਵਾਈਏ ਕਿ ਅਸੀਂ ਹਾਅ ਦਾ ਨਾਅਰਾ ਮਾਰਿਆ ਸੀ। ਉਨ੍ਹਾਂ ਲੋਕਾਂ ਦੇ ਖਿਲਾਫ ਮਾਰਿਆ ਸੀ, ਜਿਨ੍ਹਾਂ ਲੋਕਾਂ ਨੇ ਸਾਡੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ ਗਲੀਆਂ ਵਿੱਚ ਖਿਲਾਰੇ ਸਨ। ਸੋ, ਇਹ ਗੱਲ ਯਾਦ ਰੱਖਣ ਵਾਲੀ ਹੈ। ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਰਾਜਨੀਤੀ ਛੱਡ ਕੇ ਅੱਜ ਇੱਕ ਵਾਰੀ ਸਾਡਾ ਸੱਚੇ ਪਾਤਸ਼ਾਹ ਦੇ ਦਰਬਾਰ ਵਿੱਚ ਸੱਚੇ ਹੋਣ ਦਾ ਵਕਤ ਆ ਗਿਆ ਹੈ ਅਤੇ ਇਹ ਵਕਤ ਤੁਹਾਡੇ ਸਾਹਮਣੇ ਹੈ। ਸੋ, ਸਪੀਕਰ ਸਾਹਿਬ, ਇੱਕ ਵਾਰ ਫਿਰ ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਚਾਹੁੰਦਾ ਹਾਂ ਕਿ ਇਹ ਪਵਿੱਤਰ ਬਿਲ ਪਾਸ ਕੀਤਾ ਜਾਵੇ। ਜੇਕਰ ਕੋਈ ਘਾਟ ਰਹਿ ਗਈ ਹੋਵੇਗੀ ਤਾਂ ਫਿਰ ਪੂਰੀ ਕਰ ਲਵਾਂਗੇ, ਇਹ ਕੋਈ ਵੱਡੀ ਗੱਲ ਨਹੀਂ ਹੈ। ਆਪਣੀ ਸਰਕਾਰ ਹੈ ਅਤੇ ਆਪਣੀ ਹੀ ਰਹਿਣੀ ਹੈ, ਇਸ ਵਿੱਚ ਕੋਈ ਵੱਡੀ ਗੱਲ ਨਹੀਂ ਹੈ, ਆਪਾਂ ਲੋਕ ਹੀ ਰਹਾਂਗੇ। ਸੋ, ਮੈਂ ਸਮਝਦਾ ਹਾਂ ਕਿ ਇਸ ਬਿਲ ਨੂੰ ਪਾਸ ਕਰਨ ਦੀ ਸਿਫਾਰਸ਼ ਕਰੋ ਅਤੇ ਜੇਕਰ ਉਸ ਤੋਂ ਬਾਅਦ ਕੋਈ ਘਾਟ-ਵਾਧ ਰਹਿ ਗਈ ਹੋਵੇਗੀ, ਉਹ ਅਗਲੀ ਵਾਰੀ ਪੂਰੀ ਕਰ ਦਿਆਂਗੇ। ਬਹੁਤ-ਬਹੁਤ ਧੰਨਵਾਦ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਆਪਾਂ ਬੜੇ ਭਾਗਾਂ ਵਾਲੇ ਹਾਂ ਕਿ ਗੁਰੂ ਦੀ ਵਡਿਆਈ ਕਰ ਰਹੇ ਹਾਂ, ਇਤਿਹਾਸ ਦਾ ਗੁਣ-ਗਾਣ ਕਰ ਰਹੇ ਹਾਂ ਅਤੇ ਮੇਰੇ ਕੋਲੋਂ ਤੁਹਾਨੂੰ ਰੋਕਿਆ ਨਹੀਂ ਜਾਂਦਾ ਲੇਕਿਨ ਸਮਾਂ ਥੋੜ੍ਹਾ ਹੈ। ਸੋ, ਇਸ ਕਰਕੇ ਸਮੇਂ ਦੀ ਸੀਮਾ ਦਾ ਖੁਦ ਹੀ ਧਿਆਨ ਰੱਖੋ। ਗੁਰੂ ਦੀ ਵਡਿਆਈ ਜਿੰਨੀ ਹੋ ਜਾਵੇ ਉਹ ਚੰਗੀ ਹੈ, ਸਾਡੀਆਂ ਇਤਿਹਾਸਕ ਪਰੰਪਰਾਵਾਂ, ਜਿਹੜੀਆਂ ਖੂਨ ਦੇ ਕੇ, ਕੁਰਬਾਨੀਆਂ ਦੇ ਕੇ, ਲੋਕਾਈ ਖਾਤਰ, ਇਨਸਾਨੀਅਤ ਖਾਤਰ ਕਾਇਮ ਕੀਤੀਆਂ ਹਨ, ਉਨ੍ਹਾਂ ਦਾ ਵਰਨਣ ਹੋਣਾ ਵੀ ਬਹੁਤ ਜ਼ਰੂਰੀ ਹੈ ਲੇਕਿਨ ਸਮੇਂ ਦਾ ਵੀ ਆਪਾਂ ਨੇ ਧਿਆਨ ਰੱਖਣਾ ਹੈ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)** : ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇੱਕ ਬਹੁਤ ਹੀ ਸੈਂਸੇਟਿਵ, ਧਾਰਮਿਕ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਦੇ ਨਾਲ ਹੀ ਸਾਡੇ ਬਹੁਤ ਹੀ ਸਤਿਕਾਰਯੋਗ, ਪੰਜਾਬ ਦਾ ਮਾਣ ਸਰਦਾਰ ਭਗਵੰਤ ਸਿੰਘ ਜੀ ਮਾਨ, ਮੁੱਖ ਮੰਤਰੀ ਸਾਹਿਬ ਦਾ ਵੀ ਕੋਟਿਨ ਕੋਟਿ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਬੇਅਦਬੀ ਵਰਗੇ ਮੁੱਦੇ ਤੇ ਇੱਕ ਸਖਤ ਬਿਲ ਲਿਆਉਣ ਦਾ ਇਤਿਹਾਸਕ ਫ਼ੈਸਲਾ ਲਿਆ ਹੈ। ਸਰ, ਮੈਂ ਪੰਜਾਬ ਦਾ ਵਸਨੀਕ ਹੋਣ ਦੇ ਨਾਤੇ, ਸਿੱਖ ਵਿਚਾਰਧਾਰਾ ਦਾ ਧਾਰਨੀ ਹੋਣ ਦੇ ਨਾਤੇ, ਵੱਖ-ਵੱਖ ਧਰਮਾਂ ਦਾ ਸਤਿਕਾਰ ਕਰਦਾ ਹੋਣ ਦੇ ਨਾਤੇ, ਇਸ ਬਿਲ ਦਾ ਭਰਪੂਰ ਸਵਾਗਤ ਕਰਦਾ ਹਾਂ। ਸਰ, ਪੰਜਾਬ ਦੀ ਧਰਤੀ ਰਿਸ਼ੀਆਂ, ਮੁਨੀਆਂ, ਅਵਤਾਰਾਂ, ਅਉਲੀਏ ਅਤੇ ਭਗਤਾਂ ਦੀ ਧਰਤੀ ਹੈ। ਇਨ੍ਹਾਂ ਰਿਸ਼ੀਆਂ, ਮੁਨੀਆਂ, ਅਵਤਾਰਾਂ, ਅਉਲੀਆਂ ਨੇ ਜੋ ਵੀ ਉਚਾਰਨ ਕੀਤਾ, ਉਹ ਸ਼ਬਦ ਬਣੇ ਅਤੇ ਉਸ ਨੇ ਗੁਰਬਾਣੀ ਦਾ ਰੂਪ ਧਾਰਨ ਕੀਤਾ ਹੈ। ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਉਸ ਬਾਣੀ ਦੇ ਆਪਣੇ-ਆਪਣੇ ਗ੍ਰੰਥ ਸਾਹਿਬਾਨ ਬਣਾਏ। ਉਹ ਗਰੰਥ ਸਾਹਿਬਾਨ ਸਾਡੇ ਜੀਵਨ ਨੂੰ ਜਿਊਣ ਲਈ ਸਹੀ ਸੇਧ ਦਿੰਦੇ ਹਨ, ਸਾਨੂੰ ਜੀਵਨ ਦੀ ਸਹੀ ਜਾਚ ਦਿੰਦੇ ਹਨ। ਸਰ, ਧਰਮ ਹਮੇਸ਼ਾ ਮਨੁੱਖ ਨੂੰ ਜੋੜਦਾ ਹੈ, ਤੋੜਦਾ ਨਹੀਂ ਹੈ ਪਰ ਅਫ਼ਸੋਸ ਜਦੋਂ ਇਹੋ ਜਿਹੇ ਪਵਿੱਤਰ, ਪਾਵਨ ਧਾਰਮਿਕ ਗਰੰਥਾਂ ਦੀ ਕੁਝ ਸਿਰਫਿਰੇ ਲੋਕ ਬੇਅਦਬੀ ਕਰਨ, ਅਪਮਾਨਿਤ ਕਰਨ ਤਾਂ ਸਾਡੇ ਹਿਰਦੇ ਵਲੂੰਧਰੇ ਜਾਂਦੇ ਹਨ। ਚਾਹੇ ਉਹ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਹੋਣ, ਚਾਹੇ ਕੁਰਾਨ ਸ਼ਰੀਫ ਹੋਵੇ, ਚਾਹੇ ਰਮਾਇਣ ਹੋਵੇ। ਫਿਰ ਇਸ ਤਰ੍ਹਾਂ ਲੱਗਦਾ ਹੈ ਕਿ ਅਸਮਾਨ ਡਿੱਗ ਕਿਉਂ ਨਹੀਂ ਜਾਂਦਾ ਅਤੇ ਧਰਤੀ ਫੱਟ ਕਿਉਂ ਨਹੀਂ ਜਾਂਦੀ। ਸਰ, 1 ਜੂਨ, 2015 ਦੀ ਦੁਪਹਿਰ ਸਮੇਂ ਇੱਕ ਐਸੀ ਮਨਹੂਸ ਘੜੀ ਆਈ, ਜਦੋਂ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿੱਚੋਂ ਸਿਖਰ ਦੁਪਹਿਰੇ, ਤਿੱਖੜ ਦੁਪਹਿਰੇ ਸਾਡੇ ਪਾਵਨ ਗੁਰੂ ਸਾਹਿਬ, ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋ ਜਾਂਦੇ ਹਨ। ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਤਿੰਨ-ਚਾਰ ਮਹੀਨੇ ਦਾ ਵਕਫਾ ਘੱਟ ਨਹੀਂ ਹੁੰਦਾ। ਜੇ ਉਸ ਸਮੇਂ ਦੀ ਸ਼੍ਰੋਮਣੀ ਅਕਾਲੀ ਦਲ - ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੰਵੇਦਨਸ਼ੀਲ ਹੁੰਦੀ, ਜੇ ਮਾੜੀ-ਮੋਟੀ ਗੰਭੀਰ ਹੁੰਦੀ ਤਾਂ ਸਾਡੇ ਗੁਰੂ ਸਾਹਿਬ ਦੇ ਪਾਵਨ ਸਰੂਪ ਮਿਲ ਸਕਦੇ ਸੀ ਪਰ ਅਫਸੋਸ ਤਿੰਨ-ਚਾਰ ਮਹੀਨਿਆਂ ਬਾਅਦ ਪਿੰਡ ਬਹਿਬਲ ਕਲਾਂ ਵਿੱਚ ਅਤੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਕੰਧਾਂ ਤੇ ਪੋਸਟਰ ਲੱਗ ਗਏ। ਉਨ੍ਹਾਂ ਪੋਸਟਰਾਂ ਤੇ ਲਿਖਿਆ ਹੋਇਆ ਸੀ ਕਿ ਜੇ ਹਿੰਮਤ ਹੈ ਤਾਂ ਆਪਣਾ ਗੁਰੂ ਲੱਭ ਕੇ ਦਿਖਾਓ, ਸ੍ਰੀ ਗੁਰੂ ਗ੍ਰੰਥ ਸਾਹਿਬ ਲੱਭ ਕੇ ਦਿਖਾਓ ਔਰ ਸਾਨੂੰ ਵੰਗਾਰਿਆ ਗਿਆ ਸੀ, ਉਕਸਾਇਆ ਗਿਆ ਕਿ ਤੁਹਾਨੂੰ ਦਸ ਲੱਖ ਰੁਪਏ ਦਾ ਚੈਲੈਂਜ ਵੀ ਹੈ। ਅਜਿਹੇ ਚੈਲੈਂਜ ਅਤੇ ਸਾਡੇ ਸਿਰਾਂ ਦੇ ਮੁੱਲ ਸ਼ੁਰੂ ਤੋਂ ਪੈਂਦੇ ਆਏ ਹਨ ਤੇ ਪੈਂਦੇ ਰਹਿਣਗੇ। ਚਾਹੇ ਜਹਾਂਗੀਰ ਦਾ ਸਮਾਂ ਸੀ, ਚਾਹੇ ਔਰੰਗਜੇਬ ਦਾ ਸਮਾਂ ਸੀ, ਸਾਡੇ ਸਿਰਾਂ ਦੇ ਮੁੱਲ ਪਏ ਹਨ ਪਰ ਸਾਨੂੰ ਕੋਈ ਪਰਵਾਹ ਨਹੀਂ ਹੈ। ਸਾਡੇ ਗੁਰੂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋਏ ਹਨ, ਜਿਸ ਵਿੱਚ ਸਾਡੇ ਪਹਿਲੇ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਓਂਕਾਰ ਦਾ ਉਚਾਰਨ ਕੀਤਾ ਸੀ ਤੇ ਸਾਰੇ ਲੋਕਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਸੀ -

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥

ਉਹ ਪਾਵਨ ਸਰੂਪ ਜੋ ਸਾਨੂੰ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣਾ ਸਰਬੰਸ ਵਾਰ ਕੇ ਦੇ ਕੇ ਗਏ ਸਨ ਤੇ ਸਾਨੂੰ ਹੁਕਮ ਕੀਤਾ ਸੀ -

'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'

ਸਰ, ਉਹ ਪਾਵਨ ਸਰੂਪ, ਜਿਹੜੇ ਸਮੁੱਚੀ ਔਰਤ ਜਾਤੀ ਦੇ ਸਤਿਕਾਰ ਵਿੱਚ ਕਹਿ ਰਹੇ ਹਨ -

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਸਰ, ਉਹ ਪਾਵਨ ਸਰੂਪ ਜੋ ਜ਼ੁਲਮ ਦੇ ਖਿਲਾਫ ਲੜਨ ਲਈ ਸ਼ਕਤੀ ਪ੍ਰਦਾਨ ਕਰਦੇ ਹਨ -

ਰਾਜੇ ਸੀਹ ਮੁਕਦਮ ਕੁਤੇ ॥

ਸਰ, ਅਜਿਹੇ ਪਾਵਨ ਸਰੂਪ ਦੇ ਚੋਰੀ ਹੋ ਜਾਣ ਨਾਲ ਸਿੱਖਾਂ ਦੇ ਦਿਲਾਂ ਤੇ ਕੀ ਬੀਤਦੀ ਹੋਵੇਗੀ, ਤੁਸੀਂ ਸੋਚ ਕੇ ਦੇਖੋ। ਸਰ, ਉਹ ਪਾਵਨ ਸਰੂਪ ਚੋਰੀ ਹੋਣ ਸਬੰਧੀ ਸਬੰਧਿਤ ਥਾਣੇ ਵਿੱਚ ਰਿਪੋਰਟ ਵੀ ਦਰਜ ਹੋ ਜਾਂਦੀ ਹੈ। ਪੰਜਾਬ ਹੀ ਨਹੀਂ ਸਗੋਂ ਦੁਨੀਆ ਭਰ ਵਿੱਚ ਸਿੱਖ ਸੰਗਤਾਂ ਜਿੱਥੇ ਵੀ ਬੈਠੀਆਂ ਸਨ, ਉਹ ਪੂਰੀ ਤਰ੍ਹਾਂ ਪੀੜਿਤ ਹੋ ਜਾਂਦੀਆਂ ਹਨ ਪਰ ਅਫਸੋਸ ਹੈ ਕਿ ਜਿਹੜੀ ਉਸ ਸਮੇਂ ਦੀ ਪੰਥਕ ਅਖਵਾਉਣ ਵਾਲੀ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਸੀ, ਉਹ ਸਰੂਪਾਂ ਨੂੰ ਲੱਭਣ ਦੀ ਬਜਾਏ ਹੱਥ ਤੇ ਹੱਥ ਧਰ ਕੇ ਬੈਠੀ ਸੀ। ਸਰ, ਇੱਥੇ ਹੀ ਬੱਸ ਨਹੀਂ, ਸਰੂਪ ਗੁੰਮ ਹੋਣ ਦੀ ਗੱਲ ਇੱਥੇ ਨਹੀਂ ਰੁਕਦੀ। ਤਿੰਨ-ਚਾਰ ਮਹੀਨਿਆਂ ਦੇ ਲੰਮੇ ਸਮੇਂ ਤੋਂ ਬਾਅਦ ਪੋਸਟਰ ਵੀ ਲਗਾਏ ਜਾਂਦੇ ਹਨ ਤੇ ਚੈਲੈਂਜ ਵੀ ਕੀਤਾ ਜਾਂਦਾ ਹੈ ਤਾਂ ਉਸ ਸਮੇਂ 12 ਅਕਤੂਬਰ ਨੂੰ ਇੱਕ ਐਸੀ ਚੰਦਰੀ ਸਵੇਰ ਚੜ੍ਹਦੀ ਹੈ ਜਦੋਂ ਅਸੀਂ ਦੇਖਦੇ ਹਾਂ ਕਿ ਗੁਰੂ ਸਾਹਿਬ ਦੇ ਪਾਵਨ ਸਰੂਪ ਦੇ 110 ਪਵਿੱਤਰ ਅੰਗ ਬਰਗਾੜੀ ਪਿੰਡ ਦੇ ਗੁਰਦੁਆਰਾ ਸਾਹਿਬ ਅਤੇ ਗਲੀਆਂ ਵਿੱਚ ਖਿਲਾਰੇ ਗਏ। ਸਰ, ਉਸ ਸਮੇਂ ਪੰਜਾਬ ਦੇ ਲੋਕਾਂ ਕੋਲ ਕੋਈ ਹੱਲ ਨਹੀਂ ਰਿਹਾ। ਪੰਜਾਬ ਦੇ ਲੋਕ ਬੇਵੱਸ ਹੋ ਗਏ ਤੇ ਫਿਰ ਕਸਬਿਆਂ ਵਿੱਚ ਅਲੱਗ ਅਲੱਗ ਬੈਠਣ ਨਾਲੋਂ ਮੋਰਚੇ ਲਗਾਉਣ ਲਈ ਮਜਬੂਰ ਹੋ ਗਏ। ਪੰਜਾਬ ਦੇ ਲੋਕਾਂ ਨੇ ਸਰਕਾਰਾਂ ਤੋਂ ਆਸਾਂ ਛੱਡ ਕੇ ਮੋਰਚੇ ਲਗਾਉਣਾ ਆਪਣਾ ਧਰਮ ਸਮਝਿਆ। ਸਾਡੇ ਸਿੱਖਾਂ ਦਾ ਬਹੁਤ ਵੱਡਾ ਗੌਰਵਮਈ ਇਤਿਹਾਸ ਚਾਬੀਆਂ ਦਾ ਮੋਰਚਾ ਹੈ। ਸਰ, 12 ਅਕਤੂਬਰ, 2015 ਨੂੰ ਪਾਵਨ ਅੰਗ ਖਿਲਾਰਨ ਵਿਰੁੱਧ ਤਿੱਖੇ ਰੋਸ ਵਜੋਂ ਅਗਲੇ ਦਿਨ 13 ਅਕਤੂਬਰ ਨੂੰ ਸਿੱਖ ਸੰਗਤਾਂ ਨੇ ਕੋਟਕਪੂਰਾ ਚੌਂਕ ਵਿੱਚ ਧਰਨਾ ਲਗਾਇਆ। ਉਸ ਧਰਨੇ ਵਿੱਚ ਸਿੱਖ ਸੰਗਤਾਂ ਕੀ ਕਰਦੀਆਂ ਸਨ? ਉਹ ਪ੍ਰਮਾਤਮਾ ਦਾ ਸਿਮਰਨ ਕਰਦੀਆਂ ਸਨ, ਪਾਠ ਕਰਦੀਆਂ ਸਨ, ਕੋਈ ਵਾਹਿਗੁਰੂ ਵਾਹਿਗੁਰੂ ਕਰ ਰਿਹਾ ਸੀ, ਕੋਈ ਗੁਟਕਾ ਸਾਹਿਬ ਖੋਲ੍ਹ ਕੇ ਪਾਠ ਕਰ ਰਿਹਾ ਸੀ ਪਰ ਉਸ ਸਮੇਂ ਦੀ ਸ਼੍ਰੋਮਣੀ ਅਕਾਲੀ ਦਲ -ਭਾਰਤੀ ਜਨਤਾ ਪਾਰਟੀ ਦੀ ਮਿਲੀਭੁਗਤ ਵਾਲੀ ਸਰਕਾਰ ਨੇ ਉਨ੍ਹਾਂ ਨਾਮ ਸਿਮਰਨ ਕਰਨ ਵਾਲੀਆਂ ਸੰਗਤਾਂ ਤੇ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਬਹੁਤ ਘਿਨਾਉਣੀ ਹਰਕਤ ਸੀ। ਉਨ੍ਹਾਂ ਨੇ ਸੰਗਤਾਂ ਨੂੰ ਖਦੇੜਨਾ ਸ਼ੁਰੂ ਕਰ ਦਿੱਤਾ ਸੀ। ਸਰ, ਜਦੋਂ ਵੀ ਸਿੱਖਾਂ ਤੇ ਜ਼ੁਲਮ ਹੁੰਦਾ ਹੈ ਤਾਂ ਸਿੱਖ ਡਰਦੇ ਨਹੀਂ ਹਨ, ਸਿੱਖ ਤਾਂ ਉਹ ਕੌਮ ਹੈ ਕਿ ਜਦੋਂ ਕਿਹਾ ਗਿਆ ਸੀ ਕਿ ਸਿੱਖ ਖਤਮ ਹੋ ਗਏ ਤਾਂ ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ ਵਰਗੇ ਦੋ ਸਿੰਘਾਂ ਨੇ ਪਿੱਠਾਂ ਜੋੜ ਕੇ ਲੜਾਈਆਂ ਲੜੀਆਂ ਸਨ। ਇਸ ਕਰਕੇ ਸਿੱਖ ਇਨ੍ਹਾਂ ਸਰਕਾਰਾਂ ਤੋਂ ਝੁਕਣ ਵਾਲੇ ਨਹੀਂ ਸੀ। ਸਰ, 14 ਅਕਤੂਬਰ, 2015 ਦਾ ਇੱਕ ਬਹੁਤ ਭਿਆਨਕ ਅਤੇ ਕਾਲਾ ਦਿਨ ਆਇਆ, ਜਦੋਂ

ਅੰਮ੍ਰਿਤ ਵੇਲੇ ਸਿੱਖ ਸੰਗਤਾਂ ਨਾਮ ਸਿਮਰਨ ਕਰ ਰਹੀਆਂ ਸੀ, ਕੋਈ ਜਪੁਜੀ ਸਾਹਿਬ ਪੜ੍ਹ ਰਿਹਾ ਸੀ, ਕੋਈ ਪਾਠ ਕਰ ਰਿਹਾ ਸੀ, ਕੋਈ ਵਾਹਿਗੁਰੂ ਵਾਹਿਗੁਰੂ ਕਰ ਰਿਹਾ ਸੀ। ਸਰ, ਉਸ ਵੇਲੇ ਇੱਕ ਪਾਸੇ ਸਰਕਾਰ ਸੀ ਅਤੇ ਇੱਕ ਪਾਸੇ ਨਾਨਕ ਨਾਮਲੇਵਾ ਸਿੱਖ ਸੰਗਤ ਸੀ। ਉਸ ਸਮੇਂ ਸਰਕਾਰ ਕੋਲ ਲਾਠੀਆਂ ਤੇ ਤਾਕਤਵਰ ਹਥਿਆਰ ਸਨ, ਗੰਦੇ ਪਾਣੀ ਦੀਆਂ ਬੁਛਾੜਾਂ ਪਾਉਣ ਵਾਲੀਆਂ 'ਵਾਟਰ ਕੈਨਨ' ਗੱਡੀਆਂ ਸਨ ਤੇ ਦੂਸਰੇ ਪਾਸੇ ਨਿਹੱਥੇ, ਬੇਵੱਸ, ਹਿਰਦੇ ਤੋਂ ਪੀੜਤ ਲਾਚਾਰ ਲੋਕ ਸਨ। ਜਿਹੜੇ ਹਾਰ ਕੇ ਇਸ ਅਕਾਲੀ-ਭਾਜਪਾ ਸਰਕਾਰ ਤੋਂ ਇਨਸਾਫ ਦੀ ਉਡੀਕ ਖਤਮ ਕਰਕੇ, ਚਾਰੇ ਪਾਸਿਆਂ ਤੋਂ ਬੇਵੱਸ ਹੋ ਕੇ ਰੋਸ ਧਰਨਿਆਂ ਵਿੱਚ ਹਿੱਸਾ ਲੈਣ ਲਈ ਮਜਬੂਰ ਸਨ। ਸਰਕਾਰ ਨੇ ਉਨ੍ਹਾਂ ਇਨਸਾਫ ਮੰਗਣ ਵਾਲੀਆਂ ਸਿੱਖ ਸੰਗਤਾਂ ਨੂੰ ਖਦੇੜਨਾ ਸ਼ੁਰੂ ਕਰ ਦਿੱਤਾ। ਲਾਠੀਆਂ ਵਰਾਉਣੀਆਂ ਸ਼ੁਰੂ ਕਰ ਦਿੱਤੀਆਂ, ਗੰਦੇ ਪਾਣੀ ਦੀਆਂ ਬੁਛਾੜਾਂ ਨਾਲ ਸਿਮਰਨ ਕਰਦੀਆਂ ਸੰਗਤਾਂ ਦੀ ਪਵਿੱਤਰਤਾ ਭੰਗ ਕੀਤੀ ਗਈ।

**ਮਾਣਯੋਗ ਸਪੀਕਰ:** ਸਰਦਾਰ ਮਨਜੀਤ ਸਿੰਘ ਜੀ, ਇੱਥੇ ਬਹੁਤੀਆਂ ਗੱਲਾਂ ਰਿਪੀਟ ਹੀ ਹਨ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ :** ਬੱਸ ਇੱਕ ਮਿੰਟ ਜੀ। ਸਰ, ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ। ਉਸ ਸਮੇਂ ਦੇ ਉੱਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਕੋਲ ਹੋਮ ਮਹਿਕਮਾ ਸੀ। ਪੁਲਿਸ ਨੇ ਲਾਠੀਆਂ ਚਲਾਈਆਂ, ਗੋਲੀਆਂ ਚਲਾਈਆਂ ਅਤੇ ਇਨ੍ਹਾਂ ਦੀਆਂ ਡਾਇਣ ਗੋਲੀਆਂ ਦੇ ਨਾਲ ਪਿੰਡ ਨਿਆਮੀ ਵਾਲੇ ਦਾ ਨੌਜਵਾਨ ਕ੍ਰਿਸ਼ਨ ਭਗਵਾਨ ਸਿੰਘ ਅਤੇ ਪਿੰਡ ਸਰਾਵਾਂ ਦਾ ਨੌਜਵਾਨ ਗੁਰਜੀਤ ਸਿੰਘ ਇਸ ਫਾਨੀ ਸੰਸਾਰ ਤੋਂ ਸਦਾ ਸਦਾ ਲਈ ਰੁਖ਼ਸਤ ਹੋ ਗਏ। ਸਰ, ਸੋਚ ਕੇ ਦੇਖੋ, ਜਿਹੜੇ ਮਾਪਿਆਂ ਦੇ ਪੁੱਤ ਚਲੇ ਗਏ ਹੋਣ, ਭੈਣਾਂ ਦੇ ਵੀਰ ਚਲੇ ਗਏ ਹੋਣ, ਔਰਤਾਂ ਦੇ ਪਤੀ ਚਲੇ ਗਏ ਹੋਣ ਅਤੇ ਬੱਚਿਆਂ ਦੇ ਪਿਉ ਚਲੇ ਗਏ ਹੋਣ, ਉਨ੍ਹਾਂ ਦੇ ਦਿਲਾਂ ਤੇ ਕੀ ਬੀਤਦੀ ਹੋਵੇਗੀ? ਹੋਰ ਅਫਸੋਸ ਵਾਲੀ ਗੱਲ ਇਹ ਹੈ ਕਿ ਜਿਹੜੀਆਂ ਸਿੱਖ ਸੰਗਤਾਂ ਸੈਂਕੜਿਆਂ ਦੀ ਤਾਦਾਦ ਵਿੱਚ ਫੱਟੜ ਹੋਈਆਂ ਸਨ, ਉਨ੍ਹਾਂ ਦੀ ਗਿਣਤੀ ਸਮੇਂ ਦੀ ਅਕਾਲੀ-ਭਾਜਪਾ ਸਰਕਾਰ ਨੇ ਸਾਹਮਣੇ ਹੀ ਨਹੀਂ ਆਉਣ ਦਿੱਤੀ।

**ਮਾਣਯੋਗ ਸਪੀਕਰ :** ਸਰਦਾਰ ਮਨਜੀਤ ਸਿੰਘ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ :** ਸਰ, ਹੋਰ ਬੜਾ ਕੁਝ ਬੋਲਣ ਵਾਸਤੇ ਸੀ, ਬੜਾ ਮਨ ਕਰਦਾ ਸੀ ਕਿ ਬੋਲਿਆ ਜਾਵੇ। ਹੁਣ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਵੀ ਆ ਗਏ ਹਨ। ਸੋ, ਮੈਂ, ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਜੀ ਮਾਨ ਸਾਹਿਬ ਦਾ ਕੋਟਿਨ ਕੋਟਿ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਬਹੁਤ ਹੀ ਗੰਭੀਰ ਬੇਅਦਬੀ ਦੀ ਰੋਕਥਾਮ ਮੁੱਦੇ ਲਈ ਇੱਕ ਅਹਿਮ ਬਿਲ ਲਿਆਉਣ ਦਾ ਬਹੁਤ ਵੱਡਾ ਇਤਿਹਾਸਕ ਫੈਸਲਾ ਕੀਤਾ ਹੈ। ਮੈਂ ਮੁੱਖ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਦੀ ਫਤਹਿ ॥

**ਮਾਣਯੋਗ ਸਪੀਕਰ:** ਮੈਂ ਵਾਰ ਵਾਰ ਬੇਨਤੀ ਕਰਦਾ ਹਾਂ ਕਿ ਕਿਸੇ ਨੂੰ ਰੋਕਣ ਨੂੰ ਮੇਰਾ ਦਿਲ ਨਹੀਂ ਕਰਦਾ ਪਰੰਤੂ ਆਪਣੇ ਕੋਲ ਲਿਮਟਿਡ ਸਮਾਂ ਹੈ। ਸੋ, ਗਾਗਰ ਵਿੱਚ ਸਾਗਰ ਪਾਉਣ ਦੀ ਕੋਸ਼ਿਸ਼ ਕਰੋ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ) :** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਦੇ

ਸਬੰਧ ਵਿੱਚ ਪ੍ਰਸਤਾਵ ਤੇ ਬੋਲਣ ਦਾ ਮੌਕਾ ਦਿੱਤਾ ਹੈ। ਤੁਸੀਂ ਹੁਣੇ ਹੀ ਕਿਹਾ ਹੈ ਕਿ ਸੀਮਤ ਸ਼ਬਦਾਂ ਵਿੱਚ ਗੱਲ ਕਰਨੀ ਹੈ, ਮੈਂ ਇਸ ਦਾ ਧਿਆਨ ਰੱਖਾਂਗਾ। ਸਭ ਤੋਂ ਪਹਿਲਾਂ ਮੈਂ ਕਹਿਣਾ ਚਾਹਾਂਗਾ ਕਿ ਜਿਹੜੇ ਸਾਡੇ ਧਾਰਮਿਕ ਗ੍ਰੰਥ ਹਨ, ਉਹ ਪੰਜਾਬ ਦੀ ਰੂਹ ਹਨ। ਜਦੋਂ ਵੀ ਦੁੱਖ ਦਾ ਸਮਾਂ ਆਉਂਦਾ ਹੈ, ਉਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਸੀਸ ਝੁਕਾ ਕੇ ਕਹਿੰਦੇ ਹਾਂ ਕਿ ਇਹ ਪ੍ਰਮਾਤਮਾ ਦਾ ਭਾਣਾ ਹੈ, ਉਸ ਨੂੰ ਮੰਨਦੇ ਹਾਂ ਅਤੇ ਜਦੋਂ ਖੁਸ਼ੀ ਦਾ ਸਮਾਂ ਆਉਂਦਾ ਹੈ, ਉਦੋਂ ਵੀ ਅਸੀਂ ਆਪਣੇ ਗੁਰੂ, ਪ੍ਰਮਾਤਮਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਧੰਨਵਾਦ ਕਰਦੇ ਹਾਂ। ਪਿਛਲੇ ਸਮੇਂ ਵਿੱਚ ਪੰਜਾਬ ਵਿਰੁੱਧ ਬੜੀ ਸੋਚੀ-ਸਮਝੀ ਇੱਕ ਸਾਜ਼ਿਸ਼ ਹੋਈ, ਚਾਲਾਂ ਹੋਈਆਂ, ਇਹ ਅੱਜ ਤੋਂ ਨਹੀਂ ਹੋ ਰਿਹਾ। ਜੇ ਪਿਛਲਾ ਇਤਿਹਾਸ ਫਰੋਲੀਏ ਤਾਂ ਬੜੇ ਲੰਬੇ ਸਾਲਾਂ ਤੋਂ ਇਹ ਸਾਰਾ ਵਰਤਾਰਾ ਚਲੀ ਜਾਂਦਾ ਹੈ। ਪੰਜਾਬ ਵਿਰੋਧੀ ਤਾਕਤਾਂ ਹਮੇਸ਼ਾ ਪੰਜਾਬ ਉਤੇ ਇਸੇ ਲਈ ਅਟੈਕ ਕਰਦੀਆਂ ਹਨ ਕਿ ਇੱਥੋਂ ਦੇ ਲੋਕਾਂ ਵਿੱਚ ਇੰਨਾ ਜਜ਼ਬਾ ਕਿੱਥੋਂ ਆਉਂਦਾ ਹੈ? ਇੱਥੋਂ ਦੇ ਲੋਕਾਂ ਵਿੱਚ ਇੰਨੀ ਤਾਕਤ ਕਿੱਥੋਂ ਆਉਂਦੀ ਹੈ? ਇਨ੍ਹਾਂ ਵਿੱਚ ਅਜਿਹੀ ਕਿਹੜੀ ਸ਼ਕਤੀ ਹੈ, ਜਿਸ ਕਰਕੇ ਪੂਰੀ ਦੁਨੀਆ ਵਿੱਚ, ਚਾਹੇ ਪੰਜਾਬ ਦੀ ਗੱਲ ਕਰ ਲਵਾਂ, ਚਾਹੇ ਧਾਰਮਿਕ ਤੌਰ ਤੇ ਸਿੱਖਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿੱਚ ਅਜਿਹਾ ਕੀ ਹੈ? ਉਸ ਵਿੱਚੋਂ ਜਿਹੜਾ ਨਿਚੋੜ ਨਿਕਲ ਕੇ ਸਾਹਮਣੇ ਆਉਂਦਾ ਹੈ, ਉਹ ਸਾਡੇ ਗੁਰੂ-ਪੀਰ ਅਤੇ ਧਾਰਮਿਕ ਗ੍ਰੰਥ ਹਨ, ਜੋ ਸਾਨੂੰ ਇੱਕ ਵਿਲੱਖਣ ਤਾਕਤ ਬਖਸ਼ਦੇ ਹਨ। ਉਹ ਸਾਡੀ ਰੂਹ ਨੂੰ ਇੱਕ ਸਚਾਈ ਦਿੰਦੇ ਹਨ। ਪਿਛਲੇ ਲੰਮੇ ਸਮੇਂ ਤੋਂ ਸਾਡੀ ਉਸ ਤਾਕਤ ਉੱਤੇ ਅਟੈਕ ਕਰਨ ਦੀ ਕੋਸ਼ਿਸ਼ ਕੀਤੀ ਗਈ। ਮੇਰੇ ਤੋਂ ਪਹਿਲਾਂ ਬੋਲਦਿਆਂ ਮੇਰੇ ਸਾਥੀ, ਜੋ ਮੇਰੇ ਸਤਿਕਾਰਯੋਗ ਹਨ, ਮੇਰੇ ਤੋਂ ਸਮਝਦਾਰ ਵੀ ਹਨ, ਉਨ੍ਹਾਂ ਨੇ ਬਰਗਾੜੀ ਕਾਂਡ ਦੀ ਗੱਲ ਕੀਤੀ ਹੈ ਕਿ ਕਿਹੜੇ ਕੇਸ ਕਿਹੜੀ ਕੋਰਟ ਵਿੱਚ ਪਹੁੰਚੇ ਅਤੇ ਕਿੱਥੇ ਤੱਕ ਪਹੁੰਚੇ, ਆਦਿ ਗੱਲਾਂ ਕੀਤੀਆਂ ਹਨ। ਜਿਹੜਾ ਆਪਾਂ ਬਿਲ ਲੈ ਕੇ ਆਏ ਹਾਂ, ਉਸ ਵਿੱਚੋਂ ਮੈਂ ਸਿਰਫ ਪੰਜ-ਸੱਤ ਪੁਆਇੰਟਾਂ ਬਾਰੇ ਹੀ ਗੱਲ ਕਰਨੀ ਹੈ, ਜੋ ਕਿ ਬਹੁਤ ਇੰਪਾਰਟੈਂਟ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬਿਲ 2016 ਵਿੱਚ ਵੀ ਕਾਂਗਰਸ ਦੀ ਸਰਕਾਰ ਵੇਲੇ ਆਇਆ ਸੀ ਅਤੇ 2018 ਵਿੱਚ ਅਮੈਂਡਮੈਂਟਸ ਨਾਲ ਆਇਆ ਸੀ। ਜਿਹੜਾ ਬਿਲ ਅਕਾਲੀ ਦਲ ਦੀ ਸਰਕਾਰ ਵੇਲੇ ਆਇਆ ਸੀ, ਉਸ ਵਿੱਚ ਇੱਕ ਟੈਕਨੀਕਲ ਇਸ਼ੂ ਕਾਰਨ ਬਿਲ ਵਾਪਸ ਹੋ ਗਿਆ ਸੀ। ਉਸ ਵਿੱਚ ਮੇਨ ਪ੍ਰਾਬਲਮ ਇਹ ਆਈ ਸੀ ਕਿ ਉਸ ਵਿੱਚ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜ਼ਿਕਰ ਕੀਤਾ ਗਿਆ ਸੀ ਅਤੇ ਬਾਕੀ ਜਿਹੜੇ ਧਾਰਮਿਕ ਗ੍ਰੰਥ ਸਨ, ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ ਪ੍ਰੰਤੂ ਇਸ ਬਿਲ ਵਿੱਚ ਜਿੰਨੇ ਵੀ ਧਾਰਮਿਕ ਗ੍ਰੰਥ, ਚਾਹੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਣ, ਚਾਹੇ ਸ੍ਰੀਮਦ ਭਗਵਤ ਗੀਤਾ ਜੀ ਹੋਣ, ਚਾਹੇ ਕੁਰਾਨ ਸ਼ਰੀਫ ਜੀ ਹੋਣ, ਚਾਹੇ ਪਵਿੱਤਰ ਬਾਈਬਲ ਹੋਵੇ ਜਾਂ ਨਾਲ ਹੀ ਇਨ੍ਹਾਂ ਦੇ ਜਿਹੜੇ ਉਪਬੰਧ ਹਨ, ਜਿਨ੍ਹਾਂ ਨੂੰ ਅਸੀਂ ਧਾਰਮਿਕ ਗ੍ਰੰਥਾਂ ਦੀ ਸੂਚੀ ਵਿੱਚ ਸ਼ਾਮਿਲ ਕਰਦੇ ਹਾਂ, ਜਿਸ ਵਿੱਚ ਸਟੀਕ ਵੀ ਆ ਜਾਂਦੇ ਹਨ, ਨੂੰ ਵੀ ਇਸ ਬਿਲ ਵਿੱਚ ਸ਼ਾਮਲ ਕੀਤਾ ਹੈ। ਦੂਜਾ, ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਜਿਹੜਾ ਬਿਲ ਆਇਆ ਸੀ, ਉਸ ਵਿੱਚ ਮੈਕਸੀਮਮ ਦਸ ਸਾਲ ਦੀ ਸਜ਼ਾ ਸੀ। ਉਸ ਵਾਸਤੇ ਬੜੀਆਂ ਧਾਰਮਿਕ ਜਥੇਬੰਦੀਆਂ ਨੇ ਕਿਹਾ ਕਿ ਇਹ ਸਜ਼ਾ ਘੱਟ ਹੈ। ਜਿਹੜਾ ਬੰਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਂ ਕਿਸੇ ਹੋਰ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਦਾ ਹੈ, ਉਸ ਦੀ ਸਜ਼ਾ ਉਮਰ ਕੈਦ ਤੱਕ ਜਾਣੀ ਚਾਹੀਦੀ ਹੈ। ਸਪੀਕਰ ਸਾਹਿਬ, ਆਪਾਂ ਇਸ ਬਿਲ ਵਿੱਚ ਉਹ ਸਜ਼ਾ ਉਮਰ ਕੈਦ ਮੁਕੱਰਰ ਕੀਤੀ ਹੈ। ਇਸ ਤੋਂ ਇਲਾਵਾ ਜਿਹੜਾ ਮੇਨ ਪੁਆਇੰਟ ਇਨਵੈਸਟੀਗੇਸ਼ਨ ਦਾ ਹੈ, ਪਹਿਲਾਂ ਵੀ ਜ਼ਿਕਰ ਹੋ ਗਿਆ ਹੈ ਕਿ ਡੀ.ਐਸ.ਪੀ. ਜਾਂ ਉਸ ਤੋਂ ਉੱਪਰਲੇ ਲੈਵਲ ਦੇ ਅਫਸਰ ਇਸ ਦੀ ਇਨਵੈਸਟੀਗੇਸ਼ਨ ਕਰਨਗੇ। ਨਾਲ ਦੀ ਨਾਲ ਇਹ ਵੀ ਕਹਿ ਦਿੱਤਾ ਗਿਆ ਹੈ ਕਿ 60 ਦਿਨਾਂ ਦੇ ਅੰਦਰ-ਅੰਦਰ ਚਲਾਨ ਪੇਸ਼ ਕੀਤਾ ਜਾਵੇ ਔਰ ਇਹ ਵੀ ਕਹਿ ਦਿੱਤਾ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਸਬੰਧਤ ਕੇਸਾਂ ਲਈ ਸਪੈਸ਼ਲ ਕੋਰਟਸ ਵੀ ਬਣਾਵਾਂਗੇ ਤਾਂ ਜੋ ਜਲਦੀ ਤੋਂ ਜਲਦੀ ਨਿਪਟਾਰਾ ਹੋ ਕੇ

ਇਨਸਾਫ ਮਿਲ ਸਕੇ। ਸਪੀਕਰ ਸਾਹਿਬ, ਮੈਂ ਵੀ ਉਨ੍ਹਾਂ ਪਿੰਡਾਂ ਤੋਂ ਆਉਂਦਾ ਹਾਂ ਅਤੇ ਤੁਸੀਂ ਵੀ ਉਨ੍ਹਾਂ ਪਿੰਡਾਂ ਤੋਂ ਆਉਂਦੇ ਹੋ, ਜਿੱਥੇ ਪਿਛਲੀਆਂ ਸਰਕਾਰਾਂ ਸਮੇਂ ਇਹ ਘਟਨਾਵਾਂ ਵਾਪਰੀਆਂ। ਇੱਕ ਬੜੀ ਹੀ ਇੰਪਾਰਟੈਂਟ ਗੱਲ ਨਿਕਲ ਕੇ ਸਾਹਮਣੇ ਆਉਂਦੀ ਸੀ ਕਿ ਜਦੋਂ ਕੋਈ ਬੰਦਾ ਫੜ੍ਹਿਆ ਜਾਂਦਾ ਸੀ ਜਾਂ ਕੋਈ ਬੇਅਦਬੀ ਕਰਦਾ ਸੀ ਜਾਂ ਕੋਈ ਬੇਅਦਬੀ ਕਰਨ ਦੀ ਇੰਟੈਂਸ਼ਨ ਵਿੱਚ ਜਾਂਦਾ ਸੀ ਅਤੇ ਲੋਕ ਉਸ ਨੂੰ ਫੜ੍ਹ ਲੈਂਦੇ ਸੀ ਤਾਂ ਸਭ ਤੋਂ ਪਹਿਲਾਂ ਉਹ ਬੰਦਾ ਨਾਲ ਹੀ ਮੈਂਟਲੀ ਅਪਸੈੱਟ ਹੋਣ ਦਾ ਸਰਟੀਫਿਕੇਟ ਦਿਖਾ ਦਿੰਦਾ ਸੀ। ਇਸ ਤੋਂ ਪਤਾ ਲੱਗ ਜਾਂਦਾ ਸੀ ਕਿ ਇਸ ਪਿੱਛੇ ਕੋਈ ਹੋਰ ਸਾਜ਼ਿਸ਼ ਹੈ। ਇਸ ਬਿਲ ਵਿੱਚ ਆਪਾਂ ਇਹ ਵੀ ਮੁਕੱਰਰ ਕੀਤਾ ਹੈ ਕਿ ਜੇਕਰ ਕੋਈ ਬੇਅਦਬੀ ਕਰਨ ਦੀ ਕੋਸ਼ਿਸ਼ ਕਰੇਗਾ ਜਾਂ ਬੇਅਦਬੀ ਕੀਤੀ ਹੈ, ਉਸ ਸਾਜਿਸ਼ ਪਿੱਛੇ ਜਿਹੜੇ-ਜਿਹੜੇ ਲੋਕ ਹੋਣਗੇ, ਆਪਾਂ ਉਨ੍ਹਾਂ ਨੂੰ ਵੀ ਸ਼ਾਮਲ ਕਰਕੇ ਸਜ਼ਾ ਦਿਵਾਵਾਂਗੇ। ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਹਮੇਸ਼ਾ ਉੱਠਦੀ ਹੈ ਕਿ ਡਿਲੇਅ ਕਿਉਂ ਹੋ ਗਿਆ। ਇਸ ਸਮੇਂ ਸਦਨ ਵਿੱਚ ਲੀਡਰ ਆਫ ਦਿ ਆਪੋਜ਼ੀਸ਼ਨ ਅਤੇ ਮੈਂਬਰ, ਸਰਦਾਰ ਪਰਗਟ ਸਿੰਘ ਜੀ ਬੈਠੇ ਨਹੀਂ ਹਨ। ਸਾਨੂੰ ਕਿਹਾ ਜਾਂਦਾ ਹੈ ਕਿ ਸਜ਼ਾ ਦਿਵਾਉਣ ਵਾਲਾ ਕੰਮ ਡਿਲੇਅ ਕਿਉਂ ਹੋ ਗਿਆ ਹੈ। ਸਪੀਕਰ ਸਾਹਿਬ, ਜਿਹੜਾ 1984 ਵਾਲਾ ਕਾਂਡ ਹੋਇਆ ਸੀ, ਉਸ ਵਿੱਚ ਵੀ ਡਿਲੇਅ ਹੋਈ ਸੀ। ਸਪੀਕਰ ਸਾਹਿਬ, ਇਸ ਡਿਸਕਸ਼ਨ ਦੌਰਾਨ ਇੱਕ ਬੜੀ ਇੰਪਾਰਟੈਂਟ ਗੱਲ ਨਿਕਲ ਕੇ ਸਾਹਮਣੇ ਆਈ ਹੈ। ਮੈਂਬਰ ਸਾਹਿਬ ਨੇ ਕਿਹਾ ਹੈ ਕਿ ਜਦੋਂ ਸਾਡੀ ਸਰਕਾਰ ਸੀ ਤਾਂ ਉਸ ਵੇਲੇ ਦੋ ਗਰੁੱਪ ਬਣੇ ਹੋਏ ਸਨ, ਜਿਨ੍ਹਾਂ ਵਿੱਚੋਂ ਇੱਕ ਗਰੁੱਪ ਚਾਹੁੰਦਾ ਸੀ ਕਿ ਇਨਸਾਫ ਹੋਵੇ ਅਤੇ ਦੂਜਾ ਗਰੁੱਪ ਚਾਹੁੰਦਾ ਸੀ ਕਿ ਇਨਸਾਫ ਨਾ ਹੋਵੇ। ਮੈਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਧਾਨ ਸਭਾ ਦੇ ਪਵਿੱਤਰ ਸਦਨ ਵਿੱਚ ਮਾਣਯੋਗ ਮੈਂਬਰ ਸਾਹਿਬ ਨੇ ਜੋ ਗੱਲ ਕਹੀ ਹੈ, ਕੀ ਉਨ੍ਹਾਂ ਦੀ ਗੱਲ ਦੇ ਬਿਹਾਫ ਤੇ ਮਾਣਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਇਹ ਦੱਸਣਗੇ ਕਿ ਉਹ ਮੈਂਬਰ ਕਿਹੜੇ-ਕਿਹੜੇ ਸਨ। ਇਸ ਬਿਲ ਵਿੱਚ ਕਿਹਾ ਗਿਆ ਹੈ ਕਿ ਜਿਨ੍ਹਾਂ ਨੇ ਬੇਅਦਬੀਆਂ ਕੀਤੀਆਂ ਹਨ, ਉਨ੍ਹਾਂ ਨੂੰ ਸਜ਼ਾ ਮਿਲੇਗੀ। ਸਪੀਕਰ ਸਾਹਿਬ, ਇਨ੍ਹਾਂ ਦਾ ਜਿਹੜਾ ਗਰੁੱਪ ਕਹਿੰਦਾ ਸੀ ਕਿ ਸਜ਼ਾਵਾਂ ਵਿੱਚ ਡਿਲੇਅ ਹੋਵੇ ਤਾਂ ਮੈਨੂੰ ਲੱਗਦਾ ਹੈ ਕਿ ਉਹ ਵੀ ਸ਼ਜਾਵਾਂ ਦੇ ਹੱਕਦਾਰ ਹਨ। ਮੈਂ ਅਖੀਰ ਵਿੱਚ ਇੱਕ ਗੱਲ ਹੋਰ ਕਹਿਣੀ ਚਾਹੁੰਦੀ ਹਾਂ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਤੁਹਾਡਾ ਸਮਾਂ ਹੋ ਗਿਆ ਹੈ ਜੀ। ਤੁਹਾਡੀ ਵਜ਼ਨਦਾਰ ਗੱਲ ਆ ਗਈ ਹੈ।

**ਸ਼੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ)** : ਸਪੀਕਰ ਸਾਹਿਬ, ਧੰਨਵਾਦ। ਅੱਜ ਤੁਸੀਂ ਮੈਨੂੰ ਇਸ ਗੰਭੀਰ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਦੇਰ ਆਏ, ਦਰੁਸਤ ਆਏ। ਸਾਲ 2016 ਵਿੱਚ ਵੀ ਇਹ ਬਿਲ ਆਇਆ ਸੀ, ਸਾਲ 2018 ਵਿੱਚ ਵੀ ਆਇਆ ਲੇਕਿਨ ਹੁਣ ਥੋੜ੍ਹਾ ਹਟ ਕੇ ਬਿਲ ਆ ਰਿਹਾ ਹੈ। ਅਸੀਂ ਇਸ ਦਾ ਸਵਾਗਤ ਕਰਦੇ ਹਾਂ ਅਤੇ ਬਿਲ ਦਾ ਸਮਰਥਨ ਕਰਦੇ ਹਾਂ। ਸਪੀਕਰ ਸਾਹਿਬ, ਅਸੀਂ ਸਾਰੇ ਧਰਮਾਂ ਦਾ ਆਦਰ-ਮਾਣ ਕਰਦੇ ਹਾਂ। ਜੇਕਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦਰ ਕਰਦੇ ਹਾਂ ਤਾਂ ਬਾਕੀ ਸਾਰੇ ਧਰਮਾਂ ਦਾ ਵੀ ਆਦਰ ਕਰਦੇ ਹਾਂ। ਸਨਾਤਨ ਧਰਮ ਵਿੱਚ ਮੂਰਤੀ ਪੂਜਾ ਹੁੰਦੀ ਹੈ, ਉਸ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ ਜਾਂਦੀ ਹੈ। ਉਸ ਪੱਥਰ ਦੀ ਮੂਰਤੀ ਵਿੱਚ ਪ੍ਰਾਣ-ਪ੍ਰਤਿਸ਼ਠਾ ਕਰਕੇ ਜੀਵਨ ਪਾਇਆ ਜਾਂਦਾ ਹੈ। ਉਸ ਨੂੰ ਵੀ ਅਸੀਂ ਸਾਖਸ਼ਾਤ ਜੀਵਤ ਮੰਨਦੇ ਹਾਂ ਅਤੇ ਆਸਥਾ ਰੱਖਦੇ ਹਾਂ। ਬਹੁਤ ਦੇਰ ਤੋਂ ਕੇਸ ਵੀ ਆਉਂਦੇ ਰਹੇ ਅਤੇ ਅਖਬਾਰਾਂ ਵਿੱਚ ਜ਼ਿਕਰ ਹੋਇਆ ਹੈ ਕਿ ਫਲਾਣੀ ਜਗ੍ਹਾ ਮੂਰਤੀ ਖੰਡਿਤ ਕਰ ਦਿੱਤੀ ਗਈ। ਡਾਕਟਰ ਅੰਬੇਦਕਰ ਜੀ ਦੀ ਮੂਰਤੀ ਖੰਡਿਤ ਹੋ ਗਈ, ਸ਼ਿਵ ਜੀ ਦੀ ਮੂਰਤੀ ਖੰਡਿਤ ਹੋ ਗਈ, ਇਸ ਤਰ੍ਹਾਂ ਹੋਰ ਬਹੁਤ ਸਾਰੀਆਂ ਮੂਰਤੀਆਂ ਖੰਡਿਤ ਹੋ ਗਈਆਂ। ਅਸੀਂ ਇਸ ਨੂੰ ਵੀ ਇਸ ਬਿਲ ਵਿੱਚ ਰੱਖੀਏ ਅਤੇ ਮੇਰਾ ਖਿਆਲ ਹੈ ਕਿ ਇਹ ਸਰਬ ਧਰਮ ਸੰਭਾਵਨਾ ਦੀ ਗੱਲ ਹੋਵੇਗੀ, "ਵਾਸੂਦੇਵ ਕਟੁੰਬਕਮ" ਦੀ ਗੱਲ

ਹੋਵੇਗੀ ਕਿ ਆਪਾਂ ਸਾਰਿਆਂ ਨੂੰ ਇੱਕੋ ਜਿਹਾ ਸਮਝਦੇ ਹਾਂ। ਮੈਂ ਇਹੀ ਗੱਲ ਕਰਦਾ ਹੋਇਆ ਤੁਹਾਡਾ ਸਭ ਦਾ ਧੰਨਵਾਦ ਕਰਦਾ ਹਾਂ ਅਤੇ ਅਸੀਂ ਇਸ ਬਿਲ ਦਾ ਸਮਰਥਨ ਕਰਦੇ ਹਾਂ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ) :** ਸਪੀਕਰ ਸਾਹਿਬ, ਅੱਜ ਤਾਂ ਤੁਸੀਂ ਸਾਰਿਆਂ ਨੂੰ ਖੁੱਲ੍ਹਾ ਮੌਕਾ ਦੇ ਰਹੇ ਹੋ। ਤੁਹਾਡਾ ਬਹੁਤ ਬਹੁਤ ਧੰਨਵਾਦ। ਇਹ ਵਿਸ਼ਾ ਬਹੁਤ ਗੰਭੀਰ ਅਤੇ ਇੰਨਾ ਨਾਜ਼ੁਕ ਹੈ ਕਿ ਇਹ ਕੋਈ ਰਾਜਨੀਤਿਕ ਵਿਸ਼ੇ ਵਾਲਾ ਮੁੱਦਾ ਹੀ ਨਹੀਂ ਹੈ। ਇਸ ਉਤੇ ਮੈਂ ਕੋਈ ਰਾਜਨੀਤਿਕ ਗੱਲ ਕਰਨ ਵਾਲਾ ਵੀ ਨਹੀਂ ਹਾਂ। ਧਰਮ ਬਹੁਤ ਹੀ ਇੰਡੀਵਿਜੂਅਲ ਜਿਹਾ ਮਾਮਲਾ ਹੈ, ਕਿਸੇ ਵੀ ਧਰਮ ਦਾ ਕੋਈ ਵੀ ਗ੍ਰੰਥ ਲੈ ਲਓ, ਉਸ ਵਿੱਚ ਸਾਰੀਆਂ ਮਨੁੱਖਤਾ ਦੀਆਂ ਗੱਲਾਂ ਕਾਮਨ ਹਨ। ਰਾਮਚਰਿਤ ਮਾਨਸ ਨੇ ਇਸ ਦੀ ਬਹੁਤ ਹੀ ਸੁੰਦਰ ਵਿਆਖਿਆ ਕੀਤੀ ਹੈ ਅਤੇ ਇਹ ਬਹੁਤ ਸਰਲ ਹੈ। ਭਗਵਤ ਗੀਤਾ ਵਿੱਚ ਤਾਂ ਸੰਸਕ੍ਰਿਤੀ ਹੈ, ਹੋ ਸਕਦਾ ਹੈ ਕਿ ਕਿਸੇ ਨੂੰ ਘੱਟ ਹੀ ਸਮਝ ਆਵੇ। ਉਸ ਦਾ ਭਾਵ ਅਰਥ ਪੜ੍ਹਿਓ, ਉਨ੍ਹਾਂ ਨੇ ਇਹ ਕਿਹਾ ਹੈ:

पर हित सरिस धर्म नहिं भाई । पर पीड़ा सम नहिं अधमाई ॥

ਭਾਵ ਦੂਜੇ ਦੇ ਭਲੇ ਦੇ ਸਮਾਨ ਕੋਈ ਧਰਮ ਨਹੀਂ ਹੈ ਅਤੇ ਦੂਜੇ ਨੂੰ ਕਸ਼ਟ ਦੇਣ ਦੇ ਸਮਾਨ ਕੋਈ ਅਧਰਮ ਨਹੀਂ ਹੈ। ਉਹ ਲੋਕ ਪਾਪੀ ਹਨ, ਜਿਹੜੇ ਧਾਰਮਿਕ ਭਾਵਨਾਵਾਂ ਅਤੇ ਧਾਰਮਿਕ ਗ੍ਰੰਥਾਂ ਨਾਲ ਛੇੜਛਾੜ ਕਰਦੇ ਹਨ ਜਾਂ ਛੇੜਛਾੜ ਕਰਵਾਉਂਦੇ ਹਨ। ਉਹ ਲੋਕ ਈਸ਼ਵਰ ਦੀ ਅਦਾਲਤ ਤੋਂ ਵੀ ਨਹੀਂ ਬਚ ਸਕਦੇ। ਇਸ ਬਿਲ ਦੇ ਅੰਦਰ ਜੋ ਪ੍ਰਾਵਧਾਨ ਹੋਇਆ ਹੈ, ਇਸ ਦੀ ਨਿਸ਼ਪਕਸ਼ਤਾ ਬਣਾਈ ਜਾਵੇ ਅਤੇ ਇਹ ਬਿਲ ਪਾਸ ਹੋ ਕੇ ਜਾਣਾ ਚਾਹੀਦਾ ਹੈ। ਮੇਰੀ ਇਸ ਸਬੰਧੀ ਇੱਕ ਹੋਰ ਬੇਨਤੀ ਹੈ ਕਿ ਸਨਾਤਨ ਧਰਮ ਬਹੁਤ ਹੀ ਵਿਆਪਕ ਹੈ। ਇਸ ਦੇ ਅੰਦਰ ਗ੍ਰੰਥ ਵੀ ਬੜੇ ਵਿਆਪਕ ਹਨ। ਉਸ ਦੀ ਸੂਚੀ ਬਣਾਉਣਾ ਵੀ ਸੰਭਵ ਨਹੀਂ ਹੈ ਪਰ ਉਸ ਦੀ ਕੋਈ ਨਾ ਕੋਈ ਵਿਆਖਿਆ ਜ਼ਰੂਰ ਹੋਵੇ। ਹੁਣ ਅਸੀਂ ਸ੍ਰੀਮਦ ਭਗਵਤ ਗੀਤਾ ਦਾ ਜ਼ਿਕਰ ਕੀਤਾ। ਇਸ ਤੋਂ ਇਲਾਵਾ ਰਾਮਚਰਿਤ ਮਾਨਸ, ਰਮਾਇਣ, ਸ਼ਿਵ ਪੁਰਾਣ ਅਤੇ ਭਗਵਤ ਪੁਰਾਣ ਪਵਿੱਤਰ ਗ੍ਰੰਥ ਵੀ ਮੌਜੂਦ ਹਨ। ਇਸ ਦੇ ਨਾਲ ਚੰਡੀ ਦੀ ਵਾਰ ਅਤੇ ਹਨੂੰਮਾਨ ਚਾਲੀਸਾ ਵੀ ਹੈ। ਸਾਡਾ ਬਹੁਤ ਹੀ ਵਚਿੱਤਰ ਅਤੇ ਖੂਬਸੂਰਤ ਦੇਸ਼ ਹੈ, ਜਿਸ ਦੇ ਅੰਦਰ ਈਸ਼ਵਰ ਦੀ ਇਬਾਦਤ ਕਰਨ ਲਈ ਸਭ ਨੇ ਅਲੱਗ ਅਲੱਗ ਰਸਤਾ ਅਪਣਾਇਆ ਹੋਇਆ ਹੈ। ਇਸ ਦਾ ਉਦੇਸ਼ ਇਹੀ ਹੈ ਕਿ ਅਸੀਂ ਉਸ ਦੀ ਪ੍ਰਾਪਤੀ ਕਰ ਸਕੀਏ। ਇਸ ਕਰਕੇ ਜੇਕਰ ਇਨ੍ਹਾਂ ਸਾਰੇ ਗ੍ਰੰਥਾਂ ਨੂੰ ਵੀ ਐਡ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਜਦੋਂ ਇਸ ਤੇ ਖੁੱਲ੍ਹੀ ਚਰਚਾ ਹੋਵੇਗੀ ਤਾਂ ਹੋਰ ਵੀ ਵਧੀਆ ਹੋਵੇਗਾ। ਬਹੁਤ ਬਹੁਤ ਧੰਨਵਾਦ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ) : ਸਪੀਕਰ** ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਇਸ ਇੰਪਾਰਟੈਂਟ ਪੰਜਾਬ ਪ੍ਰੀਵੈਨਸ਼ਨ ਆਫ ਔਫੈਂਸਿਜ਼ ਅਗੇਂਸਟ Holy Scriptures ਬਿਲ, 2025 ਤੇ ਬੋਲਣ ਦਾ ਮੌਕਾ ਦਿੱਤਾ। ਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਸੰਨ 2015 ਤੋਂ ਸ਼ੁਰੂ ਹੋਈਆਂ। ਮੇਰੇ ਤੋਂ ਪਹਿਲਾਂ ਮੈਂਬਰ ਸਾਹਿਬਾਨਾਂ ਨੇ ਦੱਸਿਆ ਹੈ ਕਿ ਬੁਰਜ ਜਵਾਹਰਕੇ (ਫਰੀਦਕੋਟ) ਮੱਲ ਕੇ (ਮੋਗਾ) ਅਤੇ ਗੁਰੂਸਰ ਭਗਤਾ (ਬਠਿੰਡਾ) ਵਿੱਚ ਬੇਅਦਬੀਆਂ ਹੋਈਆਂ ਸਨ। ਪੁਰਾਣੀਆਂ ਸਰਕਾਰਾਂ ਇਸ ਸਬੰਧੀ ਇਨਸਾਫ ਨਹੀਂ ਦੇ ਸਕੀਆਂ। ਸਦਨ ਵਿੱਚ ਤੁਸੀਂ ਸਾਨੂੰ ਗੁਰੂ ਸਾਹਿਬ ਦੀਆਂ ਤੁਕਾਂ ਦੇ ਨਾਲ ਸਮਝਾਉਂਦੇ ਹੋ। ਮੈਂ ਇਸ ਗੱਲ ਲਈ ਤੁਹਾਨੂੰ ਐਪਰੀਸ਼ੀਏਟ ਕਰਦਾ ਹਾਂ। ਸਰ, ਅੱਜ ਸਾਢੇ ਤਿੰਨ ਸਾਲ ਬਾਅਦ ਇਹ ਬਿਲ ਵਿਧਾਨ ਸਭਾ ਵਿੱਚ ਲਿਆਂਦਾ ਜਾ ਰਿਹਾ ਹੈ। ਗੁਰੂ ਸਾਹਿਬ ਦੇ ਉਪਾਸ਼ਕਾਂ ਨੂੰ ਇਸ ਬਿਲ ਦੀ ਬਹੁਤ ਉਡੀਕ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗਾਂ ਦੀ

ਬੇਅਦਬੀ ਹੋਈ, ਅੱਜ ਵੀ ਲੋਕ ਇਨਸਾਫ ਉਡੀਕ ਰਹੇ ਹਨ। ਸਰ, ਸਾਨੂੰ ਇਸ ਬਿਲ ਨੂੰ ਪਾਸ ਕਰਨ ਵੇਲੇ ਕੋਈ ਕਮੀ ਨਹੀਂ ਛੱਡਣੀ ਚਾਹੀਦੀ। ਜੇਕਰ ਕੋਈ lacuna ਰਹਿ ਗਿਆ ਹੈ, ਜਾਣੇ-ਅਣਜਾਣੇ ਵਿੱਚ ਕੁਝ ਕਮੀਆਂ-ਪੇਸ਼ੀਆਂ ਰਹਿ ਗਈਆਂ ਹਨ, ਉਨ੍ਹਾਂ ਦੀ ਸੋਧ ਜ਼ਰੂਰ ਕਰ ਲੈਣੀ ਚਾਹੀਦੀ ਹੈ। ਸਰ, ਮੈਂ ਹਾਊਸ ਵਿੱਚ ਬੈਠੇ ਮੈਂਬਰ ਸਾਹਿਬਾਨ ਦੀ ਇੱਛਾ, ਉਨ੍ਹਾਂ ਦੀ ਮਨਸ਼ਾ ਤੇ ਕੋਈ ਸ਼ੱਕ ਨਹੀਂ ਕਰ ਰਿਹਾ। ਅਸੀਂ ਸਾਰੇ ਹੀ ਗੁਰੂ ਸਾਹਿਬਾਨ ਨੂੰ ਮੰਨਣ ਵਾਲੇ ਹਾਂ ਪਰ ਇਸ ਕਾਨੂੰਨ ਨੂੰ ਦਰੁੱਸਤ ਬਣਾਈਏ, ਇਫੈਕਟਵਲੀ ਬਣਾਈਏ ਤਾਂ ਕਿ ਕੱਲ੍ਹ ਨੂੰ ਕੋਈ ਕਿਸੇ ਕੋਰਟ ਆਫ ਲਾਅ ਵਿੱਚ ਚੈਲੇਂਜ ਨਾ ਕਰ ਸਕੇ, ਇਸ ਨੂੰ set aside ਨਾ ਕਰ ਸਕੇ। ਸਾਡੇ ਸਾਰੇ ਮੈਂਬਰਾਂ ਦੀ ਕੋਈ ਔਕਾਤ ਨਹੀਂ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਨਸਾਫ ਦਿਵਾ ਸਕੀਏ ਕਿਉਂਕਿ ਅਸੀਂ ਆਪ ਜ਼ਿੰਦਗੀ ਦਾ ਇੱਕ-ਇੱਕ ਪਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਚਲਦੇ ਹਾਂ ਪਰ ਸਾਡੀ ਸਾਰਿਆਂ ਦੀ, ਜਿੰਨੇ ਅਸੀਂ ਇਸ ਸਦਨ ਵਿੱਚ ਬੈਠੇ ਹੋਏ ਹਾਂ, ਜ਼ਿੰਮੇਵਾਰੀ ਬਣਦੀ ਹੈ ਕਿ ਕੋਈ ਦੁਬਾਰਾ ਇਹੋ ਜਿਹੀ ਜੁਅਰਤ ਨਾ ਕਰ ਸਕੇ ਅਤੇ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਕਰਨ ਬਾਰੇ ਸੋਚ ਵੀ ਨਾ ਸਕੇ। ਮੈਂ ਮਹਿਸੂਸ ਕਰਦਾ ਹਾਂ ਅਤੇ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਬਿਲ ਵਿੱਚ ਕੁਝ ਕਮੀਆਂ-ਪੇਸ਼ੀਆਂ ਹਨ। ਮੇਰਾ ਫਰਜ਼ ਉਨ੍ਹਾਂ ਕਮੀਆਂ ਨੂੰ ਇਸ ਸਦਨ ਦੇ ਸਾਹਮਣੇ ਰੱਖਣਾ ਹੈ ਤਾਂ ਕਿ ਉਸ ਤੋਂ ਬਾਅਦ ਹਰੇਕ ਬੰਦਾ ਇਸ ਤੇ ਵਿਚਾਰ ਕਰ ਸਕੇ। ਸਰ, ਜੇ ਮੈਂ ਐਕਟ ਨੂੰ ਪੜ੍ਹਾਂ ਤਾਂ ਪੁਆਇੰਟ ਨੰ: 2 (a) ਵਿੱਚ ਲਿਖਿਆ ਹੈ -

> 'Holy Scriptures' means any of the Scriptures considered sacred and held as 'Holy' by respective religious denominations and may include Sri Guru Granth Sahib...

ਸਰ, may ਦਾ ਕੀ ਮਤਲਬ ਹੋਇਆ? ਇਹ ਹੋਣਾ ਚਾਹੀਦਾ ਹੈ it should include, it will include. 'May' ਦੀ ਇੰਟਰਪ੍ਰਟੇਸ਼ਨ ਤਾਂ ਇਹ ਹੋਈ ਕਿ ਹੋ ਵੀ ਸਕਦਾ ਹੈ ਅਤੇ ਨਹੀਂ ਵੀ ਹੋ ਸਕਦਾ। ਸਰ, ਇਹ ਮੇਰੀ ਸੋਚ ਹੈ, ਮੈਂ ਇਹ ਗੱਲ ਤੁਹਾਡੇ ਸਾਹਮਣੇ ਰੱਖਣੀ ਚਾਹੁੰਦਾ ਹਾਂ। ਇਹ ਗਲਤ ਵੀ ਹੋ ਸਕਦਾ ਹੈ, ਜੇਕਰ ਗਲਤ ਹੋਇਆ ਤਾਂ ਮੁਆਫੀ ਪਰ ਇਸ ਚੀਜ਼ ਤੇ ਜ਼ਰੂਰ ਧਿਆਨ ਦਿੱਤਾ ਜਾਵੇ। ਸਰ, ਪਹਿਲਾਂ ਤਾਂ ਇਸ ਬਿਲ ਵਿੱਚ ਇੰਟਰਪ੍ਰਟੇਸ਼ਨ ਸਹੀ ਕਰਨ ਦੀ ਲੋੜ ਹੈ। ਇਸ ਬਿਲ ਦੇ ਰਿਲੇਟਿਡ ਸੁਪਰੀਮ ਕੋਰਟ ਦੀਆਂ ਜੱਜਮੈਂਟਸ ਆਈਆਂ ਹਨ। ਜੇ ਇਸ ਬਿਲ ਦਾ ਨਾਂ ਹੀ Offences against Holy Scriptures Bill ਹੋਵੇਗਾ ਕਿਉਂਕਿ ਸੁਪਰੀਮ ਕੋਰਟ ਵਿੱਚ ਤਾਂ ਆਲਰੇਡੀ Holy Scriptures ਦੀ ਡੈਫੀਨੇਸ਼ਨ ਉਤੇ ਮਿਤੀ 29 ਮਾਰਚ, 2000 ਨੂੰ ਐਸ.ਜੀ.ਪੀ.ਸੀ. ਵਰਸਿਜ਼ ਸੋਮਨਾਥ ਫੈਸਲਾ ਹੋ ਚੁੱਕਿਆ ਹੈ। ਮੈਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਜਿਹੜੇ ਸੁਪਰੀਮ ਕੋਰਟ ਦੇ ਫੈਸਲੇ ਹੋਏ ਹਨ, ਉਹ ਧਿਆਨ ਵਿੱਚ ਨਹੀਂ ਰੱਖੇ ਗਏ। ਮੈਂ ਤੁਹਾਡੇ ਰਾਹੀਂ concerned legal officer ਨੂੰ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਇਹ ਬਿਲ ਸਰਕਾਰ ਦੇ ਕਿਸੇ ਬੰਦੇ ਨੇ ਨਹੀਂ ਡਰਾਫਟ ਕੀਤਾ। ਮੇਰੇ ਕਹਿਣ ਦਾ ਮਤਲਬ ਹੈ ਨਾ ਮੁੱਖ ਮੰਤਰੀ ਸਾਹਿਬ ਨੇ ਅਤੇ ਨਾ ਹੀ ਕੈਬਨਿਟ ਨੇ ਡਰਾਫਟ ਕੀਤਾ ਹੈ। ਇਸ ਬਿਲ ਨੂੰ ਮਾਹਿਰਾਂ ਨੇ ਡਰਾਫਟ ਕੀਤਾ ਹੈ। ਉਨ੍ਹਾਂ ਨੂੰ ਪੁੱਛਣ ਦੀ ਲੋੜ ਹੈ ਕਿ ਕੀ ਤੁਸੀਂ ਇਸ ਬਿਲ ਨੂੰ ਲਿਖਣ ਵੇਲੇ ਸੁਪਰੀਮ ਕੋਰਟ ਦੇ ਫੈਸਲਿਆਂ ਨੂੰ ਸਟੱਡੀ ਕੀਤਾ ਹੈ? ਸਰ, ਮੈਂ ਸੁਪਰੀਮ ਕੋਰਟ ਦਾ ਫੈਸਲਾ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ -

Guru Granth Sahib ji is a Juristic Person.

ਮਤਲਬ ਕਿ ਗੁਰੂ ਗ੍ਰੰਥ ਸਾਹਿਬ ਜੀ ਜਿਉਂਦੇ-ਜਾਗਦੇ ਸਰੂਪ ਹਨ। ਸਰ, ਇਹ ਲੜਾਈ ਐਸ.ਜੀ.ਪੀ.ਸੀ. ਲੜ ਚੁੱਕੀ ਹੈ। ਜੋ ਆਰਡਰ ਵਿੱਚ ਲਿਖਿਆ ਹੈ ਮੈਂ ਉਹ quote ਕਰ ਰਿਹਾ ਹਾਂ। ਸੋਮਨਾਥ ਨੇ ਕਿਹਾ ਸੀ, Guru Granth Sahib is like any other sacred book like Bible for Christians, Bhagwat Gita and Ramayana for Hindus and Quran for the Islamic followers and cannot be a juristic person. ਉਸ ਨੇ ਕਿਹਾ ਹੈ ਕਿ juristic person ਨਹੀਂ ਹੈ। ਸੁਪਰੀਮ ਕੋਰਟ ਦਾ ਜਵਾਬ ਸੀ -

This submission has no merit.

ਸੁਪਰੀਮ ਕੋਰਟ ਨੇ ਕਿਹਾ ਹੈ ਇਸ ਵਿੱਚ ਕੋਈ ਮੈਰਿਟ ਨਹੀਂ ਹੈ। ਸਰ, though it is true ਸੁਪਰੀਮ ਕੋਰਟ ਨੇ ਕਿਹਾ ਹੈ - Guru Granth Sahib ji is a sacred book like others but it cannot be equated with other sacred books in the same sancts. ਮਤਲਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਕੀ ਗ੍ਰੰਥਾਂ ਨਾਲੋਂ ਵੱਖਰਾ ਹੈ। ਸ੍ਰੀਮਦ ਭਗਵਤ ਗੀਤਾ ਜੀ ਨਾਲੋਂ ਵੱਖਰਾ ਹੈ, ਕੁਰਾਨ ਸ਼ਰੀਫ, Holy Bible ਨਾਲੋਂ ਵੱਖਰਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ -

> The reference of Guru Granth Sahib on the other sacred books on the other hand is based on different conceptual faith, belief and application.

ਅਸੀਂ ਇਨ੍ਹਾਂ ਤਿੰਨੇ ਚੀਜ਼ਾਂ ਤੋਂ ਵੱਖ ਹਾਂ। ਸਰ, Belief - ਸਾਡੀ ਮਾਨਤਾ, Application - ਅਸੀਂ ਸਵੇਰੇ ਉੱਠਦੇ ਹੀ ਗੁਰੂ ਸਾਹਿਬ ਦਾ ਵਾਕ ਲੈਂਦੇ ਹਾਂ, ਹੁਕਮਨਾਮਾ ਲੈਂਦੇ ਹਾਂ। ਉਸ ਤੋਂ ਬਾਅਦ ਦਿਨ ਉਸ ਤਰੀਕੇ ਨਾਲ ਬਤੀਤ ਕਰਦੇ ਹਾਂ। ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ word 'Holy Scriptures' use ਕੀਤਾ ਗਿਆ ਹੈ, ਉਹ ਗਲਤ ਹੈ। ਇਸ ਨੂੰ ਪਲੀਜ਼ ਦੁਬਾਰਾ analyse ਕਰ ਲਿਆ ਜਾਵੇ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਰ, ਮੈਂ ਅੱਜ ਨਹੀਂ ਰੁਕਣਾ ਜੀ। ਬਾਅਦ ਵਿੱਚ ਭਾਵੇਂ ਤੁਸੀਂ ਮੈਨੂੰ ਜੋ ਮਰਜ਼ੀ ਕਰ ਲੈਣਾ।

**ਮਾਣਯੋਗ ਸਪੀਕਰ** : ਇਕ ਮਿੰਟ ਜੀ। ਮਸਲਾ ਬਹੁਤ ਵੱਡਾ ਹੈ। ਸਾਰੇ ਮਾਣਯੋਗ ਮੈਂਬਰ ਸਾਹਿਬਾਨਾਂ ਦਾ ਮਨ ਕਰਦਾ ਹੈ ਕਿ ਉਹ ਅੱਜ ਬੋਲਣ। ਜੋ ਵੀ ਤੁਹਾਡੀਆਂ ਸਬਮਿਸ਼ਨਜ਼ ਹਨ, ਤੁਸੀਂ ਉਹ ਰਿਟਨ ਵਿੱਚ ਦੇ ਦੇਣਾ। ਰੁਕਣ ਦੀ ਕੋਈ ਗੱਲ ਨਹੀਂ ਹੈ। ਜੋ ਵੀ ਤੁਹਾਡੀਆਂ ਸਬਮਿਸ਼ਨਜ਼ ਹਨ, ਕਾਈਂਡਲੀ ਤੁਸੀਂ ਰਿਟਨ ਦੇ ਦੇਣਾ। ਤੁਹਾਡੀ ਬਹੁਤ ਵੱਡੀ ਗੱਲ ਇੱਥੇ ਆ ਗਈ ਹੈ। ਮੈਂ ਤੁਹਾਨੂੰ ਮੌਕਾ ਦੇ ਦਿੱਤਾ ਹੈ। ਥੈਂਕ ਯੂ ਜੀ।

(ਇਸ ਸਮੇਂ ਆਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਮੈਂ ਸੁਣ ਲਿਆ ਹੈ ਜੀ। ਪਲੀਜ਼ ਬੈਠੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਫਿਊਚਰ ਵਿੱਚ ਤੁਸੀਂ ਭਾਵੇਂ ਟਾਈਮ ਨਾ ਦੇਣਾ। ਭਾਵੇਂ ਮੇਰੇ ਸਪੀਕਰ ਦਾ ਮਾਈਕ ਆਨ ਹੋਵੇ ਜਾਂ ਨਾ ਹੋਵੇ ਪਰ ਅੱਜ ਮੈਂ ਨਹੀਂ ਰੁਕਣਾ।

**ਮਾਣਯੋਗ ਸਪੀਕਰ** : ਤੁਹਾਨੂੰ 3 ਮਿੰਟ ਹੋਰ ਦਿੱਤੇ ਜਾਂਦੇ ਹਨ। ਬਸ done. (ਵਿਘਨ) ਤੁਸੀਂ ਸਦਨ ਨੂੰ ਆਪਣੇ ਹਿਸਾਬ ਨਾਲ ਚਲਾਉਗੇ? ਤੁਹਾਨੂੰ 3 ਮਿੰਟ ਹੋਰ ਦਿੱਤੇ, you can continue.

**ਰਾਣਾ ਇੰਦਰ ਪ੍ਰਤਾਪ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸਤਿਕਾਰ ਕਰਦਾ ਹਾਂ ਪਰ ਗੁਰੂ ਤੋਂ ਵੱਧ ਸਤਿਕਾਰ ਕਿਸੇ ਦਾ ਨਹੀਂ। ਇਸ ਉੱਤੇ ਮੈਂ ਨਹੀਂ ਰੁਕਣਾ ਅਤੇ ਮੈਂ ਆਪਣੇ ਸਾਰੇ ਪੱਖ ਬਿਆਨ ਕਰਨੇ ਹਨ। ਜੇ ਸਦਨ ਵਿੱਚ ਕਿਸੇ ਬੰਦੇ ਨੂੰ ਮੇਰੇ ਬੋਲਣ ਦਾ ਇਤਰਾਜ਼ ਹੋਵੇ ਤਾਂ ਜ਼ਰੂਰ ਖੜ੍ਹਾ ਹੋ ਕੇ ਦੱਸ ਦੇਵੇ। ਸਪੀਕਰ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 11ਵੇਂ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਕੋਰਟ ਨੇ ਵੀ ਕਿਹਾ ਹੈ, ਇਸ ਆਰਡਰ ਵਿੱਚ ਮੈਂ ਪੜ੍ਹ ਕੇ ਸੁਣਾ ਰਿਹਾ ਹਾਂ -

> "It is true that the Sikh religion does not accept idolatry but at the same time when the tenth Guru declared that after him Guru Granth will be the Guru that does not amount to idolatry. The Granth replaces the Guru henceforth, after the tenth Guru thus we unhesitatingly hold Guru Granth Sahib to be a Juristic Person.

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਜਿਊਂਦੇ ਜਾਗਦੇ ਮੰਨਦੇ ਹਾਂ। ਸਰ, ਸੁਪਰੀਮ ਕੋਰਟ ਨੇ ਵੀ ਇਹ ਕਿਹਾ ਹੈ ਅਤੇ ਅਸੀਂ ਵੀ ਕਹਿੰਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜਿਊਂਦੇ ਹਨ, ਇੱਕ living Guru ਹਨ। ਸਰ, ਇਸ ਆਰਡਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਹੀ ਕਹਿ ਕੇ ਲਿਖਿਆ ਹੈ -

> 'Court declared that henceforth it would be your Guru from which you will get all your guidance and answer. It will be with this faith that it is worshiped like a living Guru.'

ਸਰ, ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ Living Guru ਕਿਹਾ। ਸਰ, ਮੈਂ ਹੁਣ conclude ਹੀ ਕਰ ਰਿਹਾ ਹਾਂ। ਮੇਰੇ ਕਹਿਣ ਦਾ ਮਕਸਦ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ Holy Scriptures ਨਹੀਂ ਹਨ। ਅਗਰ ਅਸੀਂ ਇਸ ਨੂੰ Holy Scriptures ਕਹਾਂਗੇ ਤਾਂ ਜੋ ਸੁਪਰੀਮ ਕੋਰਟ ਨੇ ਫੈਸਲਾ ਕੀਤਾ ਹੈ, ਇਹ ਚੀਜ਼ ਉਸ ਦੇ ਉਲਟ ਹੈ ਅਤੇ ਇਹ ਜਿਹੜਾ ਐਕਟ ਹੈ, ਇਹ ਉੱਡ ਵੀ ਸਕਦਾ ਹੈ। ਪਲੀਜ਼, ਇਸ ਉਤੇ ਵਿਚਾਰ ਕੀਤਾ ਜਾਵੇ। ਸਰ, ਪੈਰ੍ਹਾ 5.1 ਵਿੱਚ ਅਸੀਂ commitment of offence ਕਰਨ ਵਾਲੇ ਨੂੰ 10 ਸਾਲ ਦੀ ਸਜ਼ਾ ਦੇ ਰਹੇ ਹਾਂ, ਇਹ ਸਜ਼ਾ ਵਧ ਕੇ life imprisonment ਹੋਣੀ ਚਾਹੀਦੀ ਹੈ, ਜਦੋਂ ਅਸੀਂ ਮੰਨਦੇ ਹਾਂ ਕਿ ਸਾਡਾ ਗੁਰੂ ਜਿਊਂਦਾ ਹੈ, living ਹੈ। ਤੀਜਾ, ਸਰ ਜਿਹੜਾ ਬੰਦਾ ਕੋਸ਼ਿਸ਼ ਕਰੇ, ਉਸ ਨੂੰ ਤਿੰਨ ਸਾਲ ਦੀ ਸਜ਼ਾ ਲਿਖੀ ਗਈ ਹੈ। ਸਰ, ਕਈ ਜਗ੍ਹਾ ਬੇਅਦਬੀਆਂ ਹੋਈਆਂ ਹਨ। ਸਾਡੇ ਗ੍ਰੰਥੀ ਸਿੰਘਾਂ ਨੇ, ਸਿੱਖਾਂ ਨੇ ਜਾਂ ਸਾਡੇ ਜਿਹੜੇ ਵੀਰ ਗੁਰਦੁਆਰਾ ਸਾਹਿਬ ਮੱਥਾ ਟੇਕਣ ਗਏ ਸੀ, ਉਨ੍ਹਾਂ ਨੇ ਕੋਸ਼ਿਸ਼ ਕਰਕੇ ਉਹ ਬੇਅਦਬੀਆਂ, ਮਾਲਕ ਦੀ ਕਿਰਪਾ ਨਾਲ ਰੋਕੀਆਂ ਅਤੇ ਜਿਹੜੇ ਲੋਕ ਕੋਸ਼ਿਸ਼ ਕਰਕੇ ਗੁਰੂ ਗ੍ਰੰਥ

ਸਾਹਿਬ ਤੋਂ ਕੋਈ 2 ਇੰਚ ਦੂਰ ਹੋ ਸਕਦਾ ਹੈ, ਕੋਈ 2 ਫੁੱਟ ਦੂਰ ਹੋ ਸਕਦਾ ਹੈ, ਘਰੋਂ ਸੋਚ ਕੇ ਆਇਆ ਕਿ ਗੁਰੂ ਸਾਹਿਬ ਦੀ ਬੇਅਦਬੀ ਕਰਨੀ ਹੈ, ਕੀ ਉਸ ਨੂੰ ਅਸੀਂ ਤਿੰਨਾਂ ਸਾਲਾਂ ਵਿੱਚ ਹੀ ਛੱਡ ਦੇਈਏ? ਉਹ ਤਿੰਨਾਂ ਸਾਲਾਂ ਬਾਅਦ ਬਾਹਰ ਤੁਰਿਆ ਫਿਰੇ ਅਤੇ ਕਹੇ ਕਿ ਮੈਂ ਗੁਰੂ ਸਾਹਿਬ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਸਰ, ਇਸ ਬਿਲ ਵਿੱਚ ਇਹ ਚੀਜ਼ ਜ਼ਰੂਰ ਚੇਂਜ ਹੋਣੀ ਚਾਹੀਦੀ ਹੈ। ਸੀ.ਐਮ. ਸਾਹਿਬ, ਜਿਹੜਾ ਬੰਦਾ ਅਜਿਹੀ ਕੋਸ਼ਿਸ਼ ਕਰੇ, ਉਸ ਨੂੰ life imprisonment ਹੋਣੀ ਚਾਹੀਦੀ ਹੈ। ਸਰ, ਮੈਂ ਅਖੀਰ ਵਿੱਚ ਇੰਨੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਸੰਸਥਾਵਾਂ/ਏਜੰਸੀਆਂ ਦੇਸ਼ ਵਿੱਚ ਵੀ ਅਤੇ ਬਾਹਰਲੇ ਦੇਸ਼ਾਂ/ਸੂਬਿਆਂ ਵਿੱਚ ਵੀ ਸਿੱਖ ਧਰਮ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ। ਸਾਨੂੰ, ਇਸ ਸਦਨ ਨੂੰ, ਸਾਰੇ ਪੰਜਾਬ ਵਿੱਚ, ਦੁਨੀਆ ਵਿੱਚ ਗੁਰੂ ਸਾਹਿਬ ਦੇ ਉਪਾਸ਼ਕ ਦੇਖ ਰਹੇ ਹਨ, ਇਹ ਕਾਨੂੰਨ ਸੀਰੀਅਸਲੀ ਬਣਨਾ ਚਾਹੀਦਾ ਹੈ। ਜਿਹੜੇ ਲੋਕ ਸਿੱਖ ਮਰਿਆਦਾ ਨੂੰ ਜਾਣਦੇ ਹਨ, ਉਨ੍ਹਾਂ ਦੇ ਮਾਹਿਰ ਹਨ, ਕਾਨੂੰਨੀ ਮਾਹਿਰ ਹਨ, ਉਨ੍ਹਾਂ ਸਿੱਖ ਸਿਆਸਤਦਾਨਾਂ ਨੂੰ ਇਕੱਠਾ ਕਰਕੇ ਸਾਨੂੰ ਇਸ ਬਿਲ ਨੂੰ conclusion ਤੱਕ ਲਿਆਉਣਾ ਚਾਹੀਦਾ ਹੈ। ਮੈਂ ਬਿਲ ਦੀ ਸਪੋਰਟ ਕਰਦਾ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਸੀ.ਐਮ. ਸਾਹਿਬ, ਤੁਸੀਂ ਕੁਝ ਕਹਿਣਾ ਚਾਹੁੰਦੇ ਸੀ ਜਾਂ ਫਿਰ continue ਕਰ ਲਈਏ। ਤੁਹਾਡੀ ਕੋਈ intervention ਸੀ?

**ਮੁੱਖ ਮੰਤਰੀ** : ਕਿਸੇ ਹੋਰ ਪਾਰਟੀ ਦੇ ਕੋਈ ਬੁਲਾਰੇ ਰਹਿੰਦੇ ਹਨ?

**ਮਾਣਯੋਗ ਸਪੀਕਰ** : ਇੱਕ-ਦੋ ਹੋਰ ਬੁਲਾਰੇ ਨੂੰ ਬੁਲਵਾ ਲੈਂਦੇ ਹਾਂ। ਹਾਂ ਜੀ, ਸ੍ਰੀ ਅਵਤਾਰ ਸਿੰਘ ਜੂਨੀਅਰ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ)**: ਸਪੀਕਰ ਸਾਹਿਬ, Constitution of India ਦੇ ਆਰਟੀਕਲ 25, 26, 27 ਅਤੇ 28 ਵਿੱਚ ਸਾਨੂੰ ਜਿਹੜੇ Fundamentals Rights ਦਿੱਤੇ ਗਏ ਹਨ, ਉਸ ਵਿੱਚ ਹੈ - Right to Religion. ਅੱਜ ਇਹ ਜਿਹੜਾ ਬਿਲ ਪੇਸ਼ ਕੀਤਾ ਗਿਆ ਹੈ, ਇਸ ਅਜ਼ੀਮ ਸਦਨ ਵਿੱਚ ਖੜ੍ਹੇ ਹੋ ਕੇ ਬੜੀ ਨਮੋਸ਼ੀ ਨਾਲ...

**ਮੁੱਖ ਮੰਤਰੀ (ਬੈਠੇ ਬੈਠੇ)**: ਨਮੋਸ਼ੀ ਦੇ ਨਾਲ?

**ਸ੍ਰੀ ਅਵਤਾਰ ਸਿੰਘ ਜੂਨੀਅਰ**: ਨਮੋਸ਼ੀ ਦੇ ਨਾਲ। ਪਿਛਲੀ ਵਾਰ ਜਦੋਂ ਕਾਂਗਰਸ ਪਾਰਟੀ ਦੀ ਸਰਕਾਰ ਸੀ, ਉਦੋਂ ਵੀ ਵਿਧਾਨ ਸਭਾ ਵਿੱਚ ਇੱਕ ਬਿਲ ਪੇਸ਼ ਹੋਇਆ ਸੀ। ਅੱਜ ਬਿਲ ਪੇਸ਼ ਹੋ ਰਿਹਾ ਹੈ - ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ-2025. ਅਸੀਂ ਜਿਸ ਗੁਰੂ ਗ੍ਰੰਥ ਸਾਹਿਬ, ਮੰਦਰ, ਗਿਰਜਾਘਰ ਦੇ ਵਿੱਚ ਨਤਮਸਤਕ ਹੋ ਕੇ ਆਪਣੇ ਬੱਚਿਆਂ ਵਾਸਤੇ, ਆਪਣੇ ਪਰਿਵਾਰਾਂ ਵਾਸਤੇ ਅਰਦਾਸ ਕਰਦੇ ਹਾਂ ਪਰ ਅੱਜ ਇਸ ਸਮਾਜ ਵਿੱਚ ਇਹ ਮਾਹੌਲ ਬਣ ਗਿਆ ਹੈ ਕਿ ਅੱਜ ਉਨ੍ਹਾਂ ਦੀ ਬੇਅਦਬੀ ਦੀ ਰੋਕਥਾਮ ਵਾਸਤੇ ਕਾਨੂੰਨ ਬਣਾਇਆ ਜਾ ਰਿਹਾ ਹੈ। ਸੀ.ਐਮ. ਸਾਹਿਬ, ਇਹ ਨਮੋਸ਼ੀ ਦੀ ਗੱਲ ਹੈ।

**ਮਾਣਯੋਗ ਸਪੀਕਰ**: ਇੱਕ ਮਿੰਟ ਜੀ, ਮਾਹੌਲ ਤਾਂ ਪਹਿਲਾਂ ਵੀ ਸੀ ਪਰ ਪਹਿਲਾਂ ਨਾਲ ਦੀ ਨਾਲ ਸਜ਼ਾਵਾਂ ਦੇ ਦਿੱਤੀਆਂ ਜਾਂਦੀਆਂ ਸਨ।

**ਮੁੱਖ ਮੰਤਰੀ** : ਐਮ.ਐਲ.ਏ. ਸਾਹਿਬ, ਡਾਕਟਰ ਬਲਜੀਤ ਕੌਰ ਨੇ ਪਰਸੋਂ ਬਲਦਾਂ ਵਾਲੇ ਮਾਮਲਿਆਂ ਤੇ ਬੋਲਦੇ ਹੋਏ ਇਹ ਕਿਹਾ ਸੀ ਕਿ ਸਾਰੇ ਕਾਨੂੰਨ ਬੰਦਿਆਂ ਦੇ ਖਿਲਾਫ ਹੀ ਬਣੇ ਹਨ ਕਿਉਂਕਿ ਅਪਰਾਧੀ ਵੀ ਬੰਦਿਆਂ ਵਿੱਚੋਂ ਹੀ ਬਣਦੇ ਹਨ, ਅਪਰਾਧੀ ਬੰਦੇ ਹੀ ਹਨ। ਇਹ ਮਨੁੱਖਤਾ ਦੇ ਹੱਕ ਵਿੱਚ ਕਾਨੂੰਨ ਹੈ। ਕੋਈ ਪਸ਼ੂ-ਡੰਗਰ ਬੇਅਦਬੀ ਨਹੀਂ ਕਰਦਾ। ਜਦੋਂ ਕੋਈ ਨਾ ਕੋਈ ਅਪਰਾਧ ਕਰਨ ਜਾਂਦਾ ਹੈ, ਉਸ ਦੇ ਪਿੱਛੇ ਵੀ ਕੋਈ ਨਾ ਕੋਈ ਮਾਈਂਡ ਹੁੰਦਾ ਹੈ। ਜਿਹੜਾ ਕੋਈ ਅਜਿਹਾ ਕਰਦਾ ਹੈ, ਉਸ ਬਾਰੇ ਕਹਿ ਦਿੱਤਾ ਜਾਂਦਾ ਹੈ ਕਿ ਇਹ ਮਾਨਸਿਕ ਤੌਰ ਤੇ ਠੀਕ ਨਹੀਂ ਹੈ। ਕਤਲ ਕੌਣ ਕਰਦਾ ਹੈ? ਬੰਦੇ ਦਾ ਕਤਲ ਬੰਦਾ ਹੀ ਕਰਦਾ ਹੈ ਤਾਂ ਕੀ ਬੀ.ਐਨ.ਐਸ. ਵਿੱਚ ਧਾਰਾ 302 ਵੀ ਨਮੋਸ਼ੀ ਹੈ? ਮੇਰਾ ਕਹਿਣ ਦਾ ਭਾਵ ਹੈ ਕਿ ਇਸ ਨੂੰ ਨਮੋਸ਼ੀ ਵਾਲਾ ਬਿਲ ਨਾ ਕਿਹਾ ਜਾਵੇ, ਮੈਂ ਇਸ ਨੂੰ ਖੁਸ਼ੀ ਵਾਲਾ ਵੀ ਨਹੀਂ ਕਹਿੰਦਾ ਪਰ ਘੱਟੋ-ਘੱਟ ਆਪਾਂ ਇੱਥੇ ਕਾਨੂੰਨ ਤਾਂ ਬਣਾ ਸਕਦੇ ਹਾਂ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਇੱਥੇ ਇਹ ਵੀ ਕਿਹਾ ਗਿਆ ਹੈ ਕਿ ਇਹ ਇਤਿਹਾਸਕ ਅਤੇ ਮਹੱਤਵਪੂਰਣ ਹੈ।

**ਮੁੱਖ ਮੰਤਰੀ** : ਹਾਂ ਜੀ, ਇਤਿਹਾਸਕ ਤੇ ਮਹੱਤਵਪੂਰਣ ਹੈ ਕਿਉਂਕਿ ਅਸੀਂ ਆਪਣੇ ਸਾਰੇ ਧਾਰਮਿਕ ਗ੍ਰੰਥਾਂ ਨੂੰ ਬਚਾਉਣਾ ਹੈ। ਸੋ, ਇਸ ਵਾਸਤੇ ਨਮੋਸ਼ੀ ਲਫਜ਼ ਨਾ ਵਰਤਿਆ ਜਾਵੇ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਹੁਣ ਤੁਸੀਂ ਕੰਟੀਨਿਊ ਕਰੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਮੇਰੀ ਗੁਜ਼ਾਰਿਸ਼ ਹੈ ਕਿ ਸੀ.ਐਮ. ਸਾਹਿਬ ਮੇਰੇ ਤੋਂ ਬਹੁਤ ਜ਼ਿਆਦਾ ਸੀਨੀਅਰ ਹਨ, ਸਮਝਦਾਰ ਹਨ ਲੇਕਿਨ ਮੇਰੇ ਜ਼ਿਹਨ ਵਿੱਚ ਆਉਂਦਾ ਹੈ ਕਿ ਇਹ ਨਮੋਸ਼ੀ ਵਾਲਾ ਬਿਲ ਹੈ। (ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰਜ਼ ਵੱਲੋਂ ਵਿਘਨ) ਜਦੋਂ ਤੁਸੀਂ ਬੋਲ ਰਹੇ ਸੀ, ਕੀ ਮੈਂ ਇੰਟ੍ਰੱਪਟ ਕੀਤਾ ਹੈ? ਸੋ, ਤੁਸੀਂ ਵਿੱਚ ਨਾ ਬੋਲੋ।

**ਮਾਣਯੋਗ ਸਪੀਕਰ** : ਪਲੀਜ਼, ਚੇਅਰ ਨੂੰ ਐਡਰੈੱਸ ਕਰੋ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਹਾਂ ਜੀ, ਮੈਂ ਚੇਅਰ ਨੂੰ ਐਡਰੈੱਸ ਕਰ ਰਿਹਾ ਹਾਂ। ਮੇਰੀ ਬੇਨਤੀ ਹੈ ਕਿ ਜਿਨ੍ਹਾਂ ਕੋਲ ਅਸੀਂ ਆਪਣੇ ਪਰਿਵਾਰ ਵਾਸਤੇ ਅਰਦਾਸ ਕਰਦੇ ਹਾਂ, ਉਨ੍ਹਾਂ ਦੇ ਨਮਿਤ ਅੱਜ ਅਸੀਂ ਇਹੋ ਜਿਹਾ ਬਿਲ ਲੈ ਕੇ ਆ ਰਹੇ ਹਾਂ, ਇਸ ਬਿਲ ਦਾ ਮੈਂ ਸਮਰਥਨ ਕਰਦਾ ਹਾਂ ਪਰ ਨਮੋਸ਼ੀ ਮੈਨੂੰ ਪਿਛਲੀ ਵਿਧਾਨ ਸਭਾ ਵਿੱਚ ਵੀ ਸੀ ਅਤੇ ਇਸ ਵਿਧਾਨ ਸਭਾ ਵਿੱਚ ਵੀ ਹੈ। ਅਸੀਂ ਆਪਣਾ ਸੋਸ਼ਲ ਸਟ੍ਰਕਚਰ ਇੰਨਾ ਜ਼ਿਆਦਾ ਖਰਾਬ ਕਰ ਲਿਆ ਹੈ ਕਿ ਅਸੀਂ ਇੱਕ-ਦੂਜੇ ਦੇ ਧਰਮ ਉੱਤੇ ਨੁਕਤਾਚੀਨੀ ਕਰ ਰਹੇ ਹਾਂ। ਮੈਂ ਜ਼ਿਆਦਾ ਲੰਬਾ ਸਮਾਂ ਨਹੀਂ ਲਵਾਂਗਾ, ਸਾਰਿਆਂ ਨੇ ਇਤਿਹਾਸ ਵਿਚੋਂ ਗੱਲਾਂ ਦੱਸੀਆਂ ਹਨ, ਭਾਵੇਂ ਉਹ ਵਜ਼ੀਰ ਸਾਹਿਬ ਹੋਣ, ਮੇਰੇ ਸਤਿਕਾਰਯੋਗ ਐਮ.ਐਲ.ਏ. ਸਾਹਿਬ ਹੋਣ, ਸਾਮ੍ਹਣੇ ਵਾਲੇ ਐਮ.ਐਲ.ਏ. ਸਾਹਿਬ ਹੋਣ। ਮੇਰੀ ਬੇਨਤੀ ਹੈ ਕਿ ਸਨਾਤਨ ਧਰਮ ਵਿਚੋਂ ਜਦੋਂ ਇਨਕਲੂਡ ਕਰਨਾ ਹੈ ਤਾਂ ਉਸ ਵਿੱਚ ਯੱਗ ਦਾ ਬਹੁਤ ਵੱਡਾ ਮਹੱਤਵ ਹੈ, ਯੱਗ ਨੂੰ ਵੀ ਇਸ ਵਿੱਚ ਇਨਕਲੂਡ ਕੀਤਾ ਜਾਵੇ। ਸਪੀਕਰ ਸਾਹਿਬ, ਇਹ ਬਿਲ ਬਹੁਤ ਜ਼ਿਆਦਾ ਵੇਗ ਹੈ, ਇਸ ਵਿੱਚ ਬਿਲਕੁਲ ਵੀ ਕਲੈਰਿਟੀ ਨਹੀਂ ਹੈ ਅਤੇ ਬੜੀ ਹੀ ਜਲਦਬਾਜ਼ੀ ਵਿੱਚ ਲਿਆਂਦਾ ਗਿਆ ਹੈ। ਜਿਸ ਦਾ ਬੜਾ ਢੁਕਵਾਂ ਉਦਾਹਰਣ ਬਹੁਤ ਹੀ ਸਤਿਕਾਰਯੋਗ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਤੇ ਵਜ਼ੀਰ ਸਾਹਿਬ ਨੇ ਇਸ ਅਜ਼ੀਮ ਸਦਨ ਵਿੱਚ ਦੇ ਦਿੱਤਾ ਹੈ। ਇਸ ਵਿੱਚ ਦੋ ਵੱਖਰੇ-ਵੱਖਰੇ ਬਿਲ ਹਨ। ਇੱਕ ਬਿਲ ਉਹ ਸੀ, ਜਿਹੜਾ ਕੌਂਸਲ ਆਫ ਮਨਿਸਟਰਜ਼ ਨੇ ਪਾਸ ਕੀਤਾ ਸੀ, ਜੋ ਕਿ ਅੱਜ ਸਾਡੇ ਸਾਮ੍ਹਣੇ ਹੈ। ਦੂਜਾ ਬਿਲ ਉਹ ਸੀ,

ਜਿਹੜਾ ਉਨ੍ਹਾਂ ਦੇ ਹੱਥ ਵਿੱਚ ਸੀ, ਜਿਸ ਵਿੱਚ ਉਨ੍ਹਾਂ ਨੇ ਬਹੁਤ ਸਾਰੀਆਂ ਦਰੁੱਸਤੀਆਂ ਕੀਤੀਆਂ ਹੋਈਆਂ ਹਨ। ਜਿਸ ਵਿੱਚ ਸੈਕਸ਼ਨ 7 (2) ਦਾ ਵੇਰਵਾ ਦਿੱਤਾ ਗਿਆ ਹੈ । ਇਹ ਵੇਰਵਾ ਵੀ ਦਿੱਤਾ ਗਿਆ ਹੈ ਕਿ ਜਦੋਂ ਜਾਂਚ ਦੀ ਇਹ ਸਾਰੀ ਪ੍ਰਕ੍ਰਿਆ ਪੂਰੀ ਹੋ ਜਾਵੇਗੀ ਤਾਂ ਪਵਿੱਤਰ ਗ੍ਰੰਥ, ਜਿਸ ਸਮਾਜ ਦਾ ਹੋਵੇਗਾ, ਉਸ ਨੂੰ ਦੇ ਦਿੱਤਾ ਜਾਵੇਗਾ ਪਰ ਇਹ ਕਲਾਜ਼ ਇਸ ਬਿਲ ਵਿੱਚ ਨਹੀਂ ਹੈ। ਸੀ.ਐਮ. ਸਾਹਿਬ, ਮੈਂ ਮਾਫੀ ਚਾਹਾਂਗਾ ਪਰ ਜਿਹੜੇ ਤੁਹਾਡੇ ਬਿਊਰੋਕ੍ਰੇਟ ਹਨ, ਉਨ੍ਹਾਂ ਨੇ ਸਾਡੀਆਂ ਭਾਵਨਾਵਾਂ ਆਹਤ ਕਰਨ ਵਾਸਤੇ ਇਸ ਵਿੱਚ ਇੰਨਾ ਜ਼ਿਆਦਾ ਸਕੋਪ ਦੇ ਦਿੱਤਾ ਹੈ। ਮੇਰੀ ਇਸ ਹਾਊਸ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਵਾਸਤੇ ਇਕ ਰਿਲੀਜੀਅਸ ਹਾਰਮਨੀ ਕੌਂਸਲ ਜ਼ਰੂਰ ਗਠਿਤ ਕੀਤੀ ਜਾਵੇ।

**ਮਾਣਯੋਗ ਸਪੀਕਰ:** ਤੁਹਾਡੀ ਪਾਰਟੀ ਨੂੰ ਮਿਲੇ ਸਮੇਂ ਮੁਤਾਬਿਕ ਤੁਹਾਡਾ ਸਮਾਂ ਹੋ ਗਿਆ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਮੇਰੇ ਹਾਲੇ 4 ਮਿੰਟ ਹੋਏ ਹਨ, ਮੈਨੂੰ ਦੋ ਮਿੰਟ ਦਾ ਹੋਰ ਸਮਾਂ ਦਿੱਤਾ ਜਾਵੇ, ਮੈਂ ਹੋਰ ਜ਼ਿਆਦਾ ਸਮਾਂ ਨਹੀਂ ਲਵਾਂਗਾ। ਸਰ, ਹਰ ਰਿਲੀਜੀਅਸ ਬਾੱਡੀ ਵਿਚੋਂ ਬੰਦੇ ਲਏ ਜਾਣ, ਉਹ ਇਸ ਬਿਲ ਵਾਸਤੇ ਪ੍ਰਵਾਨਗੀ ਦੇਣ ਤਾਂ ਫੇਰ ਇਸ ਨੂੰ ਸਦਨ ਵਿੱਚ ਲਿਆਂਦਾ ਜਾਵੇ। ਦੂਜਾ, ਇਸ ਬਿਲ ਵਿੱਚ ਨੰ: 3 ਤੇ ਕਲਾਸੀਫਿਕੇਸ਼ਨ ਆਫ ਓਫੈਂਸ ਵਿੱਚ ਦੇਖਿਆ ਜਾਵੇ ਤਾਂ ਉਹ ਕਾਗਨੀਜ਼ੀਏਬਲ ਹੈ, ਨਾਨ-ਬੇਲਏਬਲ ਹੈ, ਨਾਨ-ਕੰਪਾਊਂਡੇਬਲ ਹੈ। ਚਾਹੇ ਇੱਥੇ ਬੀ.ਜੇ.ਪੀ. ਵਾਲੇ ਬੈਠੇ ਹਨ। ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਅੱਜ ਹਿੰਦੁਸਤਾਨ ਪੁਲਿਸ ਸਟੇਟ ਬਣਾ ਦਿੱਤੀ ਗਈ ਹੈ ਅਤੇ ਸੇਮ ਹੀ ਪੰਜਾਬ ਵਿੱਚ ਹੈ। ਨੰ: 4 ਵਿੱਚ ਇਨਕੁਆਇਰੀ ਡੀ.ਐਸ.ਪੀ. ਲੈਵਲ ਜਾਂ ਉਸ ਤੋਂ ਉੱਪਰਲੇ ਅਫਸਰ ਨੂੰ ਦਿੱਤੀ ਗਈ ਹੈ। ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਵਾਸਤੇ ਇਕ ਜੁਡੀਸ਼ੀਅਲ ਕਮਿਸ਼ਨ ਗਠਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਹਾਈ ਕੋਰਟ ਦੇ ਚੀਫ਼ ਜਸਟਿਸ, ਜਿਹੜੇ ਰਿਟਾਇਰ ਹੋਏ ਹੋਣ, ਉਹ ਸ਼ਾਮਲ ਕੀਤੇ ਜਾਣ ਅਤੇ ਤਿੰਨ ਮਹੀਨੇ ਜਾਂ ਛੇ ਮਹੀਨੇ ਵਿੱਚ ਟਾਈਮ ਬਾਊਂਡ ਇਨਕੁਆਰੀ ਕਰਵਾਈ ਜਾਵੇ। ਸੋ, ਇੱਕ ਲਿਮਟ ਫਿਕਸ ਹੋਵੇ। ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਇੱਕ ਡੀ.ਐਸ.ਪੀ. ਲੈਵਲ ਦਾ ਅਫਸਰ ਜਦੋਂ ਮਰਜ਼ੀ ਮੈਨੂਪਲੇਟ ਹੋ ਸਕਦਾ ਹੈ, ਇਹ ਅੱਜ ਹਕੀਕਤ ਹੈ, ਭਾਵੇਂ ਪੰਜਾਬ ਦੀ ਧਰਤੀ ਹੈ ਜਾਂ ਹਿੰਦੁਸਤਾਨ ਦੀ ਧਰਤੀ ਹੈ, ਅੱਜ ਉਹ ਮੈਨੂਪਲੇਟ ਹੋ ਰਹੇ ਹਨ ਅਤੇ ਉਸ ਵਿੱਚ ਪੁਲੀਟੀਕਲ ਵੈਨਡੈਟਾ ਹੋਵੇਗਾ। ਸੋ, ਨਿਮਰਤਾ ਸਹਿਤ ਬੇਨਤੀ ਹੈ ਕਿ ਕਮਿਸ਼ਨ ਹੋਵੇ, ਉਹ ਕਮਿਸ਼ਨ ਟਾਈਮ ਬਾਊਂਡ ਇਨਕੁਆਰੀ ਕਰੇ ਅਤੇ ਉਹ ਹਦਾਇਤ ਕਰਕੇ ਐਫ.ਆਈ.ਆਰ. ਦਰਜ ਕਰਵਾਵੇ। ਇਸ ਦੇ ਨਾਲ ਹੀ ਇਹ ਸਿਵਲ ਜੱਜ ਦੇ ਕੋਲ ਸਪੈਸ਼ਲ ਕੋਰਟ ਦੇ ਵਿੱਚ ਹੋਵੇ ਕਿ ਦੋ ਸਾਲ ਦੇ ਵਿੱਚ ਵਿੱਚ ਜਾਂ ਦੋਸ਼ੀ ਨੂੰ ਸਜ਼ਾ ਦਿੱਤੀ ਜਾਂ ਉਸ ਅਫਸਰ ਦੀ ਬਰਖਾਸਤਗੀ ਹੋਵੇ। ਸਪੀਕਰ ਸਾਹਿਬ, ਮੈਂ ਫਿਰ ਤੋਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਉੱਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਸਾਰੇ ਹਾਊਸ ਨੂੰ ਫਿਰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਇਹ ਸਾਡੇ ਵਾਸਤੇ ਨਮੋਸ਼ੀ ਵਾਲਾ ਦਿਨ ਹੈ ਕਿ ਪੂਰੇ ਪੰਜਾਬ ਅਤੇ ਦੁਨੀਆ ਦੇ ਵਿੱਚੋਂ ਅਸੀਂ ਇਸ ਸਦਨ ਦੇ ਵਿੱਚ ਇਹੋ ਜਿਹਾ ਬਿਲ ਲੈ ਕੇ ਆਏ ਹਾਂ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਚੇਤਨ ਸਿੰਘ ਜੋੜਾਮਾਜਰਾ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ (ਸਮਾਣਾ):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਸਾਹਿਬ ਜੀ ਇਹ ਬੜਾ ਜ਼ਰੂਰੀ ਬਿਲ ਲੈ ਕੇ ਆਏ ਹਨ। ਇਹ ਕਿਸੇ ਇੱਕ ਧਰਮ ਜਾਂ ਇੱਕ

ਜਾਤ ਵਾਸਤੇ ਨਹੀਂ, ਸਗੋਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹੋਏ ਲਿਆਏ ਹਨ। ਮੈਂ ਇਸ ਦਾ ਸਮਰਥਨ ਕਰਦਾ ਹਾਂ ਕਿਉਂਕਿ ਪਿਛਲੇ ਸਮੇਂ ਦੇ ਵਿੱਚ ਬਹੁਤ ਸਾਰੀਆਂ ਇਹੋ ਜਿਹੀਆਂ ਘਟਨਾਵਾਂ ਹੋਈਆਂ ਹਨ, ਜਿਨ੍ਹਾਂ ਵਿੱਚ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਹੋਈਆਂ ਹਨ। ਅਸੀਂ ਸੁਣਦੇ ਹੁੰਦੇ ਸੀ ਕਿ ਸਾਡੇ ਫੌਜੀ ਵੀਰ ਜਦੋਂ ਜੰਗ ਵਿੱਚ ਜਾਂਦੇ ਹੁੰਦੇ ਸੀ ਤਾਂ ਉਹ ਸਫਰੀ ਸਰੂਪ ਆਪਣੇ ਨਾਲ ਲੈ ਕੇ ਜਾਂਦੇ ਸੀ। ਜਿਨ੍ਹਾਂ ਨੂੰ ਚੁੱਕਣਾ ਬੜਾ ਅਸਾਨ ਸੀ। ਇਹ ਸਫਰੀ ਸਰੂਪ, ਜਿਹੜਾ ਬੜਾ ਪਵਿੱਤਰ ਅਤੇ ਇਤਿਹਾਸਕ ਸੀ, ਹਲਕੇ ਸਮਾਣੇ ਦੇ ਪਿੰਡ ਕਲਿਆਣ ਵਿਚੋਂ 2017 ਤੋਂ 2022 ਵਿੱਚ ਚੋਰੀ ਹੋ ਗਿਆ ਸੀ। ਸੋ, ਮੈਨੂੰ ਲੱਗਦਾ ਹੈ ਕਿ ਇਹ ਬਿਲ ਪਾਸ ਹੋਣ ਨਾਲ ਅਜਿਹੇ ਮਾਮਲਿਆਂ ਵਿੱਚ ਜਿਵੇਂ ਕਹਿੰਦੇ ਸੀ ਕਿ ਇਹ ਦੋਸ਼ੀ ਮੈਂਟਲ ਹੈ, ਇਸ ਕਰਕੇ ਅਜਿਹਾ ਹੋ ਗਿਆ, ਉਨ੍ਹਾਂ ਵਾਸਤੇ ਸਖਤ ਸਜ਼ਾ ਰੱਖੀ ਗਈ ਹੈ, ਇਸ ਨਾਲ ਇਨਸਾਫ਼ ਹੋਵੇਗਾ। ਪੰਜਾਬ ਦੇ ਲੋਕ ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧ ਰੱਖਦੇ ਹੋਣ, ਉਨ੍ਹਾਂ ਦਾ ਆਪਣੇ ਧਰਮ ਨਾਲ ਬਹੁਤ ਨੇੜਲਾ ਰਿਸ਼ਤਾ ਹੈ, ਉਹ ਦਿਲੋਂ ਜੁੜੇ ਹੋਏ ਹਨ। ਉਹ ਜਦੋਂ ਕਿਸੇ ਧਾਰਮਿਕ ਅਸਥਾਨ ਤੇ ਜਾਂਦੇ ਹਨ ਤਾਂ ਨਤਮਸਤਕ ਹੋਣ ਤੋਂ ਪਹਿਲਾਂ ਸਰੀਰਕ ਪਵਿੱਤਰਤਾ ਦਾ ਖਿਆਲ ਰੱਖਦੇ ਹਨ। ਉਨ੍ਹਾਂ ਨੇ ਸਿਰ ਕੱਜਣਾ ਹੈ, ਹੱਥ ਪੈਰ ਧੋਂਦੇ ਹਨ, ਉਹ ਪਵਿੱਤਰਤਾ ਦੇ ਮੱਦੇਨਜ਼ਰ ਪੂਰਾ ਧਿਆਨ ਰੱਖਦੇ ਹਨ ਪਰ ਕੁਝ ਸ਼ਰਾਰਤੀ ਅਨਸਰ ਪੰਜਾਬ ਵਿੱਚ ਇਹੋ ਜਿਹੀ ਫੁੱਟ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਸੋ, ਮੈਂ, ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਹ ਜਿਹੜਾ ਬਿਲ ਲੈ ਕੇ ਆਏ ਹਨ, ਉਹ ਪੰਜਾਬ ਵਾਸਤੇ ਬਹੁਤ ਜ਼ਰੂਰੀ ਸੀ। ਮੈਂ, ਇਸ ਬਿਲ ਦਾ ਸਮਰਥਨ ਵੀ ਕਰਦਾ ਹਾਂ। ਸਪੀਕਰ ਸਾਹਿਬ, ਤੁਹਾਡਾ ਵੀ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਵਿਕਰਮਜੀਤ ਸਿੰਘ ਚੌਧਰੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਇੱਕ ਮਿੰਟ ਜੀ। ਸੀ.ਐਮ. ਸਾਹਿਬ ਨੂੰ ਗੱਲ ਕਰ ਲੈਣ ਦਿਉ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਮਿਹਰਬਾਨੀ। ਅੱਜ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਅਤੇ ਬਹੁਤ ਹੀ ਗੰਭੀਰ ਵਿਸ਼ਾ ਮੁਕੱਦਸ ਸਦਨ ਦੇ ਵਿੱਚ ਵਿਚਾਰਿਆ ਜਾ ਰਿਹਾ ਹੈ। ਮੇਰੇ ਤੋਂ ਰਾਜਨੀਤਕ ਤੌਰ ਤੇ ਵੀ ਅਤੇ ਉਮਰ ਵਿੱਚ ਬਹੁਤ ਸਾਰੇ ਸੀਨੀਅਰ ਮੈਂਬਰ ਸਾਹਿਬਾਨ ਨੇ ਆਪਣੇ-ਆਪਣੇ ਵਿਚਾਰ ਰੱਖੇ ਹਨ। ਕੱਲ੍ਹ ਵੀ ਮੈਂ ਇਹੀ ਗੱਲ ਕਹੀ ਸੀ ਕਿ ਮੈਨੂੰ ਨਹੀਂ ਲੱਗਦਾ ਕਿ ਕੋਈ ਇਸ ਬਿਲ ਦਾ ਵਿਰੋਧ ਕਰੇਗਾ। ਅਸੀਂ ਸ਼ਬਦਾਂ ਨਾਲ ਜੁੜੇ ਹੋਏ ਹਾਂ ਜੀ। ਸਾਡੀ ਤਾਂ ਕਿਤੇ ਗਲਤੀ ਨਾਲ ਸਕੂਲ ਵਿੱਚ ਕਾਪੀ ਵੀ ਥੱਲੇ ਡਿੱਗ ਜਾਵੇ ਤਾਂ ਅਸੀਂ ਉਸ ਕਾਪੀ ਨੂੰ ਚੁੱਕ ਕੇ ਮੱਥੇ ਨਾਲ ਲਗਾ ਕੇ ਉਸ ਕਾਪੀ ਨੂੰ ਚੁੰਮਦੇ ਹਾਂ। ਅਸੀਂ ਅੱਖਰਾਂ ਨੂੰ ਇੰਨਾ ਪਿਆਰ ਕਰਦੇ ਹਾਂ। ਸਾਨੂੰ ਕਿਤੇ ਕੋਈ ਕਾਗਜ਼ ਮਿਲ ਜਾਵੇ, ਜਿਸ ਦੇ ਉਪਰ ਕੁਝ ਲਿਖਿਆ ਹੋਵੇ ਤਾਂ ਅਸੀਂ ਉਸ ਨੂੰ ਪਹਿਲਾਂ ਆਲੇ ਵਿੱਚ ਲਿਜਾ ਕੇ ਧਰਦੇ ਹਾਂ। ਸਾਡੀ ਲਿਪੀ ਦਾ ਨਾਂ ਹੀ ਗੁਰਮੁੱਖੀ ਹੈ, ਮਤਲਬ ਗੁਰੂ ਦੇ ਮੁੱਖੋਂ ਨਿਕਲੀ ਹੋਈ। ਗੁਰੂ ਸਾਹਿਬਾਨ ਨੇ ਸਾਨੂੰ ਸ਼ਬਦ ਗੁਰੂ ਦਿੱਤਾ ਹੈ ਅਤੇ ਮੈਨੂੰ ਨਹੀਂ ਲੱਗਦਾ ਹੈ ਕਿ ਦੁਨੀਆ ਵਿੱਚ ਸ਼ਬਦ ਗੁਰੂ ਤੋਂ ਵੱਡਾ ਕੋਈ ਗੁਰੂ ਹੋਵੇਗਾ। ਬਿਲਕੁਲ ਸਹੀ ਹੈ ਕਿ ਅਸੀਂ ਉਨ੍ਹਾਂ ਨੂੰ ਇਕ ਜਿਉਂਦਾ ਜਾਗਦਾ ਗੁਰੂ ਮੰਨਦੇ ਹਾਂ। ਇਸੇ ਕਰਕੇ ਅਸੀਂ ਅੰਗ ਕਹਿੰਦੇ ਹਾਂ, ਪੱਤਰੇ ਨਹੀਂ ਕਹਿੰਦੇ। ਗੁਰੂ ਸਾਹਿਬ ਦੇ ਐਨੇ ਅੰਗ ਇੱਥੋਂ ਮਿਲੇ, ਸਪੀਕਰ ਸਾਹਿਬ, ਅੰਗ ਤਾਂ ਜਿਉਂਦੇ ਜੀਅ ਦੇ ਮਿਲ ਸਕਦੇ ਹਨ। ਜੋ ਪਿਛਲੇ ਸਮਿਆਂ ਵਿਚ ਘਟਨਾਵਾਂ ਹੋਈਆਂ ਹਨ, ਉਨ੍ਹਾਂ ਨਾਲ ਹਰ ਇੱਕ ਬੰਦੇ ਦੇ ਹਿਰਦੇ ਵਲੂੰਧਰੇ ਗਏ। ਚਾਹੇ ਉਹ ਸਨਾਤਨ ਧਰਮ ਨਾਲ ਸਬੰਧਤ ਹੈ, ਜੈਨ ਧਰਮ ਨਾਲ ਸਬੰਧਤ ਹੈ, ਮੁਸਲਿਮ ਧਰਮ ਨਾਲ

ਸਬੰਧਤ ਹੈ, ਹਰ ਇਕ ਦੇ ਹਿਰਦੇ ਵਲੂੰਧਰੇ ਗਏ। ਭਾਵੇਂ ਕਿਸੇ ਧਾਰਮਿਕ ਸਥਾਨ ਤੇ ਕਾਲਖ ਮੱਥੀ ਗਈ ਹੋਵੇ ਜਾਂ ਡਾ. ਸਾਹਿਬ ਭੀਮ ਰਾਓ ਅੰਬੇਦਕਰ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਇਆ ਹੋਵੇ, ਇਸ ਨਾਲ ਸਾਡੇ ਹਿਰਦੇ ਵਲੂੰਧਰੇ ਜਾਂਦੇ ਹਨ। ਤੁਸੀਂ ਸਾਰਿਆਂ ਨੇ ਆਪ ਵੀ ਮੰਨਿਆ ਹੈ ਕਿ ਪਹਿਲਾਂ ਇਸ ਵਾਸਤੇ ਕੋਈ ਮਿਸਾਲੀ ਸਜ਼ਾ ਹੈ ਹੀ ਨਹੀਂ ਸੀ। ਦੋਸ਼ੀ ਦੋ-ਤਿੰਨ ਸਾਲ ਬਾਅਦ ਜੇਲ੍ਹ ਤੋਂ ਬਾਹਰ ਆ ਕੇ ਫਿਰ ਲਲਕਾਰੇ ਮਾਰਨ ਲੱਗ ਜਾਂਦੇ ਹਨ ਕਿ ਕਰ ਲਵੋ ਜੋ ਕਰਨਾ ਹੈ, ਅਸੀਂ ਤਾਂ ਬਾਹਰ ਆ ਗਏ। ਬਾਹਰ ਆ ਕੇ ਦੂਜੇ ਧਰਮ ਵਾਲਿਆਂ ਵੱਲੋਂ ਉਨ੍ਹਾਂ ਦੇ ਸਨਮਾਨ ਹੋਣ ਲੱਗ ਜਾਂਦੇ ਹਨ ਭਾਵ polarization. ਸੋ, ਇਸ ਕਰਕੇ ਇਹ ਕਾਨੂੰਨ ਬਹੁਤ ਜ਼ਰੂਰੀ ਹੈ ਕਿਉਂਕਿ ਫੇਰ ਮਿਸਾਲੀ ਸਜ਼ਾ ਨਹੀਂ ਮਿਲੇਗੀ। ਆਪਣੇ ਸਿਆਣੇ ਕਹਿੰਦੇ ਹਨ ਕਿ ਕਾਂ ਮਾਰ ਕੇ ਟੰਗਣਾ ਪਵੇਗਾ ਤਾਂ ਇਹ ਕੰਮ ਰੁਕੇਗਾ। ਜੇ ਮਿਸਾਲੀ ਸਜ਼ਾ ਨਹੀਂ ਮਿਲੇਗੀ ਤਾਂ ਕੋਈ ਡਰੇਗਾ ਹੀ ਨਹੀਂ। ਤੀਜੇ ਕੁ ਦਿਨ ਅਜਿਹਾ ਕੰਮ ਹੋ ਜਾਂਦਾ ਹੈ। ਕਦੇ ਕਿਤੇ ਕੁਰਾਨ ਸ਼ਰੀਫ਼ ਦੀ ਬੇਅਦਬੀ ਹੋ ਗਈ, ਕਦੇ ਭਗਵਤ ਗੀਤਾ ਦੀ ਬੇਅਦਬੀ ਹੋ ਗਈ ਅਤੇ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਗਈ। ਬੇਅਦਬੀ ਕਰਨ ਵਾਲਿਆਂ ਲਈ ਸਜ਼ਾ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੁੰਦਾ ਸੀ ਕਿ ਉਹ ਮਾਨਸਿਕ ਰੋਗੀ ਸੀ। ਮਾਨਸਿਕ ਤੌਰ ਤੇ ਰੋਗੀ ਹੀ ਕਿਉਂ ਇਸ ਤਰ੍ਹਾਂ ਕਰਦੇ ਹਨ? ਇਸ ਨੂੰ ਸਮਝਣ ਦੀ ਜ਼ਰੂਰਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੇ ਇਕ ਅੰਗ ਦੀ ਵੀ ਵਿਸਥਾਰ ਸਹਿਤ ਵਿਆਖਿਆ ਕਰਨ ਲੱਗੀਏ ਤਾਂ ਕਈ ਕਈ ਮਹੀਨੇ ਲੱਗ ਸਕਦੇ ਹਨ। ਸਾਡੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਅਜਿਹਾ ਖਜ਼ਾਨਾ ਪਿਆ ਹੈ। ਸਾਡੇ ਕੋਲ ਵੈਰਾਗੀ ਕੀਰਤਨ ਹੈ, ਸਾਡੇ ਕੋਲ ਸ੍ਰੀ ਅਨੰਦ ਸਾਹਿਬ ਦਾ ਪਾਠ ਹੈ, ਸਾਡੇ ਕੋਲ ਮੂਲ ਮੰਤਰ ਹੈ, ਸਾਡੇ ਕੋਲ ਰਹਿਰਾਸ ਸਾਹਿਬ ਹੈ, ਸਾਡੇ ਕੋਲ ਅੰਮ੍ਰਿਤ ਵੇਲੇ ਦਾ ਪਾਠ ਆਸਾ ਜੀ ਦੀ ਵਾਰ ਹੈ। ਗੁਰੂ ਸਾਹਿਬ ਨੇ ਉਚਾਰਿਆ - ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਇਹ ਕਦੋਂ ਉਚਾਰਿਆ? ਸੰਨ 1469 ਵਿਚ ਗੁਰੂ ਸਾਹਿਬ ਦਾ ਪ੍ਰਕਾਸ਼ ਹੋਇਆ ਸੀ ਅਤੇ 1539 ਵਿਚ ਉਹ ਜੋਤੀ ਜੋਤਿ ਸਮਾਏ ਸਨ। ਇਸ ਸਮੇਂ ਦੌਰਾਨ ਹੀ ਉਚਾਰਿਆ ਹੋਵੇਗਾ, ਮਤਲਬ 600-700 ਸਾਲ ਪਹਿਲਾਂ ਗੁਰੂ ਸਾਹਿਬ ਕਹਿ ਗਏ ਸਨ - ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਹਵਾ ਨੂੰ ਗੁਰੂ ਦਾ ਦਰਜਾ, ਪਾਣੀ ਨੂੰ ਪਿਤਾ ਦਾ ਦਰਜਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ। ਉਸ ਵੇਲੇ ਤਾਂ ਕੋਈ ਫੈਕਟਰੀ ਧਰਤੀ ਹੇਠਾਂ ਦੂਸ਼ਿਤ ਪਾਣੀ ਨਹੀਂ ਪਾਉਂਦੀ ਹੋਣੀ, ਉਸ ਵੇਲੇ ਤਾਂ ਕੋਈ ਸਪਰੇਅ ਕਰਕੇ ਧਰਤੀ ਨੂੰ ਜ਼ਹਿਰੀਲਾ ਨਹੀਂ ਕਰਦਾ ਹੋਣਾ, ਉਸ ਵੇਲੇ ਤਾਂ ਕੋਈ ਪਰਾਲੀ ਨੂੰ ਅੱਗ ਲਗਾ ਕੇ ਹਵਾ ਨੂੰ ਜ਼ਹਿਰੀਲਾ ਨਹੀਂ ਕਰਦਾ ਹੋਣਾ। ਗੁਰੂ ਸਾਹਿਬ ਨੇ ਉਸ ਵੇਲੇ ਹੀ ਕਹਿ ਦਿੱਤਾ ਸੀ ਕਿ ਇਹ ਤਿੰਨ ਚੀਜ਼ਾਂ ਬਚਾ ਲਿਓ - ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਸਾਡੀ ਬਦਕਿਸਮਤੀ ਹੈ ਕਿ ਹਾਲੇ ਤੱਕ ਅਸੀਂ ਇਨ੍ਹਾਂ ਤਿੰਨਾਂ ਨੂੰ ਬਚਾਉਣ ਨੂੰ ਫਿਰਦੇ ਹਾਂ ਪਰ ਹਾਲੇ ਤੱਕ ਅਸੀਂ ਬਚਾ ਨਹੀਂ ਸਕੇ। ਕਈ ਸਰਕਾਰਾਂ ਆ ਗਈਆਂ, ਇਨ੍ਹਾਂ ਦੀਆਂ ਵੀ ਆ ਗਈਆਂ, ਉਨ੍ਹਾਂ ਦੀਆਂ ਵੀ ਆ ਗਈਆਂ। ਕੀ ਕਰੀ ਜਾਂਦੇ ਹਨ? ਅਮਰੀਕਾ, ਕੈਨੇਡਾ ਨੇ ਆਪਣਾ ਧਰਤੀ ਹੇਠਲਾ ਪਾਣੀ ਹਾਲੇ ਛੇੜਿਆ ਨਹੀਂ ਹੈ। ਉਹ ਕਹਿੰਦੇ ਹਨ ਕਿ ਅਸੀਂ ਤਾਂ ਬਾਅਦ ਵਿੱਚ ਕੱਢਾਂਗੇ, ਜਦੋਂ ਧਰਤੀ ਤੇ ਪਾਣੀ ਮੁੱਕ ਜਾਏਗਾ। ਉਹ ਇੱਧਰੋਂ-ਉੱਧਰੋਂ ਲਈ ਜਾਂਦੇ ਹਨ। ਤੇਲ ਪਿੱਛੇ ਵੀ ਲੜਾਈਆਂ ਲੜੀ ਜਾਂਦੇ ਹਨ। ਇੱਧਰੋਂ-ਉਧਰੋਂ ਤੇਲ ਵੀ ਲਈ ਜਾਂਦੇ ਹਨ ਪਰ ਆਪਣਾ ਨਹੀਂ ਛੇੜਦੇ। ਕਹਿੰਦੇ ਹਨ ਕਿ ਅਸੀਂ ਤਾਂ ਆਪਣਾ ਤੇਲ ਧਰਤੀ ਹੇਠੋਂ ਉਸ ਸਮੇਂ ਕੱਢਾਂਗੇ, ਜਦੋਂ ਬਾਕੀ ਮੁੱਕ ਗਿਆ। ਇਸੇ ਤਰ੍ਹਾਂ ਉਨ੍ਹਾਂ ਦੀ ਹਵਾ ਹੈ। ਸਾਡੇ ਇੱਥੇ ਜਦੋਂ ਸਤੰਬਰ-ਅਕਤੂਬਰ ਆਏਗਾ ਉਦੋਂ ਪਹਿਲਾਂ ਪਰਾਲੀ, ਫਿਰ ਦੁਸਹਿਰਾ ਤੇ ਫਿਰ ਦੀਵਾਲੀ ਆਏਗੀ, ਅਸੀਂ ਤਾਂ ਜਿਉਂ ਪਟਾਖੇ ਚਲਾਉਣ ਲੱਗਾਂਗੇ ਕਿ ਬਸ। ਉਸ ਵੇਲੇ ਮੌਸਮ moisture ਵਾਲਾ ਹੁੰਦਾ ਹੈ, ਸਾਰਾ ਕੁਝ ਇੱਥੇ ਹਵਾ ਵਿੱਚ ਹੀ ਜੰਮੀ ਜਾਂਦਾ ਹੈ। ਮੈਨੂੰ ਲੱਗਦਾ ਹੈ ਕਿ ਅਕਤੂਬਰ, ਨਵੰਬਰ, ਦਸੰਬਰ ਤੱਕ ਵੈਸੇ ਹੀ ਸਾਡੇ ਫੇਫੜੇ ਆਕਸੀਜਨ ਉਤੇ ਤਾਂ ਰਹਿਣੇ ਨਹੀਂ ਹਨ। ਅਸੀਂ ਤਾਂ ਹੋਰ ਹੀ ਕਿਸੇ ਗੈਸ ਤੇ ਹੋ ਗਏ ਹਾਂ।

ਸਪੀਕਰ ਸਾਹਿਬ, ਇੱਕ ਬੋਇੰਗ ਕੰਪਨੀ ਹੈ, ਜਿਹੜੀ ਜਹਾਜ਼ ਬਣਾਉਂਦੀ ਹੈ। ਬੋਇੰਗ ਨੇ ਕਿਤੇ ਬਿਨਾ ਦੱਸੇ ਜਾਂ ਬਿਨਾ ਟਰੀਟਿਡ ਪਾਣੀ ਸਿਆਟਲ ਵਿੱਚ ਡੰਪ ਕਰ ਦਿੱਤਾ, ਉਸ ਨੂੰ ਮਿਲੀਅਨਜ਼ ਦਾ ਜੁਰਮਾਨਾ ਹੋਇਆ। ਉਹ ਲੋਕ ਇੰਨਾ ਆਪਣੀ ਹਵਾ ਨੂੰ, ਇੰਨਾ ਆਪਣੇ ਪਾਣੀ ਨੂੰ, ਇੰਨਾ ਆਪਣੇ ਵਾਤਾਵਰਣ ਨੂੰ ਪਿਆਰ ਕਰਦੇ ਹਨ। ਅਸੀਂ ਤਾਂ Carbon-monoxide ਤੇ ਹੋ ਗਏ ਹਾਂ। ਅਸੀਂ ਸੋਚਦੇ ਹਾਂ ਕਿ ਕੋਈ ਗੱਲ ਨਹੀਂ ਜੇ ਖੰਘ ਹੋ ਗਈ, ਸਾਹ ਔਖਾ ਹੋ ਗਿਆ, ਦਮਾ ਜਿਹਾ ਹੋ ਗਿਆ। ਅਸੀਂ ਅੱਗ ਲਗਾ ਦਿੰਦੇ ਹਾਂ, ਕਿਤੇ ਸਕੂਟਰ ਵਿੱਚ ਸਕੂਟਰ ਵੱਜਦਾ, ਕਿਤੇ ਬੱਸ ਵਿੱਚ ਬੱਸ ਵੱਜਦੀ ਹੈ, ਇਸ ਸਭ ਦਾ ਕੌਣ ਜ਼ਿੰਮੇਵਾਰ ਹੈ? ਕੋਈ ਤਾਂ ਦੇਖੇ, ਕੋਈ ਤਾਂ ਹਟਾਵੇ। ਕਿਵੇਂ ਨਾ ਕਿਵੇਂ ਤਾਂ ਲੋਕਾਂ ਨੂੰ ਸਮਝਾਈਏ ਕਿ ਆਪਾਂ ਸਾਰੇ ਮਿਲ ਕੇ ਵਾਤਾਵਰਣ ਨੂੰ ਸੰਭਾਲੀਏ। ਵਾਤਾਵਰਣ ਤੋਂ ਬਿਨਾ ਕੀ ਜੀਵਨ ਹੈ? ਮੰਗਲ ਗ੍ਰਹਿ ਤੇ ਵਾਤਾਵਰਣ ਹੀ ਨਹੀਂ ਹੈ। ਨਹੀਂ ਤਾਂ ਆਪਾਂ ਹੁਣ ਤੱਕ ਮੰਗਲ ਗ੍ਰਹਿ ਤੇ ਜਾ ਵੜਨਾ ਸੀ। ਇੱਥੇ ਵਾਤਾਵਰਣ ਹੈ, ਆਕਸੀਜਨ ਹੈ। ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਤੇ ਹਰ ਗ੍ਰੰਥ ਵਿੱਚ ਹਵਾ ਬਾਰੇ, ਪਾਣੀ ਬਾਰੇ, ਮਾਨਵਤਾ ਬਾਰੇ, ਮਨੁੱਖਤਾ ਬਾਰੇ ਲਿਖਿਆ ਹੋਇਆ ਹੈ। ਆਪਾਂ ਉਸ ਤੋਂ ਬਿਨਾ ਨਹੀਂ ਰਹਿ ਸਕਦੇ। ਮੇਰੇ ਸਾਰੇ ਸਾਥੀ ਇੱਥੇ ਬੈਠੇ ਹਨ, ਜਿਨ੍ਹਾਂ ਗ੍ਰੰਥਾਂ ਤੋਂ ਅਸੀਂ ਸਿੱਖਿਆ ਲੈਂਦੇ ਹਾਂ, ਜਿਨ੍ਹਾਂ ਪਵਿੱਤਰ ਧਾਰਮਿਕ ਗ੍ਰੰਥਾਂ ਵਿੱਚੋਂ ਅਸੀਂ ਮਾਨਵਤਾ ਅਤੇ ਸਰਬੱਤ ਦੇ ਭਲੇ ਦੀ ਸਿੱਖਿਆ ਲੈਂਦੇ ਹਾਂ, ਜਿਹੜਾ ਉਨ੍ਹਾਂ ਨੂੰ ਅੱਗ ਲਾਉਂਦਾ ਹੈ, ਉਨ੍ਹਾਂ ਦੀ ਬੇਅਦਬੀ ਕਰਦਾ ਹੈ, ਉਨ੍ਹਾਂ ਨੂੰ ਸਾੜਦਾ ਹੈ, ਉਨ੍ਹਾਂ ਨੂੰ ਪਾੜਦਾ ਹੈ, ਉਸ ਲਈ ਸਖਤ ਤੋਂ ਸਖਤ ਸਜ਼ਾ ਬਣਦੀ ਹੈ। ਸਰ, ਇਸ ਤੋਂ ਵੱਡਾ ਤਾਂ ਜੁਰਮ ਹੀ ਕੋਈ ਨਹੀਂ ਹੈ। ਆਉਣ ਵਾਲੀਆਂ ਪੀੜੀਆਂ ਕੀ ਸਿੱਖਣਗੀਆਂ? ਜੇਕਰ ਸਾਡੀ ਸਿੱਖਿਆ ਨੂੰ ਹੀ ਕੋਈ ਪਾੜ ਦੇਵੇਗਾ ਕਿ ਤੁਸੀਂ ਆਹ ਪੜ੍ਹਨਾ ਨਹੀਂ ਹੈ ਜਾਂ ਫਿਰ ਕਰ ਲਓ ਸਾਡਾ ਕੀ ਕਰਨਾ ਹੈ, ਅਸੀਂ ਤਾਂ ਇਸ ਤਰ੍ਹਾਂ ਹੀ ਕਰਾਂਗੇ, ਆਦਿ। ਇਸ ਨਾਲ ਧਾਰਮਿਕ ਭਾਵਨਾਵਾਂ ਭੜਕਦੀਆਂ ਹਨ। ਸਾਲ 2015 ਵਿੱਚ ਬਰਗਾੜੀ, ਬਹਿਬਲ ਕਲਾਂ, ਕੋਟਕਪੂਰਾ ਵਿਖੇ ਵੱਡੀ ਘਟਨਾ ਹੋਈ ਸੀ, ਮੈਂ ਨਹੀਂ ਕਹਿੰਦਾ ਕਿ ਕਿਸ ਨੇ ਇਹ ਘਟਨਾ ਕਰਵਾਈ ਸੀ, ਕੌਣ ਜ਼ਿੰਮੇਵਾਰ ਸੀ, ਹਾਲੇ ਤੱਕ ਅਸੀਂ ਉਹ ਕੇਸ ਪੜ੍ਹੀ ਜਾਂਦੇ ਹਾਂ। ਜਿਨ੍ਹਾਂ ਦੀ ਸਰਕਾਰ ਸੀ, ਇਹ ਤਾਂ ਉਨ੍ਹਾਂ ਨੇ ਕਰਵਾਈ ਸੀ। ਜਿਹੜੀ ਉਸ ਤੋਂ ਬਾਅਦ ਆਈ ਉਹ ਵੀ ਉਨ੍ਹਾਂ ਦੀ ਸਰਕਾਰ ਸੀ। ਕੇਸ ਹੀ ਵਿਗਾੜ ਦਿੱਤਾ। ਹੁਣ ਅਸੀਂ ਜਾਈਏ ਕਿੱਧਰ ਨੂੰ? ਅਸੀਂ ਚਲਾਨ ਪੇਸ਼ ਕੀਤੇ ਹਨ। ਅਸੀਂ ਕੋਸ਼ਿਸ਼ ਕਰ ਰਹੇ ਹਾਂ। (ਵਿਰੋਧੀ ਧਿਰ ਵੱਲ ਇਸ਼ਾਰਾ ਕਰਦੇ ਹੋਏ) ਜਨਾਬ ਜੀ, ਗੁਟਕਾ ਸਾਹਿਬ ਨੂੰ ਮੱਥੇ ਲਗਾ ਕੇ ਜਿਨ੍ਹਾਂ ਨੇ ਸਹੁੰਆਂ ਚੁੱਕੀਆਂ ਸਨ, ਉਨ੍ਹਾਂ ਨੇ ਕਰਵਾਈ ਸੀ। ਕੁਦਰਤ ਹੈ, ਜਿਵੇਂ ਕਹਿੰਦੇ ਹਨ ਕਿ -

ਨਾ ਘਸੁੰਨ ਮਾਰਦਾ, ਨਾ ਲੱਤ ਮਾਰਦਾ,
ਰੱਬ ਜਦੋਂ ਮਾਰਦਾ, ਮੱਤ ਮਾਰਦਾ ।

ਫਿਰ ਦੱਸੋ ਕਿੱਧਰ ਗਏ? ਮੈਂ ਕਹਿੰਦਾ ਹਾਂ ਕਿ ਇੱਥੇ ਵਾਲੇ ਵਕੀਲਾਂ ਤੋਂ ਜਿੱਤ ਜਾਓਗੇ, ਇੱਥੇ ਮਹਿੰਗੇ ਵਕੀਲ ਕਰ ਲਓਗੇ, ਇੱਥੇ ਗਵਾਹਾਂ ਨੂੰ ਮੁਕਰਾ ਲਓਗੇ ਪਰ ਪਰਮਾਤਮਾ ਵਾਲੀ ਕਚਹਿਰੀ ਵਿੱਚ ਕੀ ਕਰੋਗੇ?

ਉਥੇ ਅਮਲਾਂ ਦੇ ਹੋਣੇ ਨੇ ਨਿਬੇੜੇ
ਕਿਸੇ ਨਾ ਤੇਰੀ ਜਾਤ ਪੁੱਛਣੀ। (ਥੰਪਿੰਗ)

ਉਥੇ ਤਾਂ ਅਮਲਾਂ ਦੇ ਨਿਬੇੜੇ ਹੋਣਗੇ ਫਿਰ ਕਰ ਲਓ ਜੋ ਕਰਨਾ ਹੈ। ਇੱਥੇ ਕਰਕੇ ਫਿਰ ਕਿੱਥੇ ਜਾਓਗੇ? ਨਰਕ-ਸਵਰਗ ਕਿਤੇ ਤਾਂ ਹੈ। ਇਸੇ ਕਰਕੇ ਅਸੀਂ ਹਰ ਰੋਜ਼ ਨਤਮਸਤਕ ਹੁੰਦੇ ਹਾਂ। ਸੋ, ਮੇਰੇ ਸਾਥੀ ਨੇ ਬਿਲਕੁਲ ਸਹੀ ਕਿਹਾ ਹੈ ਕਿ ਆਪਾਂ ਕੌਣ ਹੁੰਦੇ ਹਾਂ ਕਿ ਉਨ੍ਹਾਂ ਧਾਰਮਿਕ ਗ੍ਰੰਥਾਂ ਦੀ ਰੱਖਿਆ ਵਾਸਤੇ ਕਾਨੂੰਨ ਬਣਾਈਏ। ਆਪਾਂ ਤਾਂ ਹਰ ਰੋਜ਼ ਉਨ੍ਹਾਂ ਅੱਗੇ ਨਤਮਸਤਕ ਹੁੰਦੇ ਹਾਂ ਕਿ ਹੇ ਪਰਮਾਤਮਾ, ਸਾਡੇ ਪਰਿਵਾਰ ਦੀ ਰੱਖਿਆ ਕਰੀਂ ਅਤੇ ਆਪਾਂ ਹੀ ਉਨ੍ਹਾਂ

ਦੀ ਸੁਰੱਖਿਆ ਦਾ ਕਾਨੂੰਨ ਬਣਾਈ ਜਾਂਦੇ ਹਾਂ। ਇਹ ਹਾਲਾਤ ਹੋ ਗਏ ਹਨ। ਗੁਰੂ ਸਾਹਿਬ ਨੇ ਸਾਡੀ ਰੱਖਿਆ ਕਰਨੀ ਹੈ, ਗਰੰਥਾਂ ਨੇ ਸਾਡੀ ਰੱਖਿਆ ਕਰਨੀ ਹੈ ਤੇ ਅਸੀਂ ਉਨ੍ਹਾਂ ਦੀ ਰੱਖਿਆ ਦਾ ਹੀ ਕਾਨੂੰਨ ਬਣਾਈ ਜਾਂਦੇ ਹਾਂ। ਇਸ ਦਾ ਮਤਲਬ, ਕੀ ਅਸੀਂ ਵੱਡੇ ਹੋ ਗਏ ਹਾਂ? ਕਹਿੰਦੇ ਹਨ -

"आगाह अपनी मौत से कोई बशर नहीं

सामान सौ बरस का है पल की ख़बर नहीं"

ਅਗਲਾ ਸਾਹ ਆਵੇ ਨਾ ਆਵੇ, ਇਸ ਦਾ ਪਤਾ ਨਹੀਂ ਹੈ ਪਰ ਪਲਾਨਿੰਗ 80-100 ਸਾਲ ਦੀ ਕਰਦੇ ਹਾਂ। ਆਪਾਂ ਰੋਜ਼ ਵੀਡੀਓ ਦੇਖਦੇ ਹਾਂ ਕਿ ਜਿੰਮ ਕਰਦਾ ਕਰਦਾ ਮੁੰਡਾ ਡਿੱਗ ਪਿਆ, ਕ੍ਰਿਕਟ ਖੇਡਦਾ ਖੇਡਦਾ ਮੁੰਡਾ ਡਿੱਗ ਪਿਆ, ਬੱਸ ਖਤਮ। ਬੰਦੇ ਨੂੰ ਥੋੜ੍ਹਾ ਜਿਹਾ ਬੰਦਾ ਬਣ ਕੇ ਹੀ ਰਹਿਣਾ ਚਾਹੀਦਾ ਹੈ। ਜਿਸ ਤਰ੍ਹਾਂ ਕੱਲ੍ਹ ਡਾਕਟਰ ਬਲਜੀਤ ਕੌਰ ਜੀ ਕਹਿੰਦੇ ਸਨ ਕਿ ਬੰਦਿਆਂ ਦੇ ਸਾਰੇ ਕਾਨੂੰਨ ਹੀ ਬੰਦਿਆਂ ਦੇ ਖਿਲਾਫ ਹਨ। ਹੋਰ ਤਾਂ ਕੋਈ ਕਾਨੂੰਨ ਹੈ ਹੀ ਨਹੀਂ। ਬਾਕੀ ਸਾਰਿਆਂ ਨੂੰ ਅਸੀਂ ਸਮਝ ਲਿਆ ਹੈ ਕਿ ਇਹ ਕੌਣ ਹਨ, ਧਰਤੀ ਤਾਂ ਬੱਸ ਇਕੱਲੀ ਸਾਡੀ ਹੀ ਹੈ। ਸਾਡੇ ਕੋਲ ਸ੍ਰੀ ਗੁਰੂ ਗਰੰਥ ਸਾਹਿਬ, ਸਾਡਾ ਖਜ਼ਾਨਾ ਹੈ। ਸਾਡੇ ਕੋਲ ਭਗਵਤ ਗੀਤਾ ਹੈ, ਸਾਡੇ ਕੋਲ ਰਮਾਇਣ ਹੈ, ਸਾਡੇ ਕੋਲ ਕੁਰਾਨ ਸ਼ਰੀਫ ਹੈ, ਸਾਡੇ ਕੋਲ ਜੈਨ ਧਰਮ ਦੇ ਗਰੰਥ ਅਤੇ ਸਾਡੇ ਕੋਲ ਬਹੁਤ ਧਰਮਾਂ ਦੇ ਗਰੰਥ ਪਏ ਹਨ। ਉਨ੍ਹਾਂ ਵਿੱਚ ਉਹੀ ਗੱਲਾਂ ਲਿਖੀਆਂ ਹੋਈਆਂ ਹਨ। ਇਨ੍ਹਾਂ ਸਾਰਿਆਂ ਦਾ ਸੈਂਟਰਲ ਆਈਡੀਆ ਜਾਂ ਕੇਂਦਰੀ ਭਾਵ ਕੱਢ ਲਓ। ਕੇਂਦਰੀ ਭਾਵ ਕੱਢੋਗੇ ਤਾਂ ਕੇਂਦਰੀ ਭਾਵ ਇੱਕੋ ਹੀ ਨਿਕਲਦਾ ਹੈ "ਜੀਓ ਔਰ ਜੀਨੇ ਦੋ"। ਕਿਸੇ ਦਾ ਹੱਕ ਨਾ ਮਾਰੋ। ਭਲਾ ਕਰੋਗੇ ਤਾਂ ਤੁਹਾਡਾ ਭਲਾ ਹੋ ਜਾਵੇਗਾ। ਜੇ ਕਿਸੇ ਦਾ ਹੱਕ ਮਾਰੋਗੇ ਤਾਂ ਤੁਹਾਡੇ ਨਾਲ ਉਸੀ ਤਰ੍ਹਾਂ ਹੋਵੇਗਾ।

ਸਪੀਕਰ ਸਾਹਿਬ, ਹੁਣ ਤਾਂ ਅਸੀਂ ਰੱਬ ਨੂੰ ਟੱਬ ਸਮਝਣ ਲੱਗ ਪਏ ਹਾਂ। ਅਸੀਂ ਰੱਬ ਦੀ ਮੰਨਣੋਂ ਹੀ ਹਟ ਗਏ ਹਾਂ। ਜਦੋਂ ਮੈਂ ਛੋਟਾ ਜਿਹਾ ਹੁੰਦਾ ਸੀ ਸ਼ਾਇਦ 11-12 ਜਾਂ 13 ਸਾਲ ਦਾ ਹੋਵਾਂਗਾ, ਮੈਂ ਆਪਣੇ ਪਿੰਡ ਦੀ ਪੰਚਾਇਤ ਵਿੱਚ ਜਾਂਦਾ ਰਿਹਾ ਹਾਂ, ਮੈਨੂੰ ਪੰਚਾਇਤ ਵਿੱਚ ਜਾਣ ਦਾ ਸ਼ੌਂਕ ਸੀ। ਇਸੇ ਕਰਕੇ ਹੀ ਤਾਂ ਮੈਂ ਇਸ ਪੰਚਾਇਤ ਵਿੱਚ ਬੈਠਾ ਹਾਂ। ਮੈਂ ਗੁਰੂ ਸਾਹਿਬ, ਗੁਰਦੁਆਰਾ ਸਾਹਿਬ ਵੱਲ ਹੱਥ ਕਰਕੇ ਫ਼ੈਸਲੇ ਹੁੰਦੇ ਦੇਖੇ ਹਨ। ਉਸ ਵਕਤ ਜਦੋਂ ਕਿਸੇ ਤੇ ਚੋਰੀ ਦਾ ਇਲਜ਼ਾਮ ਲੱਗ ਗਿਆ ਕਿ ਸਾਡੀ ਮੋਟਰ ਤੂੰ ਚੋਰੀ ਕੀਤੀ ਹੈ ਤਾਂ ਜਿਸ ਦੀ ਮੋਟਰ ਚੋਰੀ ਹੋਈ ਹੁੰਦੀ ਸੀ, ਉਹ ਕਹਿੰਦਾ ਸੀ ਕਿ ਗੁਰਦੁਆਰਾ ਸਾਹਿਬ ਵੱਲ ਹੱਥ ਕਰ ਦੇ ਤਾਂ ਮੈਂ ਮੰਨ ਜਾਵਾਂਗਾ ਕਿ ਤੂੰ ਚੋਰੀ ਨਹੀਂ ਕੀਤੀ ਹੈ। ਜੇ ਉਹ ਚੋਰ ਹੁੰਦਾ ਸੀ ਤਾਂ ਉਹ ਗੁਰਦੁਆਰਾ ਸਾਹਿਬ ਵੱਲ ਹੱਥ ਨਹੀਂ ਕਰਦਾ ਸੀ। ਜੇ ਸੱਚਾ ਹੁੰਦਾ ਸੀ ਤਾਂ ਕਹਿੰਦਾ ਸੀ ਕਿ ਮੈਂ ਗੁਰਦੁਆਰਾ ਸਾਹਿਬ ਵੱਲ ਹੱਥ ਕਰਕੇ ਕਹਿੰਦਾ ਹਾਂ ਕਿ ਮੇਰੇ ਤੇ ਝੂਠਾ ਇਲਜ਼ਾਮ ਲੱਗਿਆ ਹੈ। ਇਸ ਤਰ੍ਹਾਂ ਉਦੋਂ ਲੋਕ ਮੰਨ ਲੈਂਦੇ ਸਨ। ਅਸੀਂ ਤਾਂ ਉਹ ਬੰਦੇ ਹਾਂ ਕਿ ਗੁਰੂ ਸਾਹਿਬ ਦੇ ਨਿਸ਼ਾਨ ਸਾਹਿਬ ਵੱਲ ਹੱਥ ਕਰਕੇ ਅਸੀਂ ਸੱਚਾ ਜਾਂ ਝੂਠਾ ਸਾਬਤ ਕਰ ਸਕਦੇ ਹਾਂ ਅਤੇ ਅਸੀਂ ਇੱਕ ਦੂਜੇ ਨੂੰ ਬਰੀ ਵੀ ਕਰ ਦਿੰਦੇ ਹਾਂ। ਕੀ ਉਨ੍ਹਾਂ ਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋ ਜਾਵੇਗੀ? ਅਸੀਂ ਉਨ੍ਹਾਂ ਨੂੰ ਬਾਪੂ ਮੰਨਦੇ ਹਾਂ। ਸਪੀਕਰ ਸਾਹਿਬ, ਅਸੀਂ ਆਪਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਪੂ ਕਹਿੰਦੇ ਹਾਂ ਲੇਕਿਨ ਸਾਡਾ ਬਾਪੂ ਸਾਡੇ ਘਰੇ ਹੀ ਸੇਫ ਨਹੀਂ ਹੈ ਫਿਰ ਅਸੀਂ ਉਸ ਦੀ ਕਿਤੇ ਹੋਰ ਕੀ ਰੱਖਿਆ ਦੀ ਉਮੀਦ ਕਰਾਂਗੇ? ਹੋਰ ਕਿੱਥੇ ਜਾ ਕੇ ਅਸੀਂ ਰੱਖਿਆ ਕਰਾਂਗੇ? ਘੱਟੋ-ਘੱਟ ਇਸ ਖਿੱਤੇ ਵਿੱਚ ਤਾਂ ਅਸੀਂ ਰੱਖਿਆ ਕਰੀਏ ਜਿੱਥੇ ਗੁਰੂ ਸਾਹਿਬ ਨੇ ਰਚਨਾਵਾਂ ਰਚੀਆਂ, ਬਹਿ ਕੇ ਲਿਖਿਆ ਹੈ, ਅਸੀਂ ਘੱਟੋ-ਘੱਟ ਉਥੇ ਤਾਂ ਕਾਨੂੰਨ ਬਣਾਈਏ ਕਿ ਇਸ ਨੂੰ ਕੋਈ ਹੱਥ ਨਹੀਂ ਲਗਾ ਸਕਦਾ। ਜਿਹੜਾ ਕੋਈ ਇਸ ਨਾਲ ਬੇਅਦਬੀ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਹ

ਬਾਹਰ ਨਹੀਂ ਆ ਸਕੇਗਾ, ਉਸ ਨੂੰ ਸਜ਼ਾ ਹੋਵੇਗੀ। ਇਹ ਕਾਨੂੰਨ ਬਹੁਤ ਵੱਡਾ ਹੈ। ਮੇਰੇ ਕੁਝ ਸਾਥੀਆਂ ਨੇ ਇਸ ਤੇ ਵੀ ਸਵਾਲ ਉਠਾਏ ਹਨ। ਸੋ, ਸਪੀਕਰ ਸਾਹਿਬ, ਸਾਰੇ ਮੈਂਬਰਾਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਮੈਂ ਕਹਾਂਗਾ ਕਿ ਆਪਾਂ ਜ਼ਿਆਦਾ ਕਾਹਲੀ ਨਾ ਕਰੀਏ।

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਿਲੈਕਟ ਕਮੇਟੀ ਨੂੰ ਸੌਂਪਿਆ ਜਾਵੇ। ਜਿਸ ਦਾ ਗਠਨ ਸਪੀਕਰ ਦੁਆਰਾ ਕੀਤਾ ਜਾਵੇ ਅਤੇ ਸਿਲੈਕਟ ਕਮੇਟੀ ਲੋਕਾਂ ਦੀ ਰਾਇ ਲੈ ਕੇ ਆਪਣੀ ਰਿਪੋਰਟ ਪੇਸ਼ ਕਰੇ।"

ਸਪੀਕਰ ਸਾਹਿਬ, ਇੱਥੇ ਵੀ ਬਹੁਤ ਸਾਰੇ ਸੁਝਾਅ ਆਏ ਹਨ ਕਿ ਇਸ ਤਰ੍ਹਾਂ ਨਾ ਕਰੋ, ਇਸ ਵਿੱਚ ਇਹ ਗਲਤ ਹੈ ਜਾਂ ਸਹੀ ਹੈ। ਸੋ, ਆਪਾਂ ਹਰ ਇੱਕ ਧਰਮ ਦੀ ਜਥੇਬੰਦੀ ਨਾਲ ਗੱਲ ਕਰੀਏ ਔਰ ਸਾਢੇ ਤਿੰਨ ਕਰੋੜ ਲੋਕਾਂ ਦਾ ਓਪੀਨੀਅਨ ਲਈਏ ਕਿ ਇਸ ਵਿੱਚ ਅਸੀਂ ਕੀ ਕਰ ਸਕਦੇ ਹਾਂ। ਕੀ ਪਤਾ ਕਿੱਥੋਂ ਕੋਈ ਵਧੀਆ ਗੱਲ ਤੇ ਵਧੀਆ ਸੁਝਾਅ ਮਿਲ ਜਾਵੇ। ਸਪੀਕਰ ਸਾਹਿਬ, ਮੈਂ ਚਾਹਾਂਗਾ ਕਿ ਤੁਸੀਂ ਟਾਈਮ ਬਾਊਂਡ ਕਰ ਦਿਓ, ਭਾਵੇਂ ਤਿੰਨ ਮਹੀਨੇ ਦਾ ਸਮਾਂ ਦੇ ਦਿਓ ਜਾਂ ਚਾਰ ਮਹੀਨੇ ਦਾ ਸਮਾਂ ਦੇ ਦਿਓ ਪਰ ਤਿੰਨ-ਚਾਰ ਮਹੀਨਿਆਂ ਵਿੱਚ ਆਪਾਂ ਪੰਜਾਬ ਦੀ ਜਨਤਾ ਨਾਲ ਗੱਲ ਕਰਕੇ ਉਨ੍ਹਾਂ ਦੇ ਸੁਝਾਅ ਲੈ ਲਈਏ ਕਿਉਂਕਿ ਪੂਜਣ ਵਾਲੇ ਤਾਂ ਲੋਕ ਹੀ ਹਨ ਅਤੇ ਲੋਕਾਂ ਵਿੱਚ ਹੀ ਰੱਬ ਵੱਸਦਾ ਹੈ। ਲੋਕ ਵੀ ਸਮਝਣ ਕਿ ਸਾਡੀ ਵੀ ਰਾਇ ਲਈ ਗਈ ਹੈ ਤੇ ਅਸੀਂ ਵੀ ਇਸ ਕਾਨੂੰਨ ਨੂੰ ਬਣਾਉਣ ਵਿੱਚ ਹਿੱਸੇਦਾਰ ਹਾਂ। ਮੈਂ ਚਾਹਾਂਗਾ ਕਿ ਇਹ ਬਿਲ ਸਿਲੈਕਟ ਕਮੇਟੀ ਨੂੰ ਰਿਕੁਮੈਂਡ ਕਰ ਦਿਓ ਅਤੇ ਟਾਈਮ ਬਾਊਂਡ ਕਰ ਦਿਓ, ਜਿੰਨੇ ਸਮੇਂ ਲਈ ਵੀ ਕਰਨਾ ਹੈ। ਇਸ ਕਮੇਟੀ ਵਿੱਚ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਲਓ, ਉਹ ਜਾਣ ਜਾਂ ਜਿਵੇਂ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਹੁੰਦੀ ਹੈ, ਉਸ ਵਿੱਚ ਪਬਲਿਕ ਬੁਲਾ ਲਈ ਜਾਂਦੀ ਹੈ ਜਾਂ ਸਬੰਧਿਤ ਸਟੇਕ ਹੋਲਡਰਜ਼ ਬੁਲਾ ਲਏ ਜਾਂਦੇ ਹਨ ਜਾਂ ਆਪਾਂ ਉਨ੍ਹਾਂ ਵਿੱਚ ਜਾਈਏ। ਇੱਕ ਵਾਰੀ ਇਸ ਨੂੰ ਡਿਸਕਸ ਕਰਕੇ ਕਾਨੂੰਨ ਬਣਾਈਏ ਕਿਉਂਕਿ ਕਾਨੂੰਨ ਸਦੀਆਂ ਵਾਸਤੇ ਚੱਲੇਗਾ। ਸੋ, ਮੈਂ ਇਹੀ ਰਿਕੁਮੈਂਡ ਕਰਾਂਗਾ, ਬਾਕੀ ਤੁਸੀਂ ਫੈਸਲਾ ਕਰੋ।

**ਮਾਣਯੋਗ ਸਪੀਕਰ**: ਮੁੱਖ ਮੰਤਰੀ ਸਾਹਿਬ, ਬਹੁਤ ਧੰਨਵਾਦ। ਇੱਥੇ ਸਾਡੇ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨਾਂ ਉਤੇ ਕਿਰਪਾ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੇ ਸਾਨੂੰ ਇਹ ਸਮਾਂ ਦਿੱਤਾ, ਉਨ੍ਹਾਂ ਦੇ ਗੁਣਗਾਨ ਕੀਤੇ ਗਏ ਤੇ ਜਿਹੜਾ ਸੰਗਤਾਂ ਵੱਲੋਂ ਮਹੱਤਵਪੂਰਣ ਪ੍ਰਸ਼ਨ ਸਾਡੇ ਸਾਹਮਣੇ ਰੱਖਿਆ ਗਿਆ ਸੀ, ਉਸ ਤੇ ਡਿਸਕਸ਼ਨ ਹੋਈ ਹੈ, ਬਹੁਤ ਹੀ ਮਹੱਤਵਪੂਰਣ ਨੁਕਤੇ ਸਾਡੇ ਸਾਹਮਣੇ ਆਏ ਹਨ। ਵੈਸੇ ਤਾਂ ਰੂਲਜ਼ ਇਹ ਕਹਿੰਦੇ ਹਨ ਕਿ ਤੁਹਾਡੇ ਵੱਲੋਂ ਜਿਹੜਾ ਮਤਾ ਪੇਸ਼ ਕੀਤਾ ਗਿਆ ਸੀ, ਉਸ ਨੂੰ ਵਿਚਾਰ ਕਰਕੇ ਪਾਸ ਕੀਤਾ ਜਾਣਾ ਸੀ ਲੇਕਿਨ ਚੇਅਰ ਕੋਲ ਇਹ ਅਖਤਿਆਰ ਹੈ ਕਿ ਉਹ ਤੁਹਾਡੇ ਨਵੇਂ ਮਤੇ ਤੇ ਵੀ ਵਿਚਾਰ ਕਰ ਸਕਦੀ ਹੈ। ਇਸ ਲਈ ਮੈਂ ਪਹਿਲੇ ਮਤੇ ਨੂੰ ਛੱਡ ਕੇ ਤੁਹਾਡੇ ਨਵੇਂ ਮਤੇ ਤੇ ਵਿਚਾਰ ਕਰਦਾ ਹਾਂ। ਮੈਂ ਦੇਖਿਆ ਹੈ ਕਿ ਹਾਊਸ ਦੀ ਸੈਂਸ ਵੀ ਇਹੀ ਹੈ। ਲੀਡਰ ਆਫ ਦਿ ਆਪੋਜ਼ੀਸ਼ਨ ਨੇ ਤਾਂ ਸ਼ੁਰੂ ਵਿੱਚ ਹੀ ਇਹ ਗੱਲ ਕਹੀ ਸੀ ਤੇ ਆਪ ਜੀ ਨੇ ਵੀ ਸਾਰੇ ਸਤਿਕਾਰਯੋਗ ਮੈਂਬਰਾਂ ਦੇ ਨੁਕਤਿਆਂ ਨੂੰ ਨੋਟ ਕੀਤਾ। ਮੈਂ ਧੰਨਵਾਦੀ ਹਾਂ ਕਿ ਤੁਸੀਂ ਬਹੁਤ ਸ਼ਿੱਦਤ ਨਾਲ ਸਾਰਿਆਂ ਦੀ ਡਿਬੇਟ ਨੂੰ ਸੁਣਿਆ ਹੈ। ਮੈਨੂੰ ਪਤਾ ਲੱਗ ਗਿਆ ਸੀ ਕਿ ਤੁਸੀਂ ਆਪਣੇ ਆਫਿਸ ਵਿੱਚ ਬੈਠ ਕੇ ਵੀ ਡਿਬੇਟ ਸੁਣ ਰਹੇ ਸੀ। ਸੋ, ਤੁਹਾਡਾ ਬਹੁਤ ਧੰਨਵਾਦ ਹੈ। ਗੁਰੂ

ਸਾਹਿਬ ਇਸੇ ਤਰ੍ਹਾਂ ਆਪਾਂ ਸਾਰਿਆਂ ਤੇ ਮਿਹਰ ਰੱਖਣ। ਗੁਰੂ ਮਹਾਰਾਜ ਦੇ ਚਰਨਾਂ ਵਿੱਚ ਇਹੀ ਬੇਨਤੀ ਹੈ ਕਿ ਸੱਚੇ ਪਾਤਸ਼ਾਹ, ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਜਿਸ ਤਰ੍ਹਾਂ ਆਪ ਜੀ ਦਾ ਹੁਕਮ ਹੈ -

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥

ਅਸੀਂ ਕਿਸੇ ਦਾ ਵੀ ਦਿਲ ਨਾ ਤੋੜੀਏ ਤੇ ਸਾਰਿਆਂ ਦੇ ਵਿਚਾਰ ਨਾਲ ਲੈ ਕੇ ਇਸ ਕਾਨੂੰਨ ਨੂੰ ਅੱਗੇ ਲੈ ਕੇ ਜਾਈਏ। ਇਸ ਸਿਲੈਕਟ ਕਮੇਟੀ ਵਾਸਤੇ ਜਿਹੜਾ ਤੁਸੀਂ ਮੈਨੂੰ ਅਖਤਿਆਰ ਦਿੱਤਾ ਹੈ, ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪਾਂ ਥੋੜ੍ਹਾ ਸਮਾਂ ਹੋਰ ਲਗਾ ਲਈਏ ਅਤੇ ਇਹ ਕਮੇਟੀ ਆਪਣੀ ਰਿਪੋਰਟ ਛੇ ਮਹੀਨਿਆਂ ਦੇ ਅੰਦਰ-ਅੰਦਰ ਪੇਸ਼ ਕਰੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਿਲੈਕਟ ਕਮੇਟੀ ਨੂੰ ਸੌਂਪਿਆ ਜਾਵੇ ਜਿਸ ਦਾ ਗਠਨ ਸਪੀਕਰ ਦੁਆਰਾ ਕੀਤਾ ਜਾਵੇ ਅਤੇ ਇਹ ਸਿਲੈਕਟ ਕਮੇਟੀ ਲੋਕਾਂ ਦੀ ਰਾਇ ਲੈ ਕੇ ਆਪਣੀ ਰਿਪੋਰਟ ਛੇ ਮਹੀਨਿਆਂ ਦੇ ਅੰਦਰ ਅੰਦਰ ਪੇਸ਼ ਕਰੇ।

**ਮੁੱਖ ਮੰਤਰੀ** : ਸਰ, ਛੇ ਮਹੀਨੇ ਦੇ ਅੰਦਰ-ਅੰਦਰ means ਚਾਰ ਮਹੀਨੇ ਵੀ ਹੋ ਸਕਦੇ ਹਨ? ਕੀ ਛੇ ਮਹੀਨੇ ਅੱਪਰ ਲਿਮਿਟ ਹੈ ਅਤੇ ਰਿਪੋਰਟ ਉਸ ਤੋਂ ਪਹਿਲਾਂ ਵੀ ਆ ਸਕਦੀ ਹੈ?

**ਮਾਣਯੋਗ ਸਪੀਕਰ**: ਹੋਰ ਕੋਈ ਸਾਥੀ ਇਸ ਬਾਰੇ ਆਪਣੀ ਰਾਏ ਦੇਣੀ ਚਾਹੁੰਦਾ ਹੈ? ਛੇ ਮਹੀਨੇ ਬਾਰੇ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੈਂ ਤੁਹਾਡੇ ਵਿਚਾਰ ਨਾਲ ਸਹਿਮਤ ਹਾਂ ਕਿ ਬਹੁਤ ਅਹਿਮ ਬਿਲ ਹੈ, ਬੜਾ ਸਤਿਕਾਰਯੋਗ ਬਿਲ ਹੈ। ਮੇਰੇ ਖਿਆਲ ਵਿੱਚ ਛੇ ਮਹੀਨੇ would be appropriate time. ਉਸ ਤੋਂ ਉੱਤੇ ਨਾ ਜਾਇਆ ਜਾਵੇ।

**ਮਾਣਯੋਗ ਸਪੀਕਰ**: ਅੱਪਰ ਲਿਮਿਟ ਤੋਂ ਪਹਿਲਾਂ ਜਦੋਂ ਮਰਜ਼ੀ ਆ ਜਾਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਠੀਕ ਹੈ ਜੀ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਿਲੈਕਟ ਕਮੇਟੀ ਨੂੰ ਸੌਂਪਿਆ ਜਾਵੇ ਜਿਸ ਦਾ ਗਠਨ ਸਪੀਕਰ ਦੁਆਰਾ ਕੀਤਾ ਜਾਵੇ ਅਤੇ ਇਹ ਸਿਲੈਕਟ ਕਮੇਟੀ ਲੋਕਾਂ ਦੀ ਰਾਏ ਲੈ ਕੇ ਆਪਣੀ ਰਿਪੋਰਟ ਛੇ ਮਹੀਨਿਆਂ ਦੇ ਅੰਦਰ-ਅੰਦਰ ਪੇਸ਼ ਕਰੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੇ ਸੱਚੇ ਪਾਤਸ਼ਾਹ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀਓ। ਆਪ ਜੀ ਦੇ ਸਬੰਧ ਦੇ ਵਿੱਚ ਵਿਚਾਰ ਚਰਚਾਵਾਂ ਹੋਈਆਂ, ਧਰਮ ਤੇ ਚਰਚਾ ਹੋਈ, ਚਰਚਾ ਕਰਦਿਆਂ ਕਈ ਤਰ੍ਹਾਂ ਦੀਆਂ ਬੇਅਦਬੀਆਂ, ਗਲਤੀਆਂ ਹੋ ਗਈਆਂ ਹੋਣਗੀਆਂ। ਆਪਣੇ ਨਿਮਾਣੇ ਬੱਚਿਆਂ ਨੂੰ ਸੁਮੱਤ ਬਖਸ਼ਿਓ, ਅੱਗੇ ਤੋਂ ਗੁਰਮਤਿ ਮਰਿਆਦਾ ਅਨੁਸਾਰ ਜੀਵਨ ਬਤੀਤ ਕਰਨ ਦੀ ਦਾਤ ਬਖਸ਼ਿਓ, ਚਰਚਾ ਕਰਨ ਦੀ ਦਾਤ ਬਖਸ਼ਿਓ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ ॥

--------

### DISCUSSION ON "WAR OF PUNJAB AGAINST DRUGS/NARCOTICS"

**ਮਾਣਯੋਗ ਸਪੀਕਰ** : ਪੰਜਾਬ ਵਿਧਾਨ ਸਭਾ ਦੀ ਮਿਤੀ 22 ਮਾਰਚ, 2023 ਨੂੰ ਹੋਈ ਬੈਠਕ ਦੌਰਾਨ 'ਪੰਜਾਬ ਦਾ ਯੁੱਧ ਨਸ਼ਿਆਂ ਵਿਰੁੱਧ' ਮੁੱਦੇ ਤੇ ਬਹਿਸ ਆਰੰਭੀ ਗਈ ਸੀ ਪਰ ਇਸ ਮੁੱਦੇ ਉਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੀ ਦਾ ਵਿਜ਼ਨ ਲੈ ਕੇ ਇਸ ਮਾਮਲੇ ਤੇ ਵਿਚਾਰ ਵਟਾਂਦਰਾ ਅਗਲੀ ਕਿਸੇ ਬੈਠਕ ਲਈ ਮੁਲਤਵੀ ਕਰ ਦਿੱਤਾ ਗਿਆ ਸੀ, ਜਿਸ ਅਨੁਸਾਰ ਇਸ ਮਾਮਲੇ ਤੇ ਮੁੜ ਬਹਿਸ ਆਰੰਭ ਕੀਤੀ ਜਾਣੀ ਹੈ। ਇਸ ਬਹਿਸ ਦਾ ਸਮਾਂ ਦੋ ਘੰਟੇ ਨਿਸ਼ਚਿਤ ਕੀਤਾ ਗਿਆ ਹੈ। ਪਾਰਟੀਆਂ ਦੀ ਪ੍ਰਪੋਰਸ਼ਨਲ ਸਟਰੈਂਥ ਮੁਤਾਬਿਕ ਸਮਾਂ ਅਲਾਟ ਕੀਤਾ ਗਿਆ ਹੈ, ਜਿਸ ਵਿੱਚ ਆਮ ਆਦਮੀ ਪਾਰਟੀ ਦੇ 93 ਮਾਣਯੋਗ ਮੈਂਬਰਾਂ ਲਈ ਅਲਾਟਿਡ ਸਮਾਂ 1 ਘੰਟਾ 35 ਮਿੰਟ ਹਨ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 16 ਮਾਣਯੋਗ ਮੈਂਬਰਾਂ ਲਈ ਅਲਾਟਿਡ ਸਮਾਂ 16 ਮਿੰਟ, ਸ਼੍ਰੋਮਣੀ ਅਕਾਲੀ ਦਲ ਦੇ ਮਾਣਯੋਗ ਤਿੰਨ ਮੈਂਬਰਾਂ ਲਈ ਅਲਾਟਿਡ ਸਮਾਂ ਤਿੰਨ ਮਿੰਟ, ਭਾਰਤੀ ਜਨਤਾ ਪਾਰਟੀ ਦੇ ਦੋ ਮਾਣਯੋਗ ਮੈਂਬਰਾਂ ਲਈ ਅਲਾਟਿਡ ਸਮਾਂ ਦੋ ਮਿੰਟ, ਬਹੁਜਨ ਸਮਾਜ ਪਾਰਟੀ ਦੇ ਇੱਕ ਮਾਣਯੋਗ ਮੈਂਬਰ ਲਈ ਅਲਾਟਿਡ ਸਮਾਂ ਦੋ ਮਿੰਟ ਅਤੇ ਇੰਡੀਪੈਂਡੈਂਟ ਇੱਕ ਮੈਂਬਰ ਲਈ ਅਲਾਟਿਡ ਸਮਾਂ ਦੋ ਮਿੰਟ ਹਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਬਹੁਤ ਹੀ ਅੱਛਾ ਸਟੈੱਪ 1 ਮਾਰਚ, 2025 ਨੂੰ ਲਿਆ ਸੀ। ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਇੱਕ ਵੱਡੀ ਕਮੇਟੀ ਦਾ ਗਠਨ ਕੀਤਾ ਸੀ। ਮਾਣਯੋਗ ਸਪੀਕਰ ਸਾਹਿਬ, 'ਯੁੱਧ ਨਸ਼ਿਆਂ ਵਿਰੁੱਧ', 'war against drugs' ਅੱਜ ਤੁਸੀਂ ਇਸ ਮੁੱਦੇ ਨੂੰ ਲੈ ਕੇ ਪਵਿੱਤਰ ਸਦਨ ਦੇ ਅੰਦਰ ਸਾਰੀਆਂ ਧਿਰਾਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦੇ ਰਹੇ ਹੋ। ਤੁਹਾਡਾ ਬਹੁਤ ਬਹੁਤ ਸ਼ੁਕਰੀਆ।

*1.59 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਵਿੱਤ ਮੰਤਰੀ** : ਮਾਣਯੋਗ ਡਿਪਟੀ ਸਪੀਕਰ ਸਾਹਿਬ, 1 ਮਾਰਚ, 2025 ਤੋਂ ਲੈ ਕੇ 14 ਜੁਲਾਈ, 2025 ਤੱਕ ਪੰਜਾਬ ਸਰਕਾਰ ਨੇ, ਸਾਡੇ ਅਧਿਕਾਰੀਆਂ ਨੇ ਅਤੇ ਸਾਰਿਆਂ ਨੇ ਮਿਲ ਕੇ ਹੁਣ ਤੱਕ ਲਗਭਗ 13,665 ਮੁਕੱਦਮੇ ਨਸ਼ਾ ਤਸਕਰਾਂ ਖਿਲਾਫ, ਡਰੱਗਜ਼ ਮਾਫੀਆ ਖਿਲਾਫ ਦਰਜ ਕੀਤੇ ਹਨ, ਜਿਨ੍ਹਾਂ ਵਿੱਚੋਂ 21,957 ਦੋਸ਼ੀ ਫੜ੍ਹ ਕੇ ਵੱਖ-ਵੱਖ ਜੇਲ੍ਹਾਂ ਦੇ ਅੰਦਰ ਬੰਦ ਕੀਤੇ ਗਏ ਹਨ। ਲਗਭਗ 11 ਕਰੋੜ ਤੋਂ ਉੱਪਰ ਤੱਕ ਦੀ ਕਰੰਸੀ ਭਾਵ ਡਰੱਗ ਮਨੀ ਵੀ ਹੁਣ ਤੱਕ ਰਿਕਵਰ ਹੋ ਚੁੱਕੀ ਹੈ। ਮੈਂ ਥੋੜ੍ਹਾ ਜਿਹਾ ਪਿਛੋਕੜ ਵਿੱਚ ਜਾਵਾਂਗਾ। ਸਾਲ 2002 ਤੋਂ ਲੈ ਕੇ 2007 ਤੱਕ ਪੰਜਾਬ

ਅੰਦਰ ਕਾਂਗਰਸ ਪਾਰਟੀ ਦਾ ਰਾਜ ਸੀ, ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਰਹੇ। 2007 ਤੋਂ 2017 ਤੱਕ ਦਸ ਸਾਲ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਾਂਝੀ ਸਰਕਾਰ ਦਾ ਰਾਜ ਰਿਹਾ। ਸਵਰਗਵਾਸੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਮੁੱਖ ਮੰਤਰੀ ਰਹੇ ਅਤੇ ਉਨ੍ਹਾਂ ਦੇ ਫਰਜ਼ੰਦ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਉਸ ਸਮੇਂ ਹੋਮ ਮਨਿਸਟਰ ਰਹੇ। ਇਹ ਸਾਰਾ ਪੰਜਾਬ ਜਾਣਦਾ ਹੈ। ਜੇਕਰ ਮੈਂ 2007 ਤੋਂ ਪਹਿਲਾਂ ਦੀ ਗੱਲ ਕਰਾਂ ਕਿਉਂਕਿ ਹੈਰੋਇਨ ਸਮੈਕ ਦਾ ਨਾਂ ਉਸ ਸਮੇਂ ਤੋਂ ਬਾਅਦ ਸੁਣਨ ਵਿੱਚ ਆਇਆ। ਉਸ ਤੋਂ ਪਹਿਲਾਂ ਅਫੀਮ ਅਤੇ ਭੁੱਕੀ ਦਾ ਨਾਂ ਤਾਂ ਸੁਣਨ ਵਿੱਚ ਆਉਂਦਾ ਹੀ ਸੀ। ਜੇਕਰ ਮੈਂ ਸਾਲ 2007 ਤੋਂ ਲੈ ਕੇ 2017 ਦੀ ਗੱਲ ਕਰਾਂ ਤਾਂ ਪੰਜਾਬ ਵਿੱਚ ਪਹਿਲੀ ਵਾਰ ਚਿੱਟੇ ਦਾ ਨਾਂ ਸੁਣਨ ਵਿੱਚ ਆਇਆ। ਪੰਜਾਬ ਦੀ ਡਿਕਸ਼ਨਰੀ ਦੇ ਅੰਦਰ, ਪੰਜਾਬ ਦੇ ਲੋਕਾਂ ਦੀ ਸ਼ਬਦਾਵਲੀ ਦੇ ਅੰਦਰ ਚਿੱਟੇ ਦਾ ਨਾਂ ਪਹਿਲੀ ਵਾਰ ਪ੍ਰਵੇਸ਼ ਕੀਤਾ ਔਰ ਲਗਾਤਾਰ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰਨ ਲਈ ਉਸ ਸਮੇਂ ਦੀ ਸਰਕਾਰ ਦੇ ਲੋਕਾਂ ਨੇ, ਉਸ ਸਮੇਂ ਦੇ ਡਰੱਗ ਮਾਫੀਏ ਨੇ ਪੰਜਾਬ ਅੰਦਰ ਇੱਕ ਬਹੁਤ ਵੱਡੀ ਮੁਹਿੰਮ ਚਲਾਈ ਕਿ ਪੰਜਾਬ ਦੀ ਜਵਾਨੀ ਨੂੰ ਕਿਵੇਂ ਤਬਾਹ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਉਸ ਸਮੇਂ ਹੀ ਪੰਜਾਬ ਵਿੱਚ ਬਰੇਨ ਡਰੇਨ ਸ਼ੁਰੂ ਹੋਇਆ। ਉਸ ਸਮੇਂ ਹੀ ਪੰਜਾਬ ਦੇ ਲੋਕਾਂ ਨੇ, ਪੰਜਾਬ ਦੇ ਸੂਝਵਾਨ ਲੋਕ ਜਾਂ ਤਾਕਤਵਰ ਲੋਕ, ਜਿਨ੍ਹਾਂ ਕੋਲ ਬਹੁਤ ਪੈਸਾ ਸੀ, ਆਪਣੇ ਬੱਚਿਆਂ ਨੂੰ ਬਾਹਰਲੇ ਦੇਸ਼ਾਂ ਵਿੱਚ ਭੇਜਣਾ ਸ਼ੁਰੂ ਕੀਤਾ। ਐਜੂਕੇਸ਼ਨ ਦੇ ਨਾਂ ਉੱਤੇ, ਵਰਕ ਪਰਮਿਟ ਤੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਬਾਹਰ ਭੇਜਣਾ ਸ਼ੁਰੂ ਕੀਤਾ ਕਿ ਅਸੀਂ ਆਪਣੇ ਬੱਚਿਆਂ ਨੂੰ ਬਚਾ ਲਈਏ। ਪੰਜਾਬ ਦੀ ਜਵਾਨੀ ਨੂੰ ਬਚਾ ਲਈਏ। ਇਹ ਟਰੈਂਡ ਪੰਜਾਬ ਅੰਦਰ ਉਸ ਸਮੇਂ ਹੀ ਸ਼ੁਰੂ ਹੋਇਆ ਸੀ। ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਅੰਦਰ ਐਡਮਿਸ਼ਨਾਂ ਘੱਟਣ ਲੱਗੀਆਂ ਲੇਕਿਨ ਪੰਜਾਬ ਅੰਦਰ ਜਦੋਂ ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ. ਦੀ ਸਾਂਝੀ ਸਰਕਾਰ ਸੀ, ਉਸ ਸਮੇਂ ਨਸ਼ੇ ਦਾ ਵਪਾਰ ਦਿਨੋਂ-ਦਿਨ ਵੱਧਦਾ ਗਿਆ। ਪੂਰੇ ਦਸ ਸਾਲ ਡਰੱਗ ਮਾਫੀਆ ਨੇ ਪੰਜਾਬ ਦੇ ਹਰ ਘਰ ਅੰਦਰ ਪੈਰ ਪਸਾਰ ਲਏ। ਇਹ ਗੱਲ ਮੈਂ by name ਕਹਿ ਰਿਹਾ ਹਾਂ ਕਿ ਪੂਰੇ ਪੰਜਾਬ ਅੰਦਰ ਅਕਾਲੀ ਦਲ ਨੇ ਰੱਜ ਕੇ ਨਸ਼ਾ ਵੇਚਿਆ ਔਰ ਪੰਜਾਬ ਨੂੰ ਬਰਬਾਦ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ।

ਡਿਪਟੀ ਸਪੀਕਰ ਸਾਹਿਬ, ਹੁਣ 2017 ਵਿੱਚ ਆਉਂਦੇ ਹਾਂ। ਸਾਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਬੋਲਣਾ ਹੈ ਅਤੇ ਸਮਾਂ ਵੀ ਦੋ ਘੰਟੇ ਦਾ ਰੱਖਿਆ ਗਿਆ ਹੈ। ਸਾਲ 2017 ਵਿੱਚ ਕਾਂਗਰਸ ਪਾਰਟੀ ਇਲੈਕਸ਼ਨ ਲੜ ਰਹੀ ਹੈ। ਆਮ ਆਦਮੀ ਪਾਰਟੀ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦੀ ਇਲੈਕਸ਼ਨ ਲੜ ਰਹੀ ਹੈ ਔਰ ਸ਼੍ਰੋਮਣੀ ਅਕਾਲੀ ਦਲ -ਬੀ.ਜੇ.ਪੀ. ਵਾਲੇ ਸਾਂਝੀ ਇਲੈਕਸ਼ਨ ਲੜ ਰਹੇ ਹਨ। ਉਸ ਸਮੇਂ ਕਾਂਗਰਸ ਪਾਰਟੀ ਦੇ ਕੈਂਡੀਡੇਟ ਕੈਪਟਨ ਅਮਰਿੰਦਰ ਸਿੰਘ ਜੀ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਠੀਕ 35 ਕਿਲੋਮੀਟਰ ਦੂਰ ਖੜ੍ਹੇ ਹੋ ਕੇ ਗੁਟਕਾ ਸਾਹਿਬ ਮੱਥੇ ਨੂੰ ਲਗਾਉਂਦੇ ਹੋਏ ਕਿਹਾ ਕਿ ਮੈਂ ਚਾਰ ਹਫਤਿਆਂ ਦੇ ਅੰਦਰ-ਅੰਦਰ ਪੰਜਾਬ ਵਿੱਚੋਂ ਨਸ਼ਾ ਖਤਮ ਕਰ ਦੇਵਾਂਗਾ। ਇਸ ਗੱਲ ਦਾ ਵਾਅਦਾ ਕਰਕੇ ਉਹ ਇਲੈਕਸ਼ਨ ਜਿੱਤੇ। ਮੈਂ ਹੈਰਾਨ ਹਾਂ ਕਿ ਕਾਂਗਰਸ ਦੇ ਬਹੁਤ ਸਾਰੇ ਮੈਂਬਰ ਉੱਠ ਕੇ ਚਲੇ ਗਏ ਹਨ, ਉਨ੍ਹਾਂ ਨੂੰ ਸੁਣਨ ਵਿੱਚ ਦੁੱਖ ਲੱਗਦਾ ਹੋਵੇਗਾ ਕਿ ਇਹ ਗੱਲ ਉਨ੍ਹਾਂ ਤੇ ਆਉਣੀ ਹੈ। ਇਸੇ ਕਰਕੇ ਬਹੁਤ ਸਾਰੇ ਮੈਂਬਰ ਉੱਠ ਕੇ ਚਲੇ ਗਏ ਹਨ। ਉਹ ਉੱਠ ਕੇ ਚਲੇ ਜਾਂਦੇ ਹਨ ਜਦੋਂ ਸੱਚ ਸਾਹਮਣੇ ਆਉਣ ਲੱਗਦਾ ਹੈ ਕਿਉਂਕਿ ਉਸ ਸਮੇਂ ਕਈ ਸਾਥੀ ਗੁਟਕਾ ਫੜਾਉਣ ਲਈ ਲਾਈਨ ਵਿੱਚ ਲੱਗੇ ਸਨ ਅਤੇ ਕਈ ਨਾਅਰੇ ਲਗਾਉਣ ਵਿੱਚ ਲੱਗੇ ਹੋਏ ਸਨ। ਕਈ ਕੈਪਟਨ ਸਾਹਿਬ ਜ਼ਿੰਦਾਬਾਦ ਕਹਿਣ ਲੱਗੇ ਹੋਏ ਸਨ। ਚਾਰ ਹਫਤੇ ਕਰਦੇ-ਕਰਦੇ ਸਾਢੇ ਚਾਰ ਸਾਲ ਬੀਤ ਗਏ ਅਤੇ ਕਾਂਗਰਸ ਦੀ ਹਾਈ ਕਮਾਨ ਨੂੰ ਆਪਣਾ ਮੁੱਖ ਮੰਤਰੀ ਬਦਲਣਾ ਪਿਆ। ਸਰਦਾਰ ਚਰਨਜੀਤ ਸਿੰਘ ਚੰਨੀ ਨੂੰ

ਪੰਜਾਬ ਦਾ ਮੁੱਖ ਮੰਤਰੀ ਲਗਾਇਆ ਗਿਆ ਲੇਕਿਨ ਪੂਰੇ ਪੰਜ ਸਾਲ ਬੀਤਣ ਤੋਂ ਬਾਅਦ ਰਿਜ਼ਲਟ ਜ਼ੀਰੋ ਨਿਕਲਿਆ। ਕੋਈ ਪ੍ਰੋਗੈਸ ਨਹੀਂ ਹੋਈ। ਨਸ਼ਾ ਤਸਕਰ ਉਸੇ ਤਰ੍ਹਾਂ ਪੰਜਾਬ ਅੰਦਰ ਘੁੰਮਦੇ ਰਹੇ। ਉਸ ਸਮੇਂ ਵੱਡੇ-ਵੱਡੇ ਨਸ਼ਾ ਤਸਕਰਾਂ ਦੇ ਨਾਂ ਤਤਕਾਲੀ ਮਾਣਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਬੋਲਦੇ ਰਹੇ ਹਨ। ਮਾਣਯੋਗ ਦੋ-ਚਾਰ ਮੈਂਬਰ ਜਿਹੜੇ ਹੁਣ ਚਲੇ ਗਏ ਹਨ, ਉਹ ਬੋਲਦੇ ਹੁੰਦੇ ਸੀ ਕਿ ਅਸੀਂ ਫੜ੍ਹਾਂਗੇ। ਲਾਸਟ ਵਿਧਾਨ ਸਭਾ ਵੇਲੇ ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਪਾਰਲੀਮੈਂਟ ਵਿੱਚ ਸਨ ਔਰ ਅਸੀਂ ਇੱਥੇ ਹੀ ਸੀ। ਮੈਂ ਤੁਹਾਡੇ ਵਾਲੀ ਸੀਟ ਤੇ ਬੈਠਦਾ ਸੀ। ਉਦੋਂ  ਮੈਂ ਬੜਾ ਸੁਣਦਾ ਹੁੰਦਾ ਸੀ ਕਿ ਰੱਸਾ ਪਾ ਲਵਾਂਗੇ, ਛੱਡਦੇ ਨਹੀਂ, ਇਨ੍ਹਾਂ ਨੇ ਰੱਸਾ ਪਾਉਂਦਿਆਂ-ਪਾਉਂਦਿਆਂ ਪੰਜ ਸਾਲ ਲੰਘਾ ਦਿੱਤੇ ਗਏ ਔਰ ਪੰਜਾਬ ਦੇ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਸੱਤਾ ਤੋਂ ਬਾਹਰ ਕੀਤਾ। ਉਸ ਤੋਂ ਬਾਅਦ ਸਾਲ 2022 ਵਿੱਚ ਉਹੀ ਮੁੱਦਾ ਪੰਜਾਬ ਅੰਦਰ ਆਉਂਦਾ ਹੈ ਅਤੇ ਪੰਜਾਬ ਦੇ ਲੋਕ ਉਸੇ ਮੁੱਦੇ ਤੇ ਵੋਟ ਕਰਦੇ ਹਨ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਂਦੇ ਹਨ। ਜਦੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਮੁੱਖ ਮੰਤਰੀ ਬਣਦੇ ਹਨ ਤਾਂ ਪੰਜਾਬ ਦੇ ਅੰਦਰ ਤਿੰਨ ਸਾਲ ਨਸ਼ਿਆਂ ਦੇ ਖਿਲਾਫ ਪੂਰੀ ਜ਼ੋਰਦਾਰ ਮੁਹਿੰਮ ਚੱਲਦੀ ਹੈ। ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਕੁਨੈਕਟ ਕਰਨ ਲਈ ਪੰਜਾਬ ਦੇ ਅੰਦਰ "ਖੇਡਾਂ ਵਤਨ ਪੰਜਾਬ ਦੀਆਂ" ਕਰਵਾਈਆਂ ਤਾਂ ਕਿ ਪੰਜਾਬ ਦਾ ਨੌਜਵਾਨ ਖੇਡਾਂ ਵੱਲ ਸ਼ਿਫਟ ਹੋਵੇ।  ਪੰਜਾਬ ਦੇ ਅੰਦਰ 55 ਹਜ਼ਾਰ ਦੇ ਕਰੀਬ ਨੌਕਰੀਆਂ ਦਿੱਤੀਆਂ ਕਿ ਪੰਜਾਬ ਦਾ ਨੌਜਵਾਨ ਨਸ਼ਿਆਂ ਤੋਂ ਦੂਰ ਰਹੇ ਤੇ ਉਸ ਦੀ ਅੱਖ ਰੁਜ਼ਗਾਰ ਵੱਲ ਹੋਵੇ। ਪੰਜਾਬ ਦੇ ਅੰਦਰ ਲਗਭਗ ਇੱਕ ਲੱਖ ਕਰੋੜ ਰੁਪਏ ਦਾ ਨਿਵੇਸ਼ ਹੋਇਆ ਕਿਉਂਕਿ ਜਦੋਂ ਉਦਯੋਗ ਆਵੇਗਾ ਤਾਂ ਬੱਚਿਆਂ ਨੂੰ ਨੌਕਰੀਆਂ ਮਿਲਣਗੀਆਂ ਅਤੇ ਬੱਚੇ ਆਪਣੇ ਟਿਫਨ ਲੈ ਕੇ ਕਾਰਖਾਨਿਆਂ ਵਿੱਚ ਜਾਣਗੇ। ਇਸ ਨਾਲ ਸ਼ਾਇਦ ਉਹ ਨਸ਼ਿਆਂ ਤੋਂ ਦੂਰ ਰਹਿਣ। ਇਸ ਤਰ੍ਹਾਂ ਇਸ ਮੁਹਿੰਮ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ ਹੈ ਅਤੇ ਪੰਜਾਬ ਸਰਕਾਰ ਬਹੁਤ ਤੱਕੜੇ ਤਰੀਕੇ ਨਾਲ ਡਰੱਗਜ਼ ਤੇ ਵਾਰ ਕਰਨ ਵਿੱਚ ਸਫਲ ਰਹੀ ਹੈ। ਜਿਵੇਂ ਮੈਂ 1 ਮਾਰਚ ਦੀ ਗੱਲ ਕੀਤੀ ਹੈ। 1 ਮਾਰਚ ਤੋਂ ਬਾਅਦ ਇਸ ਮੁਹਿੰਮ ਨੂੰ ਯੁੱਧ ਦੇ ਅੰਦਰ ਤਬਦੀਲ ਕੀਤਾ "ਯੁੱਧ ਨਸ਼ਿਆਂ ਵਿਰੁੱਧ"। ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਮੇਰੀ ਅਗਵਾਈ ਵਿੱਚ ਇੱਕ ਕਮੇਟੀ ਦਾ ਗਠਨ ਕੀਤਾ। ਉਸ ਵਿੱਚ ਸ਼੍ਰੀ ਅਮਨ ਅਰੋੜਾ ਜੀ, ਸ਼੍ਰੀ ਲਾਲਜੀਤ ਭੁੱਲਰ ਜੀ ਅਤੇ ਡਾਕਟਰ ਬਲਬੀਰ ਸਿੰਘ ਜੀ ਨੂੰ ਵੀ ਉਸ ਕਮੇਟੀ ਦਾ ਮੈਂਬਰ ਬਣਾਇਆ ਤਾਂ ਕਿ ਅਸੀਂ ਇਸ ਮੁਹਿੰਮ ਨੂੰ ਅੱਗੇ ਲੈ ਕੇ ਜਾਈਏ। ਮੈਂ ਦੇਖਦਾ ਹੁੰਦਾ ਸੀ ਕਿ ਪਿਛਲੇ 04 ਮਹੀਨਿਆਂ ਤੋਂ ਜਿੰਨੀਆਂ ਵੀ ਵੀਡੀਓਜ਼ ਆਉਂਦੀਆਂ ਸਨ, ਜਿੰਨੇ ਵੀ ਆਪੋਜ਼ੀਸ਼ਨ ਦੇ ਕੁਮੈਂਟਸ ਆਉਂਦੇ ਸਨ, ਉਹ ਇਹੀ ਕਹਿੰਦੇ ਸਨ ਕਿ ਵੱਡੇ-ਵੱਡੇ ਮਗਰਮੱਛ ਫੜ੍ਹੇ ਨਹੀਂ ਜਾ ਰਹੇ। ਡਿਪਟੀ ਸਪੀਕਰ ਸਾਹਿਬ, ਸ਼ਾਇਦ ਤੁਸੀਂ ਵੀ ਪੜ੍ਹਦੇ ਹੋਵੋਗੇ ਅਤੇ ਤੁਸੀਂ ਵੀ ਦੇਖਿਆ ਹੋਵੇਗਾ ਕਿ ਆਪੋਜ਼ੀਸ਼ਨ ਪਾਰਟੀਆਂ ਵੱਲੋਂ ਕੀ-ਕੀ ਕਿਹਾ ਜਾਂਦਾ ਸੀ ਕਿ ਵੱਡੇ-ਵੱਡੇ ਮਗਰਮੱਛਾਂ ਨੂੰ ਸਰਕਾਰ ਬਚਾ ਰਹੀ ਹੈ। ਸਰਕਾਰ ਵੱਲੋਂ ਉਨ੍ਹਾਂ ਦੀ ਪ੍ਰੋਟੈਕਸ਼ਨ ਕੀਤੀ ਜਾ ਰਹੀ ਹੈ। ਸਰਕਾਰ ਉਨ੍ਹਾਂ ਨੂੰ ਫੜ੍ਹ ਨਹੀਂ ਰਹੀ। ਇਸ ਵਾਸਤੇ ਇਕ SIT ਬਣਾਈ ਗਈ ਅਤੇ ਅਸੀਂ ਆਪਣਾ ਪੂਰਾ ਸਿਸਟਮ ਬਣਾ ਕੇ ਵੱਡੇ-ਵੱਡੇ ਮਗਰਮੱਛਾਂ ਨੂੰ ਫੜ੍ਹਿਆ ਤਾਂ ਡਰੱਗ ਮਾਫੀਆ ਦੇ ਹੱਕ ਵਿੱਚ ਕਾਂਗਰਸ ਪਾਰਟੀ ਦਾ ਦਰਦ ਛਲਕਿਆ। ਉਸ ਤੋਂ ਬਾਅਦ ਕਾਂਗਰਸ ਪਾਰਟੀ ਦੇ ਉਨ੍ਹਾਂ ਲੀਡਰਾਂ ਦਾ ਦਰਦ ਛਲਕਿਆ ਜਿਹੜੇ ਪੱਟੀ ਦੇ ਅੰਦਰ, ਤਰਨਤਾਰਨ ਦੇ ਅੰਦਰ ਖੜ੍ਹ ਕੇ ਕਹਿੰਦੇ ਸਨ ਕਿ ਸੁਖਬੀਰ ਸਿੰਘ ਬਾਦਲ, ਬਿਕਰਮ ਮਜੀਠੀਆ, ਤੋਤਾ ਸਿੰਘ ਮੁਆਫ਼ ਕਰਨਾ ਸਵਰਗਵਾਸੀ ਅਤੇ ਪ੍ਰਤਾਪ ਸਿੰਘ ਕੈਰੋਂ,  ਉਨ੍ਹਾਂ ਦੇ ਗਲ ਵਿੱਚ ਰੱਸਾ ਬੰਨ੍ਹ ਕੇ ਲੈ ਕੇ ਆਵਾਂਗਾ ਅਤੇ ਫਿਰ ਉਨ੍ਹਾਂ ਨੂੰ ਤਰਨਤਾਰਨ ਲਟਕਾਵਾਂਗਾ। ਇਹ ਗੱਲ ਕਹਿੰਦੇ ਹੁੰਦੇ ਸਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ)** : ਪ੍ਰਤਾਪ ਸਿੰਘ ਕੈਰੋਂ ਨਹੀਂ ਆਦੇਸ਼ ਪ੍ਰਤਾਪ ਸਿੰਘ ਕੈਰੋਂ।

**ਵਿੱਤ ਮੰਤਰੀ** : ਹਾਂ ਜੀ, ਆਦੇਸ਼ ਪ੍ਰਤਾਪ ਸਿੰਘ ਕੈਰੋਂ। ਧੰਨਵਾਦ ਜੀ, ਤੁਸੀਂ ਕੁਰੈਕਟ ਕਰ ਦਿੱਤਾ। ਬਾਜਵਾ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੀ ਹੀ ਗੱਲ ਕਰ ਰਿਹਾ ਹਾਂ। ਤੁਹਾਨੂੰ ਕਹਾਣੀ ਯਾਦ ਹੈ। ਮੈਂ ਤੁਹਾਨੂੰ ਯਾਦ ਹੀ ਕਰਵਾਉਣਾ ਚਾਹੁੰਦਾ ਸੀ ਤਾਂ ਕਿ ਤੁਸੀਂ ਦੁਬਾਰਾ ਫਿਰ ਇੱਕ ਚੰਡੀਗੜ੍ਹ ਪੁਲਿਸ ਨੂੰ ਹੋਰ ਐਪਲੀਕੇਸ਼ਨ ਲਿਖੋਗੇ। ਮੈਂ ਇਸੇ ਲਈ ਤੁਹਾਨੂੰ ਯਾਦ ਕਰਵਾ ਰਿਹਾ ਸੀ ਕਿਉਂਕਿ ਤੁਸੀਂ ਬਹੁਤ ਜਲਦੀ ਚੇਂਜ ਹੋ ਜਾਂਦੇ ਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਪਹਿਲੀ ਗੱਲ ਤਾਂ ਆਪਾਂ ਕਿਤੇ ਵੀ ਚੇਂਜ ਨਹੀਂ ਹੋਏ। ਇਹ ਤੁਹਾਡੇ ਖਿਲਾਫ਼ ਪਰਚਾ ਹੋਇਆ ਹੈ। (ਵਿਘਨ..ਸ਼ੋਰ)

**ਵਿੱਤ ਮੰਤਰੀ** : ਤੁਸੀਂ ਹੋਰ ਪਰਚੇ ਕਰਵਾ ਲਓ। ਤੁਸੀਂ ਕਿਉਂ ਐਵੇਂ ਡਰਨ ਲੱਗ ਜਾਂਦੇ ਹੋ। ਇੰਨਾ ਨਾ ਭੜਕਿਆ ਕਰੋ। ਤੁਸੀਂ ਬਜ਼ੁਰਗ ਹੋ। ਐਵੇਂ ਨਾ ਭੜਕਿਆ ਕਰੋ। ਅਸੀਂ ਤੁਹਾਡਾ ਸਤਿਕਾਰ ਕਰਦੇ ਹਾਂ। ਤੁਸੀਂ ਕਈ ਵਾਰ ਭੁੱਲ ਜਾਂਦੇ ਹੋ। ਤੁਹਾਨੂੰ ਭੁੱਲਣ ਦੀ ਆਦਤ ਪੈ ਗਈ। ਅਸੀਂ ਦਵਾਈ ਲੈ ਕੇ ਆਉਂਦੇ ਹਾਂ।

**ਮਾਣਯੋਗ ਡਿਪਟੀ ਸਪੀਕਰ** : ਮੰਤਰੀ ਜੀ, ਚੇਅਰ ਨੂੰ ਐਡਰੈਸ ਕਰੋ।

**ਵਿੱਤ ਮੰਤਰੀ** : ਤੁਸੀਂ ਜਿੰਨੇ ਮਰਜ਼ੀ ਪਰਚੇ ਕਰਵਾ ਲਓ।

**ਮਾਣਯੋਗ ਡਿਪਟੀ ਸਪੀਕਰ** : ਮੰਤਰੀ ਜੀ, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੀ ਬੇਨਤੀ ਸੁਣੋ।

**ਮਾਣਯੋਗ ਡਿਪਟੀ ਸਪੀਕਰ** : ਤੁਸੀਂ ਨਾਮ ਕੁਰੈਕਟ ਕਰਨਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਨਹੀਂ ਜੀ, ਮੈਂ ਨਾਮ ਨਹੀਂ ਕੁਰੈਕਟ ਕਰਨਾ। ਮੈਂ ਇਨ੍ਹਾਂ ਨੂੰ ਇੱਕੋ ਗੱਲ ਕਹਿਣੀ ਚਾਹੁੰਦਾ ਹਾਂ ਕਿ ਪਰਸਨਲ ਅਟੈਕ ਨਾ ਕਰੋ। ਫਿਰ ਤੁਹਾਡੇ ਤੇ ਹੈਵੀ ਅਟੈਕ ਆ ਜਾਣਾ ਹੈ। ਇਹ ਗੱਲ ਸਾਰੇ ਚੰਗੀ ਤਰ੍ਹਾਂ ਸੁਣ ਲਓ। ਇਨ੍ਹਾਂ ਨੇ ਤਰੋੜ-ਮਰੋੜ ਕੀਤਾ ਹੈ। ਇਨ੍ਹਾਂ ਦੋਵਾਂ ਤੇ ਪਰਚਾ ਹੋਇਆ ਹੈ।

**ਮਾਣਯੋਗ ਡਿਪਟੀ ਸਪੀਕਰ**: ਇਹ ਯੁੱਧ ਨਸ਼ਿਆਂ ਵਿਰੁੱਧ ਦੀ ਗੱਲ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੈਂ ਇਨ੍ਹਾਂ ਨੂੰ ਇਹੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਤੁਸੀਂ ਡਰੱਗਜ਼ ਤੇ ਆਪਣੀ ਗੱਲ ਰੱਖੋ। ਅਸੀਂ ਕਿਸ ਦੇ ਗਲ ਵਿੱਚ ਰੱਸਾ ਪਾਉਣਾ ਹੈ ਅਤੇ ਕਦੋਂ ਪਾਉਣਾ ਹੈ ਅਤੇ ਹਾਲੇ ਉਹ ਕਿਉਂ ਨਹੀਂ ਪਿਆ, ਇਹ ਮੈਂ ਸਭ ਕੁਝ ਦੱਸਾਂਗਾ। ਤੁਸੀਂ ਫਿਕਰ ਨਾ ਕਰੋ। ਰੱਸਾ ਜ਼ਰੂਰ ਪਾਵਾਂਗੇ। 100% ਰੱਸਾ ਪਏਗਾ। ਉਹ ਹੁਣ ਕਿਸ ਦੇ ਗਲ ਵਿੱਚ ਪੈਂਦਾ ਹੈ, ਇਹ ਤੁਹਾਨੂੰ ਬਾਅਦ ਵਿੱਚ ਦੱਸਾਂਗੇ, ਜਦੋਂ ਮੈਂ ਬੋਲਾਂਗਾ। (ਵਿਘਨ, ਸ਼ੋਰ)

**ਮਾਣਯੋਗ ਡਿਪਟੀ ਸਪੀਕਰ**: ਕੋਈ ਵੀ ਮੈਂਬਰ ਰਨਿੰਗ ਕੁਮੈਂਟਰੀ ਨਾ ਕਰੇ। ਚੀਮਾ ਸਾਹਿਬ, ਤੁਸੀਂ ਕੰਟੀਨਿਊ ਕਰੋ।

**ਵਿੱਤ ਮੰਤਰੀ** : ਚੰਗੀ ਗੱਲ ਹੈ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਦੱਸਣਗੇ ਕਿ ਉਹ ਪਿਛਲੇ ਪੰਜ ਸਾਲਾਂ ਵਿੱਚ ਰੱਸਾ ਕਿਉਂ ਨਹੀਂ ਪਾ ਸਕੇ। ਉਹ ਰੱਸਾ ਪਾਉਣ ਵਿੱਚ ਕਿਉਂ ਫੇਲ੍ਹ ਹੋ ਗਏ? ਉਨ੍ਹਾਂ ਦੀ ਸਰਕਾਰ ਇਸ ਕੰਮ ਵਿੱਚ ਕਿਉਂ ਫੇਲ੍ਹ ਹੋ ਗਈ? ਤੁਹਾਡਾ ਬਹੁਤ-ਬਹੁਤ ਧੰਨਵਾਦ, ਤੁਸੀਂ ਇਹ ਗੱਲ ਹਾਊਸ ਦੇ ਜ਼ਰੀਏ ਪੰਜਾਬ ਦੇ ਤਿੰਨ ਕਰੋੜ ਪੰਜਾਬੀਆਂ ਨੂੰ ਦੱਸੋਗੇ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ 2-4 ਵੀਡੀਓਜ਼ ਹਾਊਸ ਅੰਦਰ ਚਲਾ ਦਿਓ ਤਾਂ ਕਿ ਪਤਾ ਲੱਗ ਜਾਵੇ ਕਿ ਕਿਹੜੇ ਲੀਡਰ ਹਾਊਸ ਦੇ ਅੰਦਰ ਕੀ ਬੋਲਦੇ ਰਹੇ ਹਨ ਅਤੇ ਬਾਹਰ ਕੀ ਬੋਲਦੇ ਹਨ? ਇਹ ਕਿਵੇਂ ਪੰਜਾਬ ਦੇ ਲੋਕਾਂ ਨੂੰ ਸਟੇਜਾਂ ਤੇ ਜਾ ਕੇ ਗੁੰਮਰਾਹ ਕਰਦੇ ਹਨ, ਜਿਵੇਂ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਥੋੜ੍ਹੇ ਸਮੇਂ ਲਈ ਪੰਜਾਬ ਦੇ ਮੁੱਖ ਮੰਤਰੀ ਬਣਦੇ ਹਨ ਤਾਂ ਉਹ ਪੰਜਾਬ ਦੇ ਅੰਦਰ ਕੀ ਕਹਿੰਦੇ ਹਨ, ਇਸ ਸਬੰਧੀ ਮੈਂ ਇੱਕ ਵੀਡੀਓ ਪਲੇਅ ਕਰਨੀ ਚਾਹਾਂਗਾ। ਮੈਂ ਇਸ ਸਬੰਧੀ ਆਨਰੇਬਲ ਸਪੀਕਰ ਸਾਹਿਬ ਨੂੰ ਵੀ ਰਿਕੁਐਸਟ ਭੇਜੀ ਸੀ ਕਿ ਜੇ ਤੁਹਾਡੇ ਕੋਲ ਕੋਈ ਰਿਕਾਰਡਰ ਹੈ, ਨਹੀਂ ਤਾਂ ਮੈਂ ਆਡੀਓ ਹੀ ਚਲਾ ਦਿੰਦਾ ਹਾਂ, ਸਾਰੇ ਸੁਣ ਲੈਣਗੇ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ** : ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਡਿਪਟੀ ਸਪੀਕਰ ਸਾਹਿਬ, ਜਿਹੜਾ ਬੰਦਾ ਇਸ ਹਾਊਸ ਦਾ ਮੈਂਬਰ ਹੀ ਨਹੀਂ ਹੈ, ਉਸ ਦੀ ਆਡੀਓ ਜਾਂ ਵੀਡੀਓ ਕਿਸ ਤਰ੍ਹਾਂ ਸੁਣਾ ਸਕਦੇ ਹੋ?(ਵਿਘਨ..ਸ਼ੋਰ) ਵਿੱਤ ਮੰਤਰੀ ਜੀ, under what rule, ਕਿਹੜੇ ਰੂਲ ਦੇ ਅੰਡਰ ਤੁਸੀਂ ਸੁਣਾ ਸਕਦੇ ਹੋ? ਦੱਸੋ ਜੀ, under what rule? ਤੁਸੀਂ ਵਿਧਾਨ ਸਭਾ ਵਿੱਚ ਬੈਠੇ ਹੋ ਜਾਂ ਕਿਤੇ ਫਿਲਮ ਦੇਖਣ ਬੈਠੇ ਹੋ? Talk some sense. ਵਿਧਾਨ ਸਭਾ ਦੇ ਕਿਹੜੇ ਰੂਲ ਦੇ ਮੁਤਾਬਿਕ ਤੁਸੀਂ ਬੋਲ ਰਹੇ ਹੋ? ਇਸ ਬਾਰੇ ਕੋਈ ਕਿਤਾਬ ਪੜ੍ਹੀ ਹੈ?

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਅਤੇ ਸ੍ਰੀਮਤੀ ਇੰਦਰਜੀਤ ਕੌਰ ਮਾਨ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਆਪੋਜ਼ੀਸ਼ਨ ਦੇ ਮੈਂਬਰਾਂ ਨਾਲ ਬਹਿਸ ਰਹੇ ਸਨ।)

**ਵਿੱਤ ਮੰਤਰੀ** : ਇਹ ਕਹਿੰਦੇ ਹਨ ਕਿ ਵਿਧਾਨ ਸਭਾ ਦਾ ਕੋਈ ਰੂਲ ਕੋਟ ਕਰੋ। ਮੈਂ ਇਸ ਗੱਲ ਨੂੰ ਛੱਡ ਦਿੰਦਾ ਹਾਂ। (ਵਿਘਨ, ਸ਼ੋਰ) ਆਪਾਂ ਹੁਣ ਡਿਬੇਟਸ ਤੇ ਆ ਜਾਂਦੇ ਹਾਂ, ਆਪਾਂ ਡਿਬੇਟਸ ਚੁੱਕ ਲੈਂਦੇ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਵਿੱਤ ਮੰਤਰੀ** : ਜਿਹੜੀਆਂ ਪੰਜਾਬ ਵਿਧਾਨ ਸਭਾ ਦੀਆਂ ਡਿਬੇਟਸ ਹਨ, ਉਹ ਤਾਂ ਮੈਂ ਨਹੀਂ ਲਿਖੀਆਂ। ਡਿਬੇਟਸ ਤਾਂ ਮੁਲਾਜ਼ਮਾਂ ਨੇ ਲਿਖੀਆਂ ਹਨ। ਡਿਬੇਟਸ ਦੇ ਅੰਦਰ ਵਾਰ-ਵਾਰ ਜ਼ਿਕਰ ਆਉਂਦਾ ਹੈ ਕਿ 6000 ਕਰੋੜ ਰੁਪਏ ਦਾ

ਵਪਾਰ ਹੈ, 5000 ਕਰੋੜ ਰੁਪਏ ਦਾ ਵਪਾਰ ਹੈ। ਚੰਨੀ ਸਾਹਿਬ ਕਹਿ ਰਹੇ ਹਨ ਕਿ ਚਿੱਟਾ ਬੋਲ ਦਿਓ, ਮਜੀਠੀਆ ਬੋਲ ਦਿਓ, ਇੱਕੋ ਹੀ ਨਾਮ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਡਿਪਟੀ ਸਪੀਕਰ ਸਾਹਿਬ, ਜਿਹੜਾ ਹਾਊਸ ਦਾ ਮੈਂਬਰ ਹੀ ਨਹੀਂ ਹੈ, ਉਸ ਦਾ ਨਾਮ ਕਿਸ ਤਰ੍ਹਾਂ ਲੈ ਸਕਦੇ ਹਨ?

**ਮਾਣਯੋਗ ਡਿਪਟੀ ਸਪੀਕਰ** : ਉਨ੍ਹਾਂ ਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਓ।

**ਵਿੱਤ ਮੰਤਰੀ** : ਮੁਆਫ਼ ਕਰਨਾ, ਕਾਂਗਰਸ ਪਾਰਟੀ ਦੇ ਸਾਬਕਾ ਮੁੱਖ ਮੰਤਰੀ, ਇਹ ਤਾਂ ਮੰਨ ਸਕਦੇ ਹੋ ਕਿ ਕਾਂਗਰਸ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਜੀ ਜਾਂ ਇਹ ਵੀ ਨਹੀਂ ਮੰਨਦੇ? ਅਸੀਂ ਤਾਂ ਇਹ ਕਹਿ ਰਹੇ ਹਾਂ ਕਿ ਉਹ ਹਾਊਸ ਦੇ ਮੈਂਬਰ ਸੀ ਅਤੇ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਸੀ। ਇਹ ਤਾਂ ਤੁਸੀਂ ਮੰਨ ਲਓ, ਇਹ ਤਾਂ ਮੰਨ ਲਓ। ਹਾਂ ਜੀ, ਲੀਡਰ ਆਫ ਦਿ ਆਪੋਜ਼ੀਸ਼ਨ, ਇਹ ਮੰਨੋ ਨਾ। ਤੁਸੀਂ ਨਾਮ ਲੈਣ ਤੋਂ ਕਿਉਂ ਡਰਦੇ ਹੋ? ਤੁਸੀਂ ਨਾਮ ਲੈਣ ਤੋਂ ਕਿਉਂ ਡਰਦੇ ਹੋ? ਸ਼੍ਰੀ ਅਵਤਾਰ ਸਿੰਘ ਜੀ, ਮੈਨੂੰ ਇੱਕ ਗੱਲ ਦੱਸੋ ਕਿ ..(ਵਿਘਨ,ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਤੁਸੀਂ ਹਾਊਸ ਕਿਉਂ ਨਹੀਂ ਚੱਲਣ ਦੇ ਰਹੇ? (ਵਿਰੋਧੀ ਧਿਰ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਹਾਊਸ ਨੂੰ ਕਿਉਂ ਇੰਟਰਪਟ ਕਰ ਰਹੇ ਹੋ? ਤੁਸੀਂ ਬੈਠੋ, ਪਲੀਜ਼।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਤੁਸੀਂ ਇਹ ਕਿਹੜੇ ਰੂਲ ਦੇ ਅੰਡਰ ਕਰ ਰਹੇ ਹੋ?

**ਮਾਣਯੋਗ ਡਿਪਟੀ ਸਪੀਕਰ** : ਜੋ ਚੇਅਰ ਨੇ ਕਹਿ ਦਿੱਤਾ ਹੈ, ਉਹ ਰੂਲ ਹੈ। ਤੁਸੀਂ ਬੈਠੋ, ਪਲੀਜ਼।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਇਹ ਕਿੱਥੇ ਲਿਖਿਆ ਹੈ? ਇਹ ਕਿੱਥੇ ਲਿਖਿਆ ਹੈ?

**ਮਾਣਯੋਗ ਡਿਪਟੀ ਸਪੀਕਰ** : ਇਹ ਮੈਂ ਕਹਿੰਦਾ ਹਾਂ, ਤੁਸੀਂ ਬੈਠੋ। (ਵਿਘਨ) ਬੈਠੋ, ਬੈਠੋ, ਬੈਠੋ। ਚੀਮਾ ਸਾਹਿਬ, ਤੁਸੀਂ ਕੰਟੀਨਿਊ ਕਰੋ। ਪਹਿਲਾਂ ਗੱਲ ਪੂਰੀ ਹੋ ਲੈਣ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਵਿੱਤ ਮੰਤਰੀ** : ਜਦੋਂ ਪੰਜਾਬ ਦੇ ਅੰਦਰ ਕਾਂਗਰਸ ਪਾਰਟੀ ਦਾ ਰਾਜ ਸੀ ਤਾਂ ਚੀਕ-ਚੀਕ ਕੇ, ਕੁਰਲਾ-ਕੁਰਲਾ ਕੇ ਇਨ੍ਹਾਂ ਦੇ ਲੋਕ ਕਹਿੰਦੇ ਸੀ। ਮੈਨੂੰ ਯਾਦ ਹੈ, ਅਜਨਾਲੇ ਹਲਕੇ ਤੋਂ ਐਮ.ਐਲ.ਏ., ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਜੀ, ਮੈਨੂੰ ਇਹ ਤਾਂ by name ਹੀ ਦੱਸਣਾ ਪਵੇਗਾ। (ਵਿਘਨ)

**ਮਾਣਯੋਗ ਡਿਪਟੀ ਸਪੀਕਰ** : ਚੀਮਾ ਸਾਹਿਬ, ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਵਿੱਤ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਬਹੁਤ ਸਾਰੇ ਮੈਂਬਰ, ਸਾਬਕਾ ਮੁੱਖ ਮੰਤਰੀ, ਸਾਬਕਾ ਵਜ਼ੀਰ ਜਿਹੜੇ ਕਿ ਮੈਂਬਰ ਪਾਰਲੀਮੈਂਟ ਵੀ ਹਨ, ਉਹ ਸਾਰੇ ਇੱਕੋ ਗੱਲ ਕਹਿੰਦੇ ਸੀ ਕਿ ਮਜੀਠੀਆ ਤੇ ਚਿੱਟਾ ਇੱਕੋ ਹੀ ਨਾਮ ਹੈ। ਜੇਕਰ ਚਿੱਟਾ ਲੈਣ ਜਾਣਾ ਹੋਵੇ ਤਾਂ ਜੇ ਮਜੀਠੀਆ ਕਹਿ ਦਿਓ ਤਾਂ ਚਿੱਟਾ ਮਿਲ ਜਾਂਦਾ ਹੈ। ਇਹ ਗੱਲ ਉਸ ਸਮੇਂ ਕਾਂਗਰਸ ਪਾਰਟੀ ਦੇ ਸਾਰੇ ਨੇਤਾ ਕਹਿੰਦੇ ਹੁੰਦੇ ਸੀ। ਕਾਂਗਰਸ ਪਾਰਟੀ ਪਿਛਲੇ ਪੰਜ ਸਾਲ ਹਾਊਸ ਦੇ ਅੰਦਰ ਵੀ ਅਤੇ ਹਾਊਸ ਦੇ ਬਾਹਰ ਵੀ, ਰੱਸੇ ਪਾਉਣ ਦੀਆਂ ਗੱਲਾਂ, ਪੁੱਠੇ ਲਟਕਾਉਣ ਦੀਆਂ ਗੱਲਾਂ ਕਰਦੀ ਰਹੀ ਹੈ ਲੇਕਿਨ ਸਮਾਂ ਬੀਤ ਗਿਆ। ਜਦੋਂ ਅਸੀਂ ਕਾਰਵਾਈ ਕੀਤੀ ਤਾਂ ਉਸੇ ਸਮੇਂ ਕੁਝ ਲੋਕ ਉਨ੍ਹਾਂ ਦੇ ਘਰਾਂ ਵਿੱਚ ਪਤਾ ਲੈਣ ਲਈ ਪਹੁੰਚ ਗਏ ਕਿ ਤੁਹਾਡਾ ਕਿੰਨਾ ਕੁ ਵੱਡਾ ਨੁਕਸਾਨ ਹੋ ਗਿਆ। ਉਨ੍ਹਾਂ ਦੇ ਘਰਾਂ ਵਿੱਚ ਅਫਸੋਸ ਪ੍ਰਗਟ ਕਰਨ ਲਈ ਪਹੁੰਚ ਗਏ ਕਿ ਡਰੱਗ ਮਾਫੀਏ ਨਾਲ ਬਹੁਤ ਵੱਡਾ ਧੱਕਾ ਹੋਇਆ ਹੈ। ਕਈ ਲੋਕ ਕਹਿਣ ਲੱਗੇ ਕਿ ਡਰੱਗ ਮਾਫੀਏ ਨੂੰ ਕਿਉਂ ਫੜ੍ਹਿਆ ਗਿਆ ਹੈ? ਕਈ ਲੋਕ ਕਹਿਣ ਲੱਗੇ ਕਿ ਨਹੀਂ ਨਹੀਂ, ਮੈਨੂੰ ਤਾਂ ਲੱਗਿਆ ਕਿ ਰਾਤ ਸਰਦਾਰ ਪਰਗਟ ਸਿੰਘ ਨੂੰ ਫੜ੍ਹ ਲਿਆ। ਤੁਸੀਂ ਹਾਲਾਤ ਦੇਖੋ ਕਿ ਜਿਹੜੇ ਪੰਜਾਬ ਦੇ ਮੁੱਖ ਮੰਤਰੀ ਰਹੇ ਹੋਣ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਪਰਗਟ ਸਿੰਘ ਨੂੰ ਫੜ੍ਹਿਆ ਹੈ ਜਾਂ ਬਿਕਰਮ ਸਿੰਘ ਮਜੀਠੀਆ ਨੂੰ ਫੜ੍ਹਿਆ ਹੈ। ਇਸ ਸਮੇਂ ਫੜ੍ਹਿਆ ਤਾਂ ਬਿਕਰਮ ਸਿੰਘ ਮਜੀਠੀਆ ਹੈ ਤੇ ਜਦੋਂ ਯੂ ਟਰਨ ਲੈਣ ਲੱਗੇ ਤਾਂ ਕਹਿੰਦੇ ਕਿ ਪਰਗਟ ਸਿੰਘ ਫੜ੍ਹ ਲਿਆ। ਪਰਗਟ ਸਿੰਘ ਤਾਂ ਬੜੇ ਅੱਛੇ ਆਦਮੀ ਹਨ, ਉਹ ਸਪੋਰਟਸ ਦੇ ਖਿਡਾਰੀ ਹਨ, ਉਨ੍ਹਾਂ ਨੇ ਹਾਕੀ ਦੇ ਅੰਦਰ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਸੋ, ਉਨ੍ਹਾਂ ਦਾ ਨਾਮ ਲੈ ਕੇ ਬਚਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇ ਲੋਕਾਂ ਦੇ ਅੰਦਰ ਜਾਵਾਂਗੇ ਤਾਂ ਸਾਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਣਾ ਹੈ। ਇਸੇ ਤਰ੍ਹਾਂ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਨਾਲ ਮਿਲ ਕੇ ਪੰਜਾਂ ਮਿੰਟਾਂ ਦੇ ਅੰਦਰ ਸਾਡੇ ਖਿਲਾਫ ਮੁਕੱਦਮਾ ਦਰਜ ਕਰਵਾ ਦਿੱਤਾ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਵਿੱਤ ਮੰਤਰੀ :** ਕੋਈ ਨਾ ਜੀ, ਬੈਠ ਜਾਓ। ਪੁਆਇੰਟ ਆਫ ਆਰਡਰ ਵੀ ਦੇ ਦਿਆਂਗੇ। ਸਰ, ਇਨ੍ਹਾਂ ਨੂੰ ਬਾਅਦ ਵਿੱਚ ਪੁਆਇੰਟ ਆਫ ਆਰਡਰ ਇਕੱਠਾ ਹੀ ਦੇ ਦਿਓ। ਇਨ੍ਹਾਂ ਨੇ ਸਾਡੇ ਖਿਲਾਫ਼ ਭਾਰਤੀ ਜਨਤਾ ਪਾਰਟੀ ਨਾਲ ਮਿਲ ਕੇ ਪੰਜਾਂ ਮਿੰਟਾਂ ਵਿੱਚ ਮੁਕੱਦਮਾ ਦਰਜ ਕਰਵਾ ਦਿੱਤਾ। ਠੱਗੀ-ਚੋਰੀ ਵਾਲੀਆਂ ਸਾਈਬਰ ਕ੍ਰਾਈਮ ਦੀਆਂ ਲਗਭਗ 5 ਹਜ਼ਾਰ ਐਪਲੀਕੇਸ਼ਨਜ਼ ਚੰਡੀਗੜ੍ਹ ਪੁਲਿਸ ਕੋਲ ਪੈਂਡਿੰਗ ਪਈਆਂ ਹਨ। (ਵਿਘਨ, ਸ਼ੋਰ)

**ਮਾਣਯੋਗ ਡਿਪਟੀ ਸਪੀਕਰ:** ਇੱਕ ਮਿੰਟ ਰੁਕੋ। ਬਾਜਵਾ ਸਾਹਿਬ, ਇੱਕ ਮਿੰਟ ਦੇਵੋ ਪਲੀਜ਼।

--------

## EXTENSION OF TIME OF THE SITTING OF THE HOUSE

**ਮਾਣਯੋਗ ਡਿਪਟੀ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਕਾਰਵਾਈ ਦਾ ਸਮਾਂ ਅੱਜ ਦੀ ਕਾਰਜ-ਸੂਚੀ ਵਿੱਚ ਦਰਜ ਆਈਟਮਾਂ ਦੇ ਖਤਮ ਹੋਣ ਤੱਕ ਵਧਾ ਦਿੱਤਾ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

**ਮਾਣਯੋਗ ਡਿਪਟੀ ਸਪੀਕਰ**: ਸਦਨ ਦਾ ਸਮਾਂ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਆਈਟਮਾਂ ਦੇ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

--------

**DISCUSSION ON "WAR OF PUNJAB AGAINST DRUGS/NARCOTICS" (*Resumption*)**

**ਮਾਣਯੋਗ ਡਿਪਟੀ ਸਪੀਕਰ** : ਜੀ, ਬਾਜਵਾ ਸਾਹਿਬ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਵੋ। ਸਾਡੇ ਫਾਈਨਾਂਸ ਮਨਿਸਟਰ ਸਾਹਿਬ ਬਿਲਕੁਲ ਬੇਤੁਕੀਆਂ ਗੱਲਾਂ ਕਰਦੇ ਹਨ। ਜੇ ਇਨ੍ਹਾਂ ਨੇ ਮੇਰੀ ਵੀਡੀਓ ਦੀ ਗੱਲ ਕੀਤੀ ਹੈ ਤਾਂ ਮੈਂ ਬਿਲਕੁਲ ਨਹੀਂ ਮੁੱਕਰਦਾ, I stand by that. ਉਸ ਵਿੱਚ ਮੈਂ ਆਪਣੇ ਇਸ ਹਾਊਸ ਦੇ ਮੈਂਬਰ ਬਾਰੇ ਚਰਚਾ ਕੀਤੀ ਹੈ ਕਿ ਜੋ ਤੌਰ-ਤਰੀਕਾ ਇਨ੍ਹਾਂ ਨੇ ਅਪਣਾਇਆ ਹੈ, ਉਹ ਗਲਤ ਅਪਣਾਇਆ ਹੈ। ਘੱਟ ਤੋਂ ਘੱਟ ਪਹਿਲਾਂ ਲੇਡੀ ਮੈਂਬਰ ਨੂੰ ਇਤਲਾਹ ਦੇਣੀ ਚਾਹੀਦੀ ਸੀ ਅਤੇ ਤੁਹਾਡੇ ਕੋਲ search warrants ਹੋਣੇ ਚਾਹੀਦੇ ਸਨ। ਇਨ੍ਹਾਂ ਨੇ ਤੋੜ-ਮਰੋੜ ਕੇ ਇਹ show ਕੀਤਾ ਹੈ ਕਿ ਮੈਂ ਉਸ ਲੇਡੀ ਮੈਂਬਰ ਦੇ ਹੱਕ ਵਿੱਚ ਨਹੀਂ ਬਲਕਿ ਉਸ ਦੇ husband ਦੇ ਹੱਕ ਵਿੱਚ ਗੱਲ ਕੀਤੀ ਹੈ। ਦੂਜੀ ਗੱਲ, ਜੇ ਕੇਸ ਦਰਜ ਹੋਇਆ ਹੈ ਤਾਂ ਯੂ.ਟੀ. ਪੁਲਿਸ ਨੇ ਕੀਤਾ ਹੈ ਤਾਂ ਉਸ ਦਾ ਮਤਲਬ ਕੀ ਉਹ ਕੇਸ ਬੀ.ਜੇ.ਪੀ. ਦੇ ਕਹਿਣ ਤੇ ਹੋਇਆ ਹੈ? ਜਿਹੜਾ ਮੇਰੇ ਖਿਲਾਫ ਹੋਇਆ ਸੀ, ਕੀ ਉਹ ਪਾਕਿਸਤਾਨ ਦੀ ਅਵਾਮੀ ਲੀਗ ਦੇ ਕਹਿਣ ਤੇ ਤੁਸੀਂ ਕੀਤਾ ਸੀ?

**ਮਾਣਯੋਗ ਡਿਪਟੀ ਸਪੀਕਰ**: ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਤੁਸੀਂ ਲੀਡਰ ਆਫ ਦਿ ਆਪੋਜ਼ੀਸ਼ਨ ਤੇ ਕੇਸ ਦਰਜ ਕਰਦੇ ਹੋ। ਇੱਕ ਟੀ.ਵੀ. ਇੰਟਰਵਿਊ ਵਿੱਚ, ਜੋ ਪੰਜਾਬ ਦੀ ਅਸਲੀਅਤ ਹੈ, ਮੈਂ ਉਹ ਕਹੀ ਹੈ। ਮੈਂ ਦੱਸਿਆ ਹੈ ਕਿ 50 ਬੰਬ ਆਏ ਹਨ, 18 ਫੱਟ ਗਏ ਹਨ ਅਤੇ 32 ਰਹਿੰਦੇ ਹਨ। ਆਹ ਗੱਲ ਹੀ ਕੀਤੀ ਸੀ, ਹੁਣ ਕਈ ਹੋਰ ਲੱਭ ਗਏ ਹਨ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਡਿਪਟੀ ਸਪੀਕਰ** : ਬਾਜਵਾ ਜੀ,ਬੈਠੋ।

**ਵਿੱਤ ਮੰਤਰੀ** : ਲੀਡਰ ਆਫ ਦਿ ਆਪੋਜ਼ੀਸ਼ਨ ਦਾ ਤਜਰਬਾ ਹੈ, ਇਹ ਅਵਾਮੀ ਲੀਗ ਵਾਲੀ ਪਾਰਟੀ ਦੇ ਦੇਸ਼ ਵਿੱਚ ਜਾਂਦੇ ਰਹੇ ਹਨ। ਇਨ੍ਹਾਂ ਦਾ ਪਕਿਸਤਾਨ ਜਾਣ ਦਾ ਤਜਰਬਾ ਵੀ ਹੈ। ਇਹ ਪਾਕਿਸਤਾਨ ਦੀਆਂ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਵੀ ਜਾਣਦੇ ਹਨ। ਜਦੋਂ ਕੈਪਟਨ ਸਾਹਿਬ ਗਏ ਸੀ ਤਾਂ ਉਹ ਕਿੱਥੇ ਗਏ ਸੀ ਉਹ ਵੀ ਜਨਤਕ ਕਰ ਦੇਵਾਂਗੇ, ਚਿੰਤਾ ਨਾ ਕਰੋ, wait ਕਰ ਲਵੋ। ਜੇ ਇੰਨੀ ਗੱਲ ਹੈ ਤਾਂ ਡਰੋ ਨਾ ਅਸੀਂ ਸਭ ਕੁਝ ਸਾਹਮਣੇ ਲੈ ਕੇ ਆਵਾਂਗੇ। **

** Expunged as ordered by the Hon'ble Speaker.

ਇਸ ਗੱਲ ਦੀ ਚਿੰਤਾ ਨਾ ਕਰੋ। ਦੇਸ਼ ਜਾਣਦਾ ਹੈ ਕਿ ਜਦੋਂ ਤੁਸੀਂ ਪਾਕਿਸਤਾਨ ਗਏ ਸੀ ਤਾਂ ਕਿੱਥੇ ਜਾ ਕੇ ਆਏ ਸੀ। ਪੰਜਾਬ ਜਾਣਦਾ ਹੈ ਕਿ ਜਦੋਂ ਗੁਜਰਾਤ ਗਏ ਸੀ ਤਾਂ ਕਿੱਥੇ ਜਾ ਕੇ ਆਏ ਸੀ। ਉਦੋਂ ਪਰਚਾ ਦਰਜ ਕਿਉਂ ਨਹੀਂ ਕਰਵਾਇਆ? ਬਾਜਵਾ ਸਾਹਿਬ, ਤੁਸੀਂ ਬਜ਼ੁਰਗ ਹੋ, ਸਾਡੇ ਵੱਡੇ ਹੋ, ਅਸੀਂ ਤੁਹਾਡਾ ਸਤਿਕਾਰ ਕਰਦੇ ਹਾਂ ਪਰ ਮਰਿਆਦਾ ਦਾ ਖਿਆਲ ਰੱਖਿਆ ਕਰੋ। ਅਸੀਂ ਤਾਂ ਸਿੱਖ ਰਹੇ ਹਾਂ ਪਰ ਜਦੋਂ ਤੁਸੀਂ ਪਾਕਿਸਤਾਨ ਦੀਆਂ ਗੱਲਾਂ ਕਰਦੇ ਹੋ ਤਾਂ ਮੈਨੂੰ ਲੱਗਦਾ ਹੈ ਕਿ ਤੁਹਾਡੇ ਦਿਲ ਵਿੱਚ ਪਾਕਿਸਤਾਨ ਆਉਂਦਾ ਹੈ। ਤੁਹਾਡੇ ਬਜ਼ੁਰਗਾਂ ਦੇ ਦਿਲ ਵਿੱਚ ਪਾਕਿਸਤਾਨ ਆਇਆ ਹੋਇਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਤੁਸੀਂ ਮੇਰੀ ਗੱਲ ਸੁਣ ਲਵੋ। ਮਰਿਆਦਾ ਦਾ ਖਿਆਲ ਤੁਸੀਂ ਰੱਖੋ। ਪਾਕਿਸਤਾਨ ਹਰ ਸਿੱਖ ਦੇ ਦਿਲ ਵਿੱਚ ਹੈ, ਜਿੱਥੇ ਨਨਕਾਣਾ ਸਾਹਿਬ ਹੈ, ਜਿੱਥੇ ਕਰਤਾਰਪੁਰ ਸਾਹਿਬ ਹੈ। ਉਹ ਹਰ ਸਿੱਖ ਦੇ ਦਿਲ ਵਿੱਚ ਹੈ।

**ਮਾਣਯੋਗ ਡਿਪਟੀ ਸਪੀਕਰ** : ਚੀਮਾ ਸਾਹਿਬ, ਪਲੀਜ਼ ਚੇਅਰ ਨੂੰ ਐਡਰੈਸ ਕਰੋ ਅਤੇ ਮੁੱਦੇ ਦੀ ਗੱਲ ਕਰੋ। ਰਨਿੰਗ ਕੁਮੈਂਟਰੀ ਨਾ ਕੀਤੀ ਜਾਵੇ।

**ਵਿੱਤ ਮੰਤਰੀ** : ਮੈਂ ਆਪਣੀ ਗੱਲ ਵਾਈਂਡ ਅੱਪ ਕਰਦਾ ਹਾਂ। ਬਾਜਵਾ ਸਾਹਿਬ ਜ਼ਿਆਦਾ ਗੁੱਸਾ ਕਰ ਜਾਂਦੇ ਹਨ। ਮੈਂ ਤਾਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਬਾਜਵਾ ਸਾਹਿਬ ਇਹ ਦੱਸ ਦੇਵੋ ਕਿ ਤੁਸੀਂ ਆਪਣੀ ਸਟੇਟਮੈਂਟ ਦਿੱਤੀ ਸੀ ਕਿ ਮੈਂ ਉਨ੍ਹਾਂ ਦੇ ਗਲ ਵਿੱਚ ਰੱਸੇ ਪਾ ਕੇ ਘੜੀਸਾਂਗਾ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: 100% ਦਿੱਤੀ ਸੀ। ਮੈਂ ਸਟੈਂਡ ਕਰਦਾ ਹਾਂ। (ਵਿਘਨ, ਸ਼ੋਰ)

**ਵਿੱਤ ਮੰਤਰੀ**: ਤੁਸੀਂ ਇਹ ਸਟੇਟਮੈਂਟ ਦਿੱਤੀ ਸੀ ਕਿ ਬਿਕਰਮ ਮਜੀਠੀਆ ਨਾਲ ਧੱਕਾ ਹੋਇਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਬਿਲਕੁਲ ਨਹੀਂ, ਬਿਲਕੁਲ ਨਹੀਂ।

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿਚ ਬਹਿਸ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਡਿਪਟੀ ਸਪੀਕਰ (ਗੇਵਲ ਮਾਰਦੇ ਹੋਏ)** : ਚੀਮਾ ਸਾਹਿਬ। ਮੰਤਰੀ ਸਾਹਿਬ, ਚੇਅਰ ਨੂੰ ਐਡਰੈਸ ਕਰੋ ਅਤੇ ਆਪਣੀ ਗੱਲ ਪੂਰੀ ਕਰੋ। ਅਗਲੇ ਬੁਲਾਰੇ ਦਾ ਟਾਈਮ ਆ ਗਿਆ ਹੈ।

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੇਰਾ ਕਹਿਣ ਦਾ ਭਾਵ ਹੈ ਕਿ ਜਦੋਂ ਅਸੀਂ ਡਰੱਗ ਮਾਫੀਏ ਦੇ ਖਿਲਾਫ ਕਾਰਵਾਈ ਕੀਤੀ ਤਾਂ ਪੂਰੀ ਦੀ ਪੂਰੀ ਕਾਂਗਰਸ ਪਾਰਟੀ ਡਰੱਗ ਮਾਫੀਆ ਦੇ ਹੱਕ ਵਿੱਚ ਆਈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਡਰੱਗ ਮਾਫੀਆ ਦੇ ਹੱਕ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ, ਕਿਸੇ ਨਾ ਕਿਸੇ ਤਰੀਕੇ ਵਿੱਚ ਆਈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਉਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ** : ਬਾਜਵਾ ਸਾਹਿਬ, ਬੈਠ ਜਾਵੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾਂ ਮਾਈਕ ਤੋਂ):** ਮੈਂ ਬਿਲਕੁਲ ਨਹੀਂ ਬੈਠਣਾ। ਮੈਂ ਪੁਆਇੰਟ ਆਫ ਆਰਡਰ ਤੇ ਖੜ੍ਹਾ ਹੋਇਆ ਹਾਂ। ਮੇਰਾ ਮਾਈਕ ਆਨ ਕਰੋ।

**ਵਿੱਤ ਮੰਤਰੀ** : ਜਦੋਂ ਇਨ੍ਹਾਂ ਨੂੰ ਲੱਗਿਆ ਕਿ ਪੰਜਾਬ ਤਾਂ ਸਰਕਾਰ ਦੀ ਇਸ ਕਾਰਵਾਈ ਤੋਂ ਖੁਸ਼ ਹੈ ਤਾਂ ਉਸੇ ਸਮੇਂ ਕਦੇ ਮਨਘੜ੍ਹਤ ਸਟੋਰੀਆਂ ਘੜ ਕੇ ਸਾਡੇ ਤੇ ਪਰਚੇ ਦਰਜ ਕਰਵਾਉਂਦੇ ਹਨ, ਕਦੇ ਧਮਕੀਆਂ ਦਿੰਦੇ ਹਨ। ਅਸੀਂ ਕਿਸੇ ਧਮਕੀ, ਕਿਸੇ ਐਫ.ਆਈ.ਆਰ. ਤੋਂ ਡਰਨ ਵਾਲੇ ਨਹੀਂ ਹਾਂ। ਲੀਡਰ ਆਫ ਦਿ ਆਪੋਜ਼ੀਸ਼ਨ ਚਾਹੇ ਜਦੋਂ ਮਰਜ਼ੀ ਜਾ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਜਾਣ, ਉੱਥੇ ਜਾ ਕੇ ਚਾਹੇ ਸਾਡੇ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰਵਾ ਦੇਣ, ਅਸੀਂ ਬਿਲਕੁਲ ਡਰਨ ਵਾਲੇ ਨਹੀਂ ਹਾਂ। ਅਸੀਂ ਲੜਾਂਗੇ ਅਤੇ ਹਮੇਸ਼ਾ ਪੰਜਾਬ ਦੇ ਲੋਕਾਂ ਦੀ ਗੱਲ ਕਰਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਗੱਲ ਸੁਣ ਲਵੋ, ਮੈਂ ਸ਼ਾਮਲ ਨਹੀਂ ਹੋਣ ਵਾਲਾ, ਕਿਤੇ ਤੁਹਾਡੇ ਵਾਲਾ ਨਾ ਸ਼ਾਮਲ ਹੋ ਜਾਵੇ, ਇਹ ਧਿਆਨ ਕਰਿਓ।

**ਵਿੱਤ ਮੰਤਰੀ** : ਅਸੀਂ ਪੰਜਾਬ ਦੇ ਲੋਕਾਂ ਦੀ ਗੱਲ ਕਰਾਂਗੇ ਔਰ ਡਰੱਗ ਮਾਫੀਏ ਦੇ ਖਿਲਾਫ ਇਸੇ ਤਰ੍ਹਾਂ ਲੜਾਈ ਜਾਰੀ ਰਹੇਗੀ। ਗੈਂਗਸਟਰਵਾਦ ਦੇ ਖਿਲਾਫ ਇਸੇ ਤਰ੍ਹਾਂ ਹੀ ਲੜਾਈ ਜਾਰੀ ਰਹੇਗੀ, ਅਸੀਂ ਡਰਨ ਵਾਲੇ ਨਹੀਂ। ਮੈਨੂੰ ਪਤਾ ਲੱਗਿਆ ਹੈ ਕਿ ਤੁਸੀਂ ਬੜੀ ਜਲਦੀ ਜੇਲ੍ਹ ਵਿੱਚ ਬਿਕਰਮ ਮਜੀਠੀਏ ਨੂੰ ਮਿਲਣ ਵਾਲੇ ਹੋ। ਇਹ ਵੀ ਭਰੋਸੇਯੋਗ ਸੂਤਰ ਦੱਸਦੇ ਹਨ ਕਿ ਇਹ ਬੜੀ ਜਲਦੀ ਉਨ੍ਹਾਂ ਨੂੰ ਮਿਲ ਕੇ ਆਉਣਗੇ। ਇਹ ਇਨ੍ਹਾਂ ਕਾਂਗਰਸ ਪਾਰਟੀ ਵਾਲਿਆਂ ਦੇ ਹਾਲਾਤ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਡਿਪਟੀ ਸਪੀਕਰ ਸਾਹਿਬ।

**ਮਾਣਯੋਗ ਡਿਪਟੀ ਸਪੀਕਰ**: ਹਾਂ ਜੀ, ਸਰ, ਦੱਸੋ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਕੀ ਇਹ ਡਰੱਗਜ਼ ਤੇ ਬਹਿਸ ਹੋ ਰਹੀ ਹੈ? ਇਹ ਕਿਸ ਕਿਸਮ ਦੀ ਬਹਿਸ ਕਰ ਰਹੇ ਹਨ। ਤੁਹਾਡੀ ਗੌਰਮਿੰਟ ਕੰਪਲੀਟ ਫੇਲ੍ਹ ਹੈ। ਗੈਂਗਸਟਰਾਂ ਨਾਲ ਤੁਸੀਂ ਰਲੇ ਹੋ, ਡਰੱਗ ਮਾਫੀਆ ਨਾਲ ਤੁਸੀਂ ਰਲੇ ਹੋ। ਅੱਜ ਹਰ ਘਰ ਵਿੱਚ ਡਰੱਗ ਪਹੁੰਚ ਗਿਆ ਹੈ। ਬਜਾਏ ਤੁਸੀਂ ਤੌਰ-ਤਰੀਕਾ ਦੱਸੋ ਕਿ ਅਸੀਂ ਇਸ ਤਰ੍ਹਾਂ ਰੋਕਾਂਗੇ, ਤੁਸੀਂ ਸਾਰੀ ਬਹਿਸ ਨੂੰ derail ਕਰ ਰਹੇ ਹੋ। ਤੁਸੀਂ ਸਾਰੇ ਪੰਜਾਬ ਨੂੰ ਬੇਵਕੂਫ ਬਣਾ ਰਹੇ ਹੋ।

**ਮਾਣਯੋਗ ਡਿਪਟੀ ਸਪੀਕਰ**: ਤੁਹਾਨੂੰ ਮੌਕਾ ਮਿਲੇਗਾ, ਤੁਸੀਂ ਆਪਣੀ ਗੱਲ ਰੱਖ ਦੇਣਾ।

**Sardar Pratap Singh Bajwa**: Personalize ਗੱਲ ਨਾ ਕਰਾਓ। ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ, ਮੈਂ ਇਸ ਦਾ ਜਵਾਬ ਦੇਵਾਂਗਾ।

**ਮਾਣਯੋਗ ਡਿਪਟੀ ਸਪੀਕਰ**: ਬਾਜਵਾ ਸਾਹਿਬ, ਤੁਹਾਨੂੰ ਮੌਕਾ ਮਿਲਣਾ ਹੈ, ਸਮਾਂ ਮਿਲਣਾ ਹੈ, ਤੁਸੀਂ ਖੁੱਲ੍ਹ ਕੇ ਆਪਣੀ ਗੱਲ ਰੱਖਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਫਿਰ ਇਨ੍ਹਾਂ ਨੂੰ ਕਹੋ ਕਿ personalized ਗੱਲ ਨਾ ਕਰੋ। ਤੁਸੀਂ ਸਾਂਝੀ ਗੱਲ ਕਰੋ, ਜਿਹੜੀ ਕਰਨ ਵਾਲੀ ਹੈ। ਇਹ ਦੱਸੋ ਕਿ ਡਰੱਗ ਕਿਸ ਤਰ੍ਹਾਂ ਰੁਕੇਗਾ?

**ਮਾਣਯੋਗ ਡਿਪਟੀ ਸਪੀਕਰ**: ਚੀਮਾ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਮੁੱਦੇ ਤੇ ਰਹੀਏ।

**ਵਿੱਤ ਮੰਤਰੀ**: ਧੰਨਵਾਦ, ਡਿਪਟੀ ਸਪੀਕਰ ਸਾਹਿਬ। ਜਦ ਤੱਕ ਡਰੱਗ ਮਾਫੀਆ ਖਤਮ ਨਹੀਂ ਹੁੰਦਾ, ਚਾਹੇ ਉਹ ਕਿਸੇ ਵੀ ਪਾਰਟੀ ਵਿੱਚ ਹੈ, ਜੇ ਸਾਡੀ ਪਾਰਟੀ ਵਿੱਚ ਆਵੇਗਾ, ਅਸੀਂ ਆਪਣੀ ਪਾਰਟੀ ਵਿੱਚੋਂ ਵੀ ਖਤਮ ਕਰਾਂਗੇ, ਜੇ ਤੁਹਾਡੀ (ਵਿਰੋਧੀ ਧਿਰ ਵੱਲ ਇਸ਼ਾਰਾ) ਪਾਰਟੀ ਵਿੱਚ ਹੈ ਤਾਂ ਅਸੀਂ ਉਸ ਨੂੰ ਵੀ ਖਤਮ ਕਰਾਂਗੇ। ਜੇਕਰ ਹੋਰ ਕਿਸੇ ਪਾਰਟੀ ਵਿੱਚ ਹੈ, ਉਸ ਨੂੰ ਖਤਮ ਕਰਾਂਗੇ ਤਾਂ ਹੀ ਡਰੱਗ ਮਾਫੀਆ ਖਤਮ ਹੋ ਸਕਦਾ ਹੈ।

**ਮਾਣਯੋਗ ਡਿਪਟੀ ਸਪੀਕਰ**: ਸਰ, ਚੇਅਰ ਨੂੰ ਐਡਰੈੱਸ ਕਰੋ।

**ਵਿੱਤ ਮੰਤਰੀ**: ਸਰ, ਇਹੀ ਦੱਸਦੇ ਹੁੰਦੇ ਸੀ ਕਿ ਚਿੱਟੇ ਦੇ ਤਸਕਰ ਫਲਾਣੀ ਗੱਡੀ ਵਿੱਚ ਬੈਠ ਕੇ ਜਾਂਦੇ ਸੀ ਪਰ ਪੰਜ ਸਾਲ ਕੋਈ ਕਾਰਵਾਈ ਨਹੀਂ ਕੀਤੀ। ਹੁਣ ਜਦੋਂ ਅਸੀਂ ਕਾਰਵਾਈ ਕਰ ਰਹੇ ਹਾਂ ਤਾਂ ਇਹ ਵਿਚਾਰੇ ਭੜਕ ਜਾਂਦੇ ਹਨ। ਉਸ ਸਮੇਂ ਸਾਡੇ ਖਿਲਾਫ ਬੋਲਣ ਲੱਗ ਜਾਂਦੇ ਹਨ। ਸੋ, ਇਹ ਜਿੰਨੇ ਮਰਜ਼ੀ ਪਰਚੇ ਦਰਜ ਕਰਵਾ ਦੇਣ, ਜੋ ਕੁਝ ਮਰਜ਼ੀ ਕਰਵਾ ਲੈਣ ਪਰ ਆਮ ਆਦਮੀ ਪਾਰਟੀ ਦੀ ਸਰਕਾਰ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਨਸ਼ੇ ਦੇ ਤਸਕਰਾਂ ਖਿਲਾਫ ਲਗਾਤਾਰ ਕਾਰਵਾਈ ਕਰੇਗੀ। ਚਾਹੇ ਕੋਈ ਗੁਰਦੇਵ ਸਿੰਘ ਦੇਬੀ ਦਾ ਦੋਸਤ ਹੋਵੇ, ਚਾਹੇ ਕੋਈ ਗੁਰਦੇਵ ਸਿੰਘ ਦੇਬੀ ਦਾ ਰਿਸ਼ਤੇਦਾਰ ਹੋਵੇ, ਚਾਹੇ ਕਿਸੇ ਤੇ 2015 ਦਾ ਮੁਕੱਦਮਾ ਦਰਜ ਹੋਵੇ, ਚਾਹੇ ਸਾਲ 2016, 2018 ਜਾਂ ਸਾਲ 2021 ਦਾ ਮੁਕੱਦਮਾ ਹੋਵੇ, ਜਿਸ ਦੇ ਖਿਲਾਫ ਵੀ ਮੁਕੱਦਮਾ ਦਰਜ ਹੈ, ਉਸ ਦੇ ਖਿਲਾਫ ਕਾਰਵਾਈ ਕਰਾਂਗੇ। ਅਸੀਂ ਇਸ ਹਾਊਸ ਵਿੱਚ ਬਿਲਕੁਲ ਠੋਕ ਕੇ ਕਹਿੰਦੇ ਹਾਂ ਕਿ ਡਰੱਗ ਮਾਫੀਆ ਵੀ ਖਤਮ ਹੋਵੇਗਾ ਔਰ ਗੈਂਗਸਟਰ ਵੀ ਖਤਮ ਹੋਣਗੇ। ਸਾਡੇ ਸਾਰੇ ਬੁਲਾਰੇ ਆਉਣ ਵਾਲੇ ਸਮੇਂ ਵਿੱਚ ਦੱਸਣਗੇ ਕਿ ਅਸੀਂ ਹੋਰ ਕਿਹੜੇ ਤਰੀਕੇ ਅਪਣਾ ਰਹੇ ਹਾਂ। ਅਸੀਂ ਪੰਜਾਬ ਦੇ ਅੰਦਰ ਖੇਡ ਸਟੇਡੀਅਮ ਬਣਾ ਰਹੇ ਹਾਂ ਤਾਂ ਕਿ ਸਾਡਾ ਨੌਜਵਾਨ ਖੇਡਾਂ ਵੱਲ ਜਾਵੇ। ਅਸੀਂ ਦੱਸਾਂਗੇ ਕਿ ਅਸੀਂ ਕਿਸ ਤਰ੍ਹਾਂ ਜਿਹੜੇ rehabilitation centre ਸ਼ੁਰੂ ਕੀਤੇ ਹਨ, ਉਨ੍ਹਾਂ ਵਾਸਤੇ ਡਾਕਟਰ ਭਰਤੀ ਕਰ ਰਹੇ ਹਾਂ, ਉਹ ਸਾਰਾ ਕੁਝ ਡਿਟੇਲ ਵਿੱਚ ਸਾਡੇ ਦੂਸਰੇ ਮੈਂਬਰ ਸਾਹਿਬਾਨ ਦੱਸਣਗੇ। ਬਹੁਤ-ਬਹੁਤ ਧੰਨਵਾਦ। ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ।

**ਮਾਣਯੋਗ ਡਿਪਟੀ ਸਪੀਕਰ**: ਮਾਣਯੋਗ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਸਾਹਿਬ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ**: ਖਹਿਰਾ ਸਾਹਿਬ, ਪਲੀਜ਼ ਬੈਠੋ। ਮੰਤਰੀ ਸਾਹਿਬ ਬੋਲ ਰਹੇ ਹਨ। ਉਨ੍ਹਾਂ ਦੀ ਗੱਲ ਪੂਰੀ ਹੋ ਲੈਣ ਦਿਓ, ਫਿਰ ਤੁਸੀਂ ਬੋਲ ਲੈਣਾ।

**ਵਿੱਤ ਮੰਤਰੀ**: ਸਰ, ਇਹ ਕਹਿੰਦੇ ਹਨ ਕਿ ਮੇਰਾ ਨਾਂ ਨਹੀਂ ਲਿਆ। ਗੁਰਦੇਵ ਸਿੰਘ ਦੇਬੀ, ਜਿਹੜੇ ਇੱਕ ਮੁਜਰਮ ਹਨ, ਉਨ੍ਹਾਂ ਦੇ ਖਿਲਾਫ ਮੁਕੱਦਮਾ ਐਫ.ਆਈ.ਆਰ. ਨੰ. 35, ਮਿਤੀ 05.03.2015, ਧਾਰਾ 21/24/25/27 /28/29 of 1985 ਐਕਟ ਅਤੇ ਧਾਰਾ 25/27 ਆਰਮਜ਼ ਐਕਟ ਤਹਿਤ ਦਰਜ ਹੋਇਆ ਸੀ, ਹੋਰ ਵੀ ਬਹੁਤ ਸਾਰੀਆਂ ਧਾਰਾਵਾਂ ਹਨ, ਜੇਕਰ ਬੋਲਣ ਲੱਗ ਗਿਆ ਤਾਂ ਸਮਾਂ ਲੱਗ ਜਾਵੇਗਾ। ਜਦੋਂ ਉਹ absconded ਸਨ ਤਾਂ ਸਾਡੇ ਸਤਿਕਾਰਯੋਗ ਮੈਂਬਰ ਸੁਖਪਾਲ ਸਿੰਘ ਖਹਿਰਾ ਜੀ ਲਗਾਤਾਰ ਢਾਈ, ਤਿੰਨ ਘੰਟੇ ਉਨ੍ਹਾਂ ਨਾਲ ਗੱਲ ਕਰਦੇ ਸੀ। ਇਨ੍ਹਾਂ ਦਾ relation ਸੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਵਿੱਤ ਮੰਤਰੀ**: ਢਾਈ, ਤਿੰਨ ਘੰਟੇ ਲਗਾਤਾਰ ਤੁਸੀਂ ਉਸ ਨਾਲ ਗੱਲ ਕਰਦੇ ਸੀ। ਹੁਣ ਮੈਂ ਦੱਸ ਰਿਹਾ ਹਾਂ। ਹੁਣ ਤੁਸੀਂ ਵੇਟ ਕਰੋ।

**ਮਾਣਯੋਗ ਡਿਪਟੀ ਸਪੀਕਰ**: ਖਹਿਰਾ ਸਾਹਿਬ, ਵਿੱਤ ਮੰਤਰੀ ਸਾਹਿਬ ਦੀ ਗੱਲ ਪੂਰੀ ਹੋ ਲੈਣ ਦਿਓ, ਫਿਰ ਤੁਹਾਨੂੰ ਸਮਾਂ ਮਿਲੇਗਾ।

**ਵਿੱਤ ਮੰਤਰੀ**: ਕੋਈ ਨਾ, ਫਿਰ ਜਵਾਬ ਦੇ ਦਿਓ, ਡਰਦੇ ਕਿਉਂ ਹੋ? (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਸੰਬੋਧਨ ਕਰਦੇ ਹੋਏ।)

**ਮਾਣਯੋਗ ਡਿਪਟੀ ਸਪੀਕਰ**: ਚੀਮਾ ਸਾਹਿਬ, ਚੇਅਰ ਨੂੰ ਐਡਰੈੱਸ ਕਰੋ। ਖਹਿਰਾ ਸਾਹਿਬ, ਵਿੱਤ ਮੰਤਰੀ ਜੀ ਨੂੰ ਬੋਲ ਲੈਣ ਦਿਓ, ਫਿਰ ਤੁਹਾਨੂੰ ਮੌਕਾ ਮਿਲੇਗਾ।

**ਵਿੱਤ ਮੰਤਰੀ** : ਸਰ, 19 ਦੋਸ਼ੀ ਫੜ੍ਹੇ ਗਏ ਸਨ, ਜਿਨ੍ਹਾਂ ਵਿੱਚੋਂ 9 ਨੂੰ ਸਜ਼ਾ ਹੋਈ ਹੈ ਔਰ ਜਿਹੜੀ evidence ਆਈ ਸੀ, ਉਸ ਸਮੇਂ ਸਤਿਕਾਰਯੋਗ ਮੈਂਬਰ ਸਾਹਿਬ ਦਾ ਨਾਂ ਤਫਤੀਸ਼ ਵਿੱਚ ਆਇਆ ਸੀ। ਉਸ ਸਮੇਂ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ। ਇਨ੍ਹਾਂ ਨੇ ਉਸ ਸਮੇਂ ਕੋਈ ਨਾ ਕੋਈ ਤੌਰ-ਤਰੀਕਾ ਵਰਤਿਆ, ਮੈਂ ਹੁਣ ਉਹ ਸ਼ਬਦ ਨਹੀਂ ਬੋਲਾਂਗਾ, ਤੁਹਾਨੂੰ ਐਕਸਪੰਜ ਕਰਨੇ ਪੈਣਗੇ, ਕੋਈ ਨਾ ਕੋਈ ਤੌਰ ਤਰੀਕਾ ਵਰਤ ਕੇ ਆਪਣੇ ਆਪ ਨੂੰ ਬਚਾ ਲਿਆ। ਉਸ ਤੋਂ ਬਾਅਦ ਫੇਰ ਜਦੋਂ ਕੈਪਟਨ ਸਾਹਿਬ ਨੇ ਆ ਕੇ ਸ਼ੁਰੂਆਤ ਕੀਤੀ ਤਾਂ ਉਸ ਬਾਰੇ ਸਾਨੂੰ ਪਤਾ ਨਹੀਂ ਹੈ ਕਿਉਂਕਿ ਸਾਨੂੰ ਕਿਹਾ ਗਿਆ ਸੀ ਕਿ ਇਹ ਸਾਰਾ ਕੁਝ ਝੂਠਾ ਹੈ। ਮੈਂ ਜ਼ਿਆਦਾ ਜਹਾਜ਼ ਤੇ ਬੈਠਦਾ ਨਹੀਂ ਹਾਂ, ਇਸ ਕਰਕੇ ਜ਼ਿਆਦਾ ਪਤਾ ਨਹੀਂ ਹੈ। ਜਿਹੜੀ ਜਹਾਜ਼ ਦੇ ਪਿੱਛੇ ਪੂੰਛ ਹੁੰਦੀ ਹੈ, ਉਥੇ ਖੜ੍ਹ ਕੇ ਇਨ੍ਹਾਂ ਨੂੰ ਪਾਰਟੀ ਵਿਚ ਜੁਆਇਨ ਕਰਵਾਇਆ ਗਿਆ, ਜਿਸ ਨਾਲ ਕੇਸ ਬੰਦ ਕਰਨ ਦਾ ਯਤਨ ਉਸ ਸਰਕਾਰ ਨਾਲ ਮਿਲ ਕੇ ਹੋਇਆ। ਉਸ ਤੋਂ ਬਾਅਦ ਸ਼ਾਇਦ ਈ.ਡੀ. ਨੇ ਵੀ ਚਾਰਜਸ਼ੀਟ ਪੇਸ਼ ਕੀਤੀ ਹੈ, ਕੋਈ ਹੋਰ ਵੀ ਏਜੰਸੀ ਜਾਂਚ ਕਰ ਰਹੀ ਹੈ। ਮੈਂ ਸਿਰਫ ਇੰਨੀ ਹੀ ਕਲੈਰੀਫਿਕੇਸ਼ਨ ਦੇਣੀ ਸੀ, ਬਹੁਤ ਬਹੁਤ ਧੰਨਵਾਦ। ਖਹਿਰਾ ਸਾਹਿਬ, ਤੁਹਾਡਾ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ** : ਖਹਿਰਾ ਸਾਹਿਬ ਦਾ ਮਾਈਕ ਆਨ ਕਰ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ)** : ਧੰਨਵਾਦ ਜੀ। ਪਹਿਲੀ ਗੱਲ, ਜਿਹੜਾ ਇਨ੍ਹਾਂ ਨੇ ਕੇਸ ਕੋਟ ਕੀਤਾ ਹੈ, ਸੁਪਰੀਮ ਕੋਰਟ ਆਫ ਇੰਡੀਆ ਨੇ ਉਸ ਦੀ ਟਰਾਇਲ ਸਟੇਅ ਕੀਤੀ ਹੈ। That means, as on date there is nothing against me as far as NDPS is concerned. ਜਿਹੜਾ ਸਾਲ 2015 ਦਾ ਇਨ੍ਹਾਂ ਨੇ ਕੋਟ ਕੀਤਾ ਹੈ, ਅਲਟੀਮੇਟਲੀ ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਸੀ, ਸਰਦਾਰ ਭਗਵੰਤ ਸਿੰਘ ਮਾਨ ਦੀ ਵੀਡੀਓ ਸੋਸ਼ਲ ਮੀਡੀਆ ਤੇ ਸਰਕੂਲੇਟ ਹੋਈ ਹੈ, ਜਿਸ ਵਿੱਚ ਉਨ੍ਹਾਂ ਨੇ ਮੇਰੇ ਹੱਕ ਵਿੱਚ ਮੇਰੇ ਬੇਗੁਨਾਹ ਹੋਣ ਦੀ ਗੁਹਾਰ ਲਗਾਈ ਹੈ। ਇਥੋਂ ਤੱਕ ਕਿਹਾ ਹੈ ਕਿ ਮੈਂ ਪਾਰਲੀਮੈਂਟ ਵਿੱਚ ਜਾ ਕੇ ਮੁੱਦਾ ਚੁੱਕਾਂਗਾ ਕਿ ਖਹਿਰਾ ਬੇਗੁਨਾਹ ਹੈ, ਇਸ ਨਾਲ ਵੈਂਡੇਟਾ ਹੋ ਰਿਹਾ ਹੈ। ਉਸ ਤੋਂ ਬਾਅਦ ਮੈਂ ਸੁਪਰੀਮ ਕੋਰਟ ਚਲਾ ਗਿਆ। ਡਿਪਟੀ ਸਪੀਕਰ ਸਾਹਿਬ, ਸੁਪਰੀਮ ਕੋਰਟ ਦਾ ਬੜਾ ਹੀ ਇੰਟ੍ਰਸਟਿੰਗ ਫੈਕਟ ਹੈ। ਪਹਿਲਾਂ, ਸਾਲ 2017 ਵਿੱਚ ਦੋ ਜੱਜਾਂ ਨੇ ਮੇਰਾ ਕੇਸ ਸੁਣਿਆ ਤੇ ਉਨ੍ਹਾਂ ਨੇ ਪ੍ਰੋਸੀਡਿੰਗਜ਼ ਸਟੇਅ ਕਰ ਦਿੱਤੀਆਂ। ਫੇਰ ਦੋ ਜੱਜਾਂ ਨੇ ਕਿਹਾ ਕਿ ਇਹ ਬੜਾ ਇੰਟ੍ਰਸਟਿੰਗ ਸਬਜੈਕਟ ਹੈ ਕਿਉਂਕਿ ਇਸ ਨੂੰ ਕੋਰਟ ਨੇ ਬਾਕੀ ਦੋਸ਼ੀਆਂ ਨੂੰ ਸਜ਼ਾ ਕਰਨ ਤੋਂ ਬਾਅਦ ਸੈਕਸ਼ਨ ਵਿੱਚ ਬਤੌਰ ਐਕਿਊਜ਼ ਤਲਬ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਫੈਸਲਾ ਨਹੀਂ ਕਰਾਂਗੇ, ਤਿੰਨ ਜੱਜਾਂ ਦਾ ਕੰਸਟੀਚਿਊਸ਼ਨਲ ਬੈਂਚ ਬੈਠੇਗਾ।

**ਮਾਣਯੋਗ ਡਿਪਟੀ ਸਪੀਕਰ** : ਧੰਨਵਾਦ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਇਕ ਮਿੰਟ ਜੀ, ਪਲੀਜ਼। ਤਿੰਨ ਜੱਜਾਂ ਦੇ ਕੰਸਟੀਚਿਊਸ਼ਨਲ ਬੈਂਚ ਨੇ ਕਿਹਾ ਕਿ ਨਹੀਂ ਪੰਜ ਜੱਜ ਫੈਸਲਾ ਕਰਨਗੇ। ਫਰਵਰੀ, 2024 ਵਿੱਚ ਸੁਪਰੀਮ ਕੋਰਟ ਆਫ ਇੰਡੀਆ ਦੇ ਪੰਜ ਮੈਂਬਰੀ ਕੰਸਟੀਚਿਊਸ਼ਨਲ ਬੈਂਚ ਨੇ ਮੈਨੂੰ ਬੇਗੁਨਾਹ ਸਾਬਤ ਕਰ ਦਿੱਤਾ। ਜਿਹੜਾ ਝੂਠਾ ਕੇਸ ਤੁਸੀਂ ਬਣਾਇਆ ਹੈ, that has been.. (interruptions)

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ** : ਵਿੱਤ ਮੰਤਰੀ ਜੀ, ਤੁਸੀਂ ਪਲੀਜ਼ ਬੈਠੋ। ਹਾਂ ਜੀ, ਸੌਂਦ ਸਾਹਿਬ, ਤੁਸੀਂ ਬੋਲੋ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)** : ਡਿਪਟੀ ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਬਿਠਾਓ ਜੀ, ਮੇਰਾ ਟਾਈਮ ਤਾਂ ਇਹੀ ਖਾ ਗਏ।

**ਮਾਣਯੋਗ ਡਿਪਟੀ ਸਪੀਕਰ** : ਚੀਮਾ ਸਾਹਿਬ, ਸੌਂਦ ਸਾਹਿਬ ਨੂੰ ਗੱਲ ਕਰ ਲੈਣ ਦਿਓ। (ਵਿਘਨ) ਸੌਂਦ ਸਾਹਿਬ ਨੂੰ ਬੋਲ ਲੈਣ ਦਿਓ, ਫੇਰ ਤੁਸੀਂ ਬੋਲ ਲੈਣਾ। (ਵਿਘਨ) ਸੌਂਦ ਸਾਹਿਬ ਨੂੰ ਬੋਲ ਲੈਣ ਦਿਓ।

**ਵਿੱਤ ਮੰਤਰੀ** : ਇਕ ਲਾਈਨ ਵਿੱਚ ਹੀ ਗੱਲ ਨਿਬੇੜ ਦੇਵਾਂਗਾ।

**ਮਾਣਯੋਗ ਡਿਪਟੀ ਸਪੀਕਰ :** ਪਹਿਲਾਂ ਸੌਂਦ ਸਾਹਿਬ ਦੀ ਗੱਲ ਹੋ ਲੈਣ ਦਿਓ, ਫੇਰ ਤੁਸੀਂ ਆਪਣੀ ਗੱਲ ਕਰ ਲੈਣਾ। (ਵਿਘਨ) ਆਪਾਂ ਬਹਿਸ ਨੂੰ ਪਰਸਨਲ ਨਾ ਬਣਾਈਏ, ਫਿਰ ਹਾਊਸ ਕਿਸ ਤਰ੍ਹਾਂ ਚੱਲੇਗਾ? (ਵਿਘਨ) ਬਹੁਤ ਅੱਛੇ ਤਰੀਕੇ ਨਾਲ ਹਾਊਸ ਚੱਲ ਰਿਹਾ ਹੈ। ਆਪਾਂ ਇਸ ਤਰ੍ਹਾਂ ਬਹਿਸ ਨੂੰ ਪਰਸਨਲ ਨਾ ਕਰੀਏ।

**ਵਿੱਤ ਮੰਤਰੀ** : ਮੈਂ ਸਿਰਫ ਇਕ ਮਿੰਟ ਵਿੱਚ ਆਪਣੀ ਗੱਲ ਨਿਬੇੜ ਦੇਵਾਂਗਾ। ਜਿਹੜੀ ਗੱਲ ਮੈਂਬਰ ਸਾਹਿਬ ਕਰ ਰਹੇ ਹਨ ਕਿ ਸਟੇਅ ਹੋ ਗਿਆ ਸੀ। ਉਹ ਸਟੇਅ ਇਸ ਕਰਕੇ ਹੋਇਆ ਸੀ ਕਿਉਂਕਿ ਟਰਾਇਲ ਕੋਰਟ ਦੇ ਇਨਵੈਸਟੀਗੇਸ਼ਨ ਅਫਸਰ ਨੇ ਆਪਣੇ ਬਿਆਨ ਕਲਮਬੰਦ ਕਰਵਾਏ ਪਰ ਜਿਹੜਾ ਉਸ ਸਮੇਂ ਦਾ ਪ੍ਰਾਸੀਕਿਊਟਰ ਸੀ, ਉਸ ਨੇ ਧਾਰਾ 319 ਦੀ ਐਪਲੀਕੇਸ਼ਨ ਮੂਵ ਨਹੀਂ ਕੀਤੀ ਪਰੰਤੂ ਜਦੋਂ ਟਰਾਇਲ ਖ਼ਤਮ ਹੋ ਗਿਆ, ਉਸ ਸਮੇਂ ਮੂਵ ਕੀਤੀ, ਜਦ ਕਿ ਉਸ ਦਾ ਫਰਜ਼ ਬਣਦਾ ਸੀ ਕਿ ਉਹ ਐਪਲੀਕੇਸ਼ਨ ਪਹਿਲਾਂ ਮੂਵ ਕਰਦਾ। ਸੋ, ਇਹ ਬਹੁਤ ਵੱਡੀ ਇਨਵੈਸਟੀਗੇਸ਼ਨ ਦਾ ਵਿਸ਼ਾ ਹੈ ਕਿ ਉਸ ਸਮੇਂ ਇੰਨੀ ਵੱਡੀ ਸਟੋਰੀ ਉੱਪਰ ਜਦੋਂ ਬਤੌਰ ਐਕਿਊਜ਼ ਨਾਮ ਆ ਜਾਵੇ ਪਰ ਐਪਲੀਕੇਸ਼ਨ ਫਾਈਲ ਨਹੀਂ ਕੀਤੀ ਗਈ, ਉਸੇ ਲਕੂਨੇ ਦਾ ਫਾਇਦਾ ਉਠਾਉਂਦੇ ਹੋਏ ਇਹ ਸੁਪਰੀਮ ਕੋਰਟ ਵਿੱਚ ਚਲੇ ਗਏ ਕਿਉਂਕਿ ਉਥੇ ਇਨ੍ਹਾਂ ਦੇ ਰਿਸ਼ਤੇਦਾਰ ਬਹੁਤ ਵੱਡੇ ਜੁਡੀਸ਼ੀਅਲ ਅਫਸਰ ਹਨ। ਇਸ ਕਰਕੇ ਜਿਹੜਾ ਸਰਕਾਰਾਂ ਨਾਲ ਮਿਲ ਕੇ ਸਿਸਟਮ ਡਿਲੇਅ ਕੀਤਾ ਗਿਆ, ਉਸ ਦਾ ਫਾਇਦਾ ਉਠਾਉਂਦੇ ਹੋਏ ਇਨ੍ਹਾਂ ਨੇ ਜੁਡੀਸ਼ੀਅਲ ਪ੍ਰੋਨਾਊਂਸਮੈਂਟ ਆਪਣੇ ਹੱਕ ਵਿੱਚ ਕਰਵਾਉਣ ਦਾ ਯਤਨ ਕੀਤਾ ਹੈ। ਹਾਲੇ ਸਟੇਅ ਹੋਇਆ ਹੈ, ਇਹ ਮੈਟਰ ਡਿਲੇਅ ਕੀਤਾ ਗਿਆ ਹੈ, ਇਹ ਕਿਸ ਨੇ ਡਿਲੇਅ ਕੀਤਾ? ਅਕਾਲੀ-ਭਾਜਪਾ ਦੀ ਸਰਕਾਰ ਸੀ, ਕਾਂਗਰਸ ਦੀ ਸਰਕਾਰ ਸੀ। ਜਦੋਂ ਇਹ ਮਾਮਲਾ ਡਿਲੇਅ ਹੋ ਗਿਆ ਤਾਂ ਇਹ ਉਸ ਦਾ ਬੈਨੀਫਿਟ ਆਫ ਨਾਰਮਜ਼ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਹਾਲੇ ਸਟੇਅ ਹੋਇਆ ਹੈ, acquittal ਨਹੀਂ ਹੋਈ ਅਤੇ ਜਦੋਂ ਹੋ ਗਈ ਤਾਂ ਅਸੀਂ ਮੁਬਾਰਕਬਾਦ ਦੇ ਦੇਵਾਂਗੇ। ਸੋ, ਇਹ ਸਾਰੇ ਲਕੂਨੇ ਇਨ੍ਹਾਂ ਦੇ ਰਿਸ਼ਤੇਦਾਰ ਇਨ੍ਹਾਂ ਨੂੰ ਚੰਗੀ ਤਰ੍ਹਾਂ ਪੜ੍ਹਾਉਂਦੇ ਰਹਿੰਦੇ ਹਨ। ਸੋ, ਮੈਂ ਜ਼ਿਆਦਾ ਨਹੀਂ ਬੋਲਾਂਗਾ। ਧੰਨਵਾਦ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਉਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ :** ਹਾਂ ਜੀ, ਸੌਂਦ ਸਾਹਿਬ। ਖਹਿਰਾ ਸਾਹਿਬ, ਆਪਾਂ ਗੱਲ ਖਤਮ ਕਰੀਏ। ਸੌਂਦ ਸਾਹਿਬ ਦੀ ਗੱਲ ਪੂਰੀ ਹੋ ਲੈਣ ਦਿਓ। (ਵਿਘਨ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਸੀਂ ਅੱਜ ਨਸ਼ੇ ਦੇ ਮੁੱਦੇ ਦੇ ਉੱਤੇ ਮੈਨੂੰ ਇਸ ਅਜ਼ੀਮ ਸਦਨ ਦੇ ਅੰਦਰ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਆਪਣੀ ਗੱਲ ਤੁਹਾਡੇ ਰਾਹੀਂ ਇਸ ਸਦਨ ਅੱਗੇ ਰੱਖਣੀ ਚਾਹੁੰਦਾ ਹਾਂ। (ਵਿਘਨ, ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ:** **

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ):** **

** Not recorded as ordered by the Chair.

**ਮਾਣਯੋਗ ਡਿਪਟੀ ਸਪੀਕਰ**: ਮੰਤਰੀ ਸਾਹਿਬ, ਤੁਸੀਂ ਕੰਟੀਨਿਊ ਕਰੋ। (ਵਿਘਨ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਕਿਵੇਂ ਕੰਟੀਨਿਊ ਕਰਾਂ ਜੀ? ਇਨ੍ਹਾਂ ਨੂੰ ਇੱਕ ਮਿੰਟ ਬਿਠਾ ਦਿਉ ਜੀ। ਸਰ, ਇਹ ਤਾਂ ਡਿਸਟਰਬ ਕਰਨ ਲੱਗੇ ਹੋਏ ਹਨ।

**ਮਾਣਯੋਗ ਡਿਪਟੀ ਸਪੀਕਰ**: ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਅਤੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ, ਸ਼੍ਰੀ ਅਮਨ ਅਰੋੜਾ ਆਪਸ ਵਿੱਚ ਬਹਿਸ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਡਿਪਟੀ ਸਪੀਕਰ ਸਾਹਿਬ, ਇੰਨੇ ਇੰਪਾਰਟੈਂਟ ਇਸ਼ੂ ਦੇ ਉਪਰ ਵਿਚਾਰ ਚੱਲ ਰਹੀ ਹੈ ਔਰ ਖਹਿਰਾ ਸਾਹਿਬ ਪੂਰੇ ਮਾਹੌਲ ਨੂੰ ਡਿਸਟਰਬ ਕਰਨ ਲੱਗੇ ਹੋਏ ਹਨ। ਖਹਿਰਾ ਸਾਹਿਬ, ਤੁਸੀਂ ਬਹੁਤ ਬੋਲ ਲਏ ਹੋ। ਹੁਣ ਬਹਿ ਜਾਵੋ। ਅਰੋੜਾ ਜੀ, ਮੰਤਰੀ ਸਾਹਿਬ, ਤੁਸੀਂ ਵੀ ਬੈਠ ਜਾਵੋ। ਬੈਠੋ, ਬੈਠੋ। ਬੈਠੋ ਖਹਿਰਾ ਸਾਹਿਬ। ਖਹਿਰਾ ਸਾਹਿਬ, ਤੁਸੀਂ ਪਰਸਨਲ ਅਟੈਕ ਹੁਣ ਬਥੇਰੇ ਕਰ ਲਏ।

**ਮਾਣਯੋਗ ਡਿਪਟੀ ਸਪੀਕਰ**: ਸੌਂਦ ਸਾਹਿਬ, ਚੇਅਰ ਨੂੰ ਐਡਰੈੱਸ ਕਰੋ ਅਤੇ ਆਪਣੀ ਗੱਲ ਸ਼ੁਰੂ ਕਰੋ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਖਹਿਰਾ ਸਾਹਿਬ, ਬੈਠੋ।

**ਮਾਣਯੋਗ ਡਿਪਟੀ ਸਪੀਕਰ**: ਤੁਸੀਂ ਆਪਣੀ ਸਪੀਚ ਪੂਰੀ ਕਰੋ। ਇਨ੍ਹਾਂ ਨੂੰ ਬਿਠਾਉਣਾ ਮੇਰਾ ਕੰਮ ਹੈ। ਤੁਸੀਂ ਬੋਲੋ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਖਹਿਰਾ ਸਾਹਿਬ, ਮੇਰੀ ਗੱਲ ਤਾਂ ਸੁਣੋ। ਬਹਿ ਜਾਵੋ 10 ਮਿੰਟ। (ਵਿਘਨ)

**ਮਾਣਯੋਗ ਡਿਪਟੀ ਸਪੀਕਰ** : ਸੌਂਦ ਸਾਹਿਬ, ਤੁਸੀਂ ਚੇਅਰ ਨੂੰ ਐਡਰੈੱਸ ਕਰੋ। ਨਹੀਂ ਤਾਂ ਫਿਰ ਮੈਂ ਅਗਲਾ ਬੁਲਾਰਾ ਬੁਲਾ ਦੇਣਾ ਹੈ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਅੱਜ ਇਸ ਪਵਿੱਤਰ ਸਦਨ ਦੇ ਵਿੱਚ ਨਸ਼ਿਆਂ ਉੱਤੇ ਦੋ ਘੰਟੇ ਲਈ ਰੱਖੀ ਵਿਸ਼ੇਸ਼ ਬਹਿਸ ਉੱਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਧੰਨਵਾਦ ਜੀ। ਅੱਜ ਇਸ ਸਦਨ ਨੂੰ ਲੋਕ ਵਾਚ ਕਰ ਰਹੇ ਹਨ। ਪੰਜਾਬ ਦੇ ਲੋਕ, ਅੱਜ ਤਿੰਨ ਕਰੋੜ ਪੰਜਾਬੀ ਅਤੇ ਬਾਹਰ ਬੈਠੇ ਪੰਜਾਬੀ ਵੀ ਵੇਖਣ ਲੱਗੇ ਹੋਏ ਹਨ ਕਿ ਅੱਜ ਨਸ਼ਿਆਂ ਦੇ ਉੱਤੇ ਜਿਹੜੀ ਇਹ ਬਹਿਸ ਹੈ, ਇਹ ਕਿੰਨੀ-ਕੁ ਫੈਸਲਾਕੁੰਨ ਹੋਵੇਗੀ। ਪੰਜਾਬ ਨੇ ਅਲੱਗ-ਅਲੱਗ ਸਰਕਾਰਾਂ ਹੰਢਾਈਆਂ ਹਨ। ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਨਹੁੰ ਮਾਸ ਦਾ ਰਿਸ਼ਤਾ ਵੀ ਦੇਖਿਆ ਹੋਇਆ ਹੈ ਅਤੇ ਉਨ੍ਹਾਂ ਦੀ ਸਰਕਾਰ ਵੀ ਹੰਢਾਈ ਹੋਈ ਹੈ। ਪੰਜਾਬ ਨੇ ਕਾਂਗਰਸ ਪਾਰਟੀ ਦੀ ਇੰਡਵਿਜੂਅਲ ਸਰਕਾਰ ਵੀ ਹੰਢਾ ਕੇ ਦੇਖੀ ਹੋਈ ਹੈ। ਪੰਜਾਬ

ਵਿੱਚ ਇਸ ਸਮੇਂ ਆਮ ਆਦਮੀ ਪਾਰਟੀ ਦੀ ਸਰਕਾਰ ਚੱਲ ਰਹੀ ਹੈ। ਹੁਣ ਮਸਲਾ ਇਹ ਹੈ ਕਿ ਨਸ਼ੇ ਦਾ ਕੋਹੜ ਪੰਜਾਬ ਵਿੱਚ ਕਦੋਂ ਅਤੇ ਕਿੱਥੋਂ ਆਇਆ, ਇਸ ਉੱਤੇ ਡਿਸਕਸ਼ਨ ਕਰਨੀ ਹੈ। ਸਾਲ 2007 ਤੋਂ ਪਹਿਲਾਂ ਕਿਸੇ ਨੇ ਸਿੰਥੈਟਿਕ ਨਸ਼ੇ ਦਾ ਨਾਮ ਨਹੀਂ ਸੁਣਿਆ ਸੀ। ਬਹੁਤ ਘੱਟ, ਇੱਕਾ-ਦੁੱਕੀ ਜੇ ਕਿਸੇ ਨੇ ਸੁਣਿਆ ਹੋਵੇ, ਸਾਡੇ ਤਾਂ ਜ਼ਿਹਨ ਵਿੱਚ ਇਹ ਹੈ ਨਹੀਂ। ਅੱਗੇ ਨਸ਼ੇ ਬਾਰੇ ਜੇ ਕੋਈ ਗੱਲ ਕਰਦਾ ਹੁੰਦਾ ਸੀ ਤਾਂ ਇਹੀ ਸੁਣਦੇ ਸੀ ਕਿ ਫਲਾਣੇ ਪਿੰਡ ਵਿੱਚ ਕੋਈ ਅਫੀਮ ਖਾਂਦਾ ਹੈ ਜਾਂ ਭੁੱਕੀ ਖਾਂਦਾ ਹੈ ਪਰ ਸਿੰਥੈਟਿਕ ਨਸ਼ੇ ਬਾਰੇ ਕਦੇ ਨਹੀਂ ਸੁਣਦੇ ਸੀ। ਸਾਲ 2007 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਭਾਜਪਾ ਨਾਲ ਗਠਜੋੜ ਦੀ ਅਜਿਹੀ ਸਰਕਾਰ ਆਈ ਕਿ ਉਸ ਸਰਕਾਰ ਦੌਰਾਨ ਪੰਜਾਬ ਵਿੱਚ ਪਹਿਲੀ ਵਾਰ ਚਿੱਟਾ ਇੰਟਰੋਡਿਊਸ ਹੋਇਆ ਕਿ ਚਿੱਟਾ ਨਾਮ ਦੀ ਕੋਈ ਚੀਜ਼ ਆ ਚੁੱਕੀ ਹੈ। ਦੱਸੋ, ਕੀ ਇਹ ਘਰ-ਘਰ ਤੱਕ ਨਹੀਂ ਪਹੁੰਚਿਆ? ਦੱਸੋ, ਕੀ ਇਹ ਪਿੰਡ-ਪਿੰਡ ਤੱਕ ਨਹੀਂ ਪਹੁੰਚਿਆ ਅਤੇ ਸ਼ਹਿਰਾਂ ਤੱਕ ਨਹੀਂ ਪਹੁੰਚਿਆ? ਤੁਸੀਂ ਦੱਸੋ ਕਿ ਅਕਾਲੀ ਦਲ ਦੇ ਕਹਿੰਦੇ-ਕਹਾਉਂਦੇ ਲੀਡਰ, ਜਿਹੜੇ ਅੱਜ ਜੇਲ੍ਹ ਅੰਦਰ ਬੈਠੇ ਹਨ, ਕੀ ਜਿਹੜੇ ਇੰਟਰਨੈਸ਼ਨਲ ਡਰੱਗ ਤਸਕਰ ਸੀ, ਉਨ੍ਹਾਂ ਦੇ ਘਰਾਂ ਵਿੱਚ ਨਹੀਂ ਰੁਕਦੇ ਸੀ? ਕੀ ਉਨ੍ਹਾਂ ਦੇ ਪਰਸਨਲ ਵਹੀਕਲ ਯੂਜ਼ ਨਹੀਂ ਕਰਦੇ ਸੀ? ਉਹ ਕਰਦੇ ਸੀ। ਇਹ ਸਾਰਾ ਕੇਸ ਪੂਰੇ ਪੰਜਾਬ ਅੱਗੇ ਨੰਗਾ-ਚਿੱਟਾ ਹੋ ਚੁੱਕਿਆ ਹੈ। ਜਦੋਂ ਸਾਲ 2007 ਤੋਂ 2017 ਤੱਕ ਅਕਾਲੀ ਆਪਣੀ ਸਰਕਾਰ ਹੰਢਾ ਕੇ ਅਤੇ ਘਰ-ਘਰ ਤੱਕ ਚਿੱਟਾ ਪਹੁੰਚਾ ਕੇ ਜਾਂਦੇ ਬਣੇ ਤਾਂ ਸਾਲ 2017 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਆ ਗਈ। ਕਾਂਗਰਸ ਪਾਰਟੀ ਦੀ ਸਰਕਾਰ ਕਿਸ ਬਿਹਾਫ ਤੇ ਆਈ ਸੀ ਜੀ? ਕਾਂਗਰਸ ਪਾਰਟੀ ਦੀ ਸਰਕਾਰ ਇਸ ਬਿਹਾਫ ਤੇ ਆਈ ਸੀ ਕਿ ਲੋਕਾਂ ਨੇ ਸੋਚਿਆ ਕਿ ਇੱਕ ਚੰਗੇ ਘਰਾਣੇ ਦਾ ਬੰਦਾ, ਇੱਕ ਉੱਚ ਘਰਾਣੇ ਦਾ ਬੰਦਾ, ਇੱਕ ਵਾਰ ਗੁਰੂ ਦੀ ਬਾਣੀ ਨੂੰ ਅਤੇ ਗੁਰੂ ਨੂੰ ਪ੍ਰਤੱਖ ਮੰਨਦੇ ਹੋਏ ਸਹੁੰ ਖਾ ਕੇ ਵਾਅਦਾ ਕਰ ਰਿਹਾ ਹੈ। ਲੋਕਾਂ ਨੇ ਸੋਚਿਆ ਕਿ ਸ਼ਾਇਦ ਪੰਜਾਬ ਦਾ ਹੁਣ ਭਲਾ ਹੋ ਸਕਦਾ ਹੈ ਅਤੇ ਇਨ੍ਹਾਂ ਨੂੰ ਇੱਕ ਵਾਰ ਫੇਰ ਮੌਕਾ ਦੇ ਕੇ ਦੇਖਿਆ ਜਾਵੇ ਪਰ ਜਿਵੇਂ ਕਹਿੰਦੇ ਹਨ:

ਮਾਥੇ ਤਿਲਕੁ ਹਥਿ ਮਾਲਾ ਬਾਨਾ॥
ਲੋਗਨ ਰਾਮੁ ਖਿਲਾਉਨਾ ਜਾਨਾ ॥

ਉਨ੍ਹਾਂ ਨੇ ਖਿਡਾਉਣਿਆਂ ਵਾਂਗ ਬਾਬੇ ਦੀ ਬਾਣੀ ਨਾਲ ਖੇਡਿਆ ਅਤੇ ਝੂਠੀਆਂ ਸਹੁੰਆਂ ਖਾਧੀਆਂ। ਉਸ ਦਾ ਨਤੀਜਾ ਕੀ ਨਿਕਲਿਆ? ਉਸ ਦਾ ਰਿਜ਼ਲਟ ਇਹ ਨਿਕਲਿਆ ਕਿ ਚਿੱਟਾ ਬੜੀ ਰਫਤਾਰ ਨਾਲ ਵਿਕਿਆ। ਮੈਂ ਇਹ ਖਬਰ ਵਿਖਾ ਦਿੰਦਾ ਹਾਂ। (ਇੱਕ ਕਾਗਜ਼ ਦਿਖਾਉਂਦੇ ਹੋਏ) ਇਹ ਹਿੰਦੁਸਤਾਨ ਟਾਈਮਜ਼ ਦੀ ਮਿਤੀ 23.4.2021 ਦੀ ਇੱਕ ਖਬਰ ਲੱਗੀ ਹੋਈ ਹੈ ਜੀ। ਇਸ ਖ਼ਬਰ ਵਿਚ ਲਿਖਿਆ ਹੈ- "The STF has arrested Gurdeep Singh former sarpanch of village Rano (Ranwan) in Ludhiana in November, 2020 and seized eight cars, including a Jaguar, a Q7 Audi, a Toyota Fortuner and a BMW from his palatial house. It had also recovered 5.39 kg heroin and illegal arms from him in a special operation. Rano who owned only scooter till 2015 allegedly amassed property of Rs. 50 crore in a span of four years." ਜਿਹੜਾ ਅਕਾਲੀਆਂ ਦਾ ਪਾਇਲ ਹਲਕੇ ਤੋਂ ਸਰਪੰਚ ਹੋਵੇ, ਜਿਹੜਾ ਪਾਇਲ ਹਲਕੇ ਤੋਂ ਅਕਾਲੀਆਂ ਦਾ ਯੂਥ ਦਾ ਪ੍ਰਧਾਨ ਹੋਵੇ, ਉਸ ਸਮੇਂ ਇਸ ਨੂੰ ਕੌਣ ਸ਼ੈਲਟਰ ਦਿੰਦਾ ਰਿਹਾ ਹੈ, ਕੋਈ ਦੱਸ ਸਕਦਾ ਹੈ? ਕੋਈ ਬੋਲ ਕੇ ਦੱਸ ਸਕਦਾ ਹੈ? ਧੜੱਲੇ ਨਾਲ ਇਸ ਬੰਦੇ ਨੇ ਪੰਜਾਬ ਵਿਚ ਨਸ਼ਾ ਵੇਚਿਆ ਹੈ। ਅੱਧਾ ਪੰਜਾਬ ਗਾਲਣ ਵਿਚ ਇਹ ਬੰਦਾ ਸਕਸ਼ਮ ਹੋਇਆ। ਉਸ ਤੋਂ ਬਾਅਦ ਸਰਕਾਰ ਬਦਲ ਗਈ। ਚਾਰ ਸਾਲ ਕਾਂਗਰਸ ਪਾਰਟੀ

ਦੀ ਸਰਕਾਰ ਵਿਚ ਇਹ ਬੰਦਾ ਆਪਣੀ ਗੱਡੀ ਤੇ ਲਾਲ ਬੱਤੀ ਲਗਾ ਕੇ, ਅੱਗੇ ਜਿਪਸੀ ਲਗਾ ਕੇ, ਵੱਖ-ਵੱਖ ਅਫ਼ਸਰਾਂ ਤੋਂ ਚਾਰ ਗੰਨਮੈਨ ਅਤੇ ਬਾਊਂਸਰ ਲੈ ਕੇ, ਉਸ ਸਮੇਂ ਦੇ ਮੁੱਖ ਮੰਤਰੀ ਦੇ ਓ.ਐਸ.ਡੀ. ਨੂੰ ਆਪਣੀ ਗੱਡੀ ਦੀ ਅਗਲੀ ਸੀਟ ਤੇ ਬਿਠਾ ਕੇ ਚਿੱਟੇ ਦਾ ਵਪਾਰ ਕਰਦਾ ਰਿਹਾ ਹੈ। ਐਸ.ਟੀ.ਐਫ਼. ਕਹਿੰਦੀ ਹੈ ਕਿ ਚਾਰ ਸਾਲਾਂ ਵਿਚ ਇਸ ਬੰਦੇ ਨੇ ਸਕੂਟਰ ਤੋਂ 50 ਕਰੋੜ ਦੀ ਪ੍ਰਾਪਰਟੀ ਬਣਾ ਲਈ। ਉਦੋਂ ਤੁਸੀਂ ਕਿੱਥੇ ਸੁੱਤੇ ਪਏ ਸੀ? (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਅੱਜ ਜਿਹੜੇ ਨਸ਼ੇ ਦੀਆਂ ਗੱਲਾਂ ਕਰਦੇ ਹਨ, ਉਹ ਉਦੋਂ ਕਿੱਥੇ ਸੀ? ਇੱਕ ਹੋਰ ਅਖਬਾਰ ਦੀ ਖਬਰ ਪੜ੍ਹੋ। ਇਹ ਪੰਜਾਬ ਕੇਸਰੀ ਅਖਬਾਰ ਦੀ ਮਿਤੀ 22.04.2020 ਦੀ ਖ਼ਬਰ ਹੈ। ਇਸ ਵਿਚ ਲਿਖਿਆ ਹੈ- "अवैध शराब फैक्ट्री का पर्दाफाश, 5 काबू 1 फरार" ਇਹ ਮਿਤੀ 22.04.2020 ਨੂੰ ਖ਼ਬਰ ਲੱਗੀ ਸੀ। ਇਸ ਵਿਚ ਕਿਹੜੀ ਕਿਹੜੀ ਸ਼ਰਾਬ ਦੀਆਂ ਬੋਤਲਾਂ ਫੜ੍ਹੀਆਂ ਗਈਆਂ? ਇਲੀਸਿਟ ਦਾਰੂ, ਚੰਗੇ ਬਰਾਂਡ ਦੀਆਂ ਸ਼ਰਾਬ ਦੀਆਂ ਬੋਤਲਾਂ ਵਿਚ ਨਸ਼ਾ ਭਰ ਕੇ ਸਪਲਾਈ ਹੁੰਦਾ ਰਿਹਾ ਅਤੇ ਕਿੰਨੇ ਸਾਲ ਇਹ ਸ਼ਰਾਬ ਫੈਕਟਰੀਆਂ ਚੱਲਦੀਆਂ ਰਹੀਆਂ। ਉਸ ਸਮੇਂ ਸਰਕਾਰ ਕਿਸ ਦੀ ਸੀ? ਇਸ ਵਿਚ ਸਿੱਧੇ ਇਲਜ਼ਾਮ ਲੱਗੇ ਸੀ। ਮੈਂ ਤਾਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਐਡਾ ਪੁਲੰਦਾ ਭਰਿਆ ਪਿਆ ਹੈ। ਇੱਕ ਵਾਰ ਆਦੇਸ਼ ਕਰੋ ਤਾਂ ਕਿ ਪਤਾ ਲੱਗੇ ਕਿ ਇਸ ਵਿੱਚ ਕਿਹੜੇ-ਕਿਹੜੇ ਨਾਲ ਰਲੇ ਹੋਏ ਸੀ। ਸਾਬਕਾ ਮੁੱਖ ਮੰਤਰੀ ਦਾ ਪੋਤਾ ਇਸ ਸ਼ਰਾਬ ਫੈਕਟਰੀ ਵਿਚ ਹਿੱਸੇਦਾਰ ਸੀ। ਮੈਂ ਤੁਹਾਨੂੰ ਦੱਸਦਾ ਹਾਂ ਕਿ ਇਕੱਲਾ ਉਹ ਨਹੀਂ ਸਗੋਂ ਕਾਂਗਰਸ ਦੇ ਇਕ ਵਰਿਸ਼ਟ ਵਰਕਰ ਦੇ ਪਿਤਾ ਦੇ ਨਾਂ ਉਤੇ ਇਸ ਸ਼ਰਾਬ ਫੈਕਟਰੀ ਦਾ ਨਜਾਇਜ਼ ਮੀਟਰ ਲੱਗਿਆ ਹੋਇਆ ਸੀ। ਕੋਈ ਜਵਾਬ ਦੇ ਸਕਦਾ ਹੈ? ਅੱਜ ਇਹ ਗੱਲਾਂ ਕਰਦੇ ਹਨ। ਤੁਸੀਂ ਨਸ਼ੇ ਦੇ ਵਿਰੁੱਧ ਡਿਬੇਟ ਕਰਨੀ ਹੈ, ਜੀਅ ਸਦਕੇ ਕਰੋ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹਾਊਸ ਨੂੰ ਦੱਸਣੀ ਚਾਹੁੰਦਾ ਹਾਂ ਕਿ ਨਸ਼ਾ ਸਾਡੀ ਜ਼ਿੰਦਗੀ ਵਿੱਚ ਆਇਆ ਕਿੱਥੋਂ? ਡਿਪਟੀ ਸਪੀਕਰ ਸਾਹਿਬ, ਪਿੱਛੇ ਜੋ ਹੋ ਗਿਆ, ਉਹ ਬਦਲਿਆ ਨਹੀਂ ਜਾ ਸਕਦਾ ਪਰ ਅਸੀਂ ਭਵਿੱਖ ਤਾਂ ਸੁਧਾਰ ਸਕਦੇ ਹਾਂ। ਭਵਿੱਖ ਸੁਧਾਰਨ ਲਈ ਸਾਨੂੰ ਆਪਣੀ ਜ਼ਿੰਦਗੀ ਵਿਚ ਕੁਝ ਮਾਪਦੰਡ ਸਥਾਪਿਤ ਕਰਨੇ ਪੈਣੇ ਹਨ। ਡਿਪਟੀ ਸਪੀਕਰ ਸਾਹਿਬ, ਜਿਹੜਾ ਮਨੁੱਖ ਸੀ, ਉਹ ਜਾਨਵਰਾਂ ਤੋਂ ਅੱਡ ਕਦੋਂ ਹੋਇਆ? ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਸਾਡੇ ਸਰੀਰ ਦੇ ਪੰਜ ਵਿਕਾਰ ਹਨ। 84 ਲੱਖ ਜੂਨੀਆਂ ਵਿਚੋਂ ਸਿਰਫ਼ ਇਕ ਜੂਨੀ ਮਨੁੱਖ ਦੀ ਛੱਡ ਦਿਓ। 83 ਲੱਖ 99 ਹਜ਼ਾਰ, 999 ਜੂਨੀਆਂ ਵਿਚ ਕਾਮ ਵੀ ਹੈ, ਕ੍ਰੋਧ ਵੀ ਹੈ ਅਤੇ ਮੋਹ ਵੀ ਹੈ ਪਰ ਲੋਭ ਅਤੇ ਹੰਕਾਰ ਉਨ੍ਹਾਂ ਕੋਲ ਨਹੀਂ ਹੈ। ਇਹ ਕੇਵਲ ਮਨੁੱਖਾਂ ਕੋਲ ਹੈ। ਇਹ ਮਨੋਦਸ਼ਾ ਦੇ ਵਿਸ਼ੇ ਹਨ। ਇਹ ਮਨੋਦਸ਼ਾ ਦੇ ਵਿਸ਼ੇ ਹੋਣ ਕਰਕੇ ਮਨੁੱਖ ਨੂੰ ਮਨ ਮਿਲਿਆ ਸੀ। ਸੋ, ਇਸ ਕਰਕੇ ਜਿਹੜਾ ਲੋਭ ਅਤੇ ਹੰਕਾਰ ਹੈ, ਇਸ ਨੇ ਮਨੁੱਖ ਦੇ ਅੰਦਰ ਪਣਪ ਕੇ ਮਨੁੱਖ ਤੋਂ ਸਾਰੇ ਮਾੜੇ ਅਤੇ ਪੁੱਠੇ ਕੰਮ ਕਰਵਾਉਣੇ ਸ਼ੁਰੂ ਕੀਤੇ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਾਬਾ ਬੁੱਲੇ ਸ਼ਾਹ ਜੀ ਨੇ ਲਿਖਿਆ ਹੈ-

"ਵੇਖ ਅਸਮਾਨਾਂ ਤੇ ਉਡਦੇ ਪੰਛੀ, ਵੇਖ ਤੇ ਸਹੀ ਕੀ ਕੁਝ ਕਰਦੇ ਨੇ,
ਨਾ ਉਹ ਕਰਦੇ ਰਿਜ਼ਕ ਜ਼ਖੀਰਾ ਤੇ ਨਾ ਉਹ ਭੁੱਖੇ ਮਰਦੇ ਨੇ,
ਕਦੇ ਕਿਸੇ ਨੇ ਪੰਖ ਪੰਖੇਰੂ ਭੁੱਖੇ ਮਰਦੇ ਦੇਖੇ ਨੇ?
ਬੰਦੇ ਹੀ ਕਰਦੇ ਰਿਜ਼ਕ ਜ਼ਖੀਰਾ ਤੇ ਬੰਦੇ ਹੀ ਭੁੱਖੇ ਮਰਦੇ ਨੇ।

ਕੋਈ ਪਸ਼ੂ, ਕੋਈ ਪੰਛੀ, ਰਿਜ਼ਕਾਂ ਦੇ ਜ਼ਖੀਰੇ ਨਹੀਂ ਕਰਦਾ ਪਰ ਉਹ ਭੁੱਖੇ ਵੀ ਨਹੀਂ ਮਰਦੇ। ਇਨਸਾਨ ਕਿਸ ਹੱਦ ਤੱਕ ਗਿਰ ਗਿਆ ਹੈ ਕਿ ਚਾਰ ਛਿੱਲੜ ਕਮਾਉਣ ਪਿੱਛੇ ਤੇ ਚਾਰ ਵੋਟਾਂ ਪਿੱਛੇ ਘਰ-ਘਰ ਤੱਕ ਨਸ਼ਾ ਵਿਕਵਾ ਦਿੱਤਾ। ਚਾਰ ਪੈਸਿਆਂ ਤੇ ਚਾਰ ਟੁੱਕਾਂ ਪਿੱਛੇ ਨਸ਼ੇ ਦਾ ਵਪਾਰ ਕਰਨ ਲੱਗ ਪਏ। ਲੋਕਾਂ ਦੇ ਘਰਾਂ ਵਿੱਚ ਚਿੱਟਾ ਸੱਥਰ

ਵਿਛਾ ਕੇ ਉਸ ਪੈਸੇ ਦੇ ਨਾਲ ਆਪਣੇ ਟੱਬਰਾਂ ਦੇ ਲਈ ਐਸ਼ੋ-ਆਰਾਮ ਪਾਉਣ ਲੱਗ ਗਏ। ਕੀ ਇਹ ਲੋਕ ਬਖਸ਼ੇ ਜਾਣਗੇ? ਤੁਸੀਂ ਇੱਕ ਗੱਲ ਦਾ ਜਵਾਬ ਦਿਉ, ਕੀ ਇਹ ਅਕਾਲ ਪੁਰਖ ਦੀ ਕਚਹਿਰੀ, ਪ੍ਰਮਾਤਮਾ ਦੀ ਕਚਹਿਰੀ ਵਿੱਚ ਬਖਸ਼ੇ ਜਾਣਗੇ? ਇਨ੍ਹਾਂ ਦਾ ਕੀ ਹਸ਼ਰ ਹੋਵੇਗਾ? ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਕਹਿ ਕੇ ਗਏ ਹਨ ਕਿ ਜਿੱਥੇ ਅਮਲਾਂ ਦੇ ਨਬੇੜੇ ਹੋਣੇ ਹਨ, ਉਥੇ ਜ਼ਾਤ-ਪਾਤ ਕਿਸੇ ਨੇ ਨਹੀਂ ਪੁੱਛਣੀ।

ਸਰ, ਇਸ ਤੋਂ ਇਲਾਵਾ, ਮੈਨੂੰ ਬਾਬਾ ਫਰੀਦ ਜੀ, ਸਤਿਕਾਰਯੋਗ ਮਹਾਂਪੁਰਖਾਂ ਦੀ ਇੱਕ ਗੱਲ ਯਾਦ ਆਉਂਦੀ ਹੈ। ਬਾਬਾ ਫਰੀਦ ਜੀ ਇੱਕ ਵਾਰ ਪਾਕਪਟਨ ਤੋਂ ਚੱਲੇ ਤੇ ਖਵਾਜ਼ਾ ਮੋਇਨੂਦੀਨ ਚਿਸ਼ਤੀ ਸਾਹਿਬ ਕੋਲ ਅਜਮੇਰ ਸ਼ਰੀਫ ਪਹੁੰਚੇ। ਖਵਾਜ਼ਾ ਸਾਹਿਬ ਨੇ ਕਿਹਾ ਕਿ ਕਿਵੇਂ ਆਉਣਾ ਹੋਇਆ? ਬਾਬਾ ਫਰੀਦ ਜੀ ਕਹਿੰਦੇ ਕਿ ਮਨੋਦਸ਼ਾ ਦੇ ਵਿੱਚ ਤੂਫਾਨ ਚੱਲ ਰਿਹਾ ਹੈ ਅਤੇ ਸਮਝ ਨਹੀਂ ਆਉਂਦੀ ਕਿ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ। ਮੈਨੂੰ ਰਾਹ ਪਾਉ ਤੇ ਜੀਵਨ ਜਿਊਣ ਦੀ ਜਾਚ ਦੱਸੋ। ਖਵਾਜ਼ਾ ਸਾਹਿਬ ਕਹਿਣ ਲੱਗੇ ਕਿ ਇੱਕ ਕੰਮ ਕਰ, ਉਹ ਸਾਹਮਣੇ ਪਿੰਜਰੇ ਵਿੱਚ ਕਬੂਤਰ ਦੇਖ ਰਿਹਾ ਹੈ, ਉਸ ਨੂੰ ਕੱਢ। ਛੁਰੀ ਫੜਾ ਦਿੱਤੀ ਤੇ ਕਹਿਣ ਲੱਗੇ ਕਿ ਜਾਹ ਫਰੀਦ, ਇਸ ਨੂੰ ਉੱਥੇ ਜ਼ਿਬਾਹ ਕਰਕੇ ਆ, ਜਿੱਥੇ ਕੋਈ ਦੇਖਦਾ ਨਾ ਹੋਵੇ। ਫਰੀਦ ਸਾਹਿਬ ਕਹਿੰਦੇ ਕਿ ਕੀ ਇਸ ਨਾਲ ਮੈਨੂੰ ਗਿਆਨ ਹੋ ਜਾਵੇਗਾ? ਉਹ ਕਹਿਣ ਲੱਗੇ ਕਿ ਹਾਂ, ਤੈਨੂੰ ਗਿਆਨ ਦੇ ਦਿਆਂਗੇ। ਫਰੀਦ ਸਾਹਿਬ ਨੇ ਕਬੂਤਰ ਚੁੱਕਿਆ, ਛੁਰੀ ਚੁੱਕੀ, ਖਵਾਜ਼ਾ ਸਾਹਿਬ ਦੀ ਜਗ੍ਹਾ ਤੋਂ ਬਾਹਰ ਨਿਕਲ ਕੇ ਸੋਚਿਆ ਕਿ ਹੁਣ ਇੱਥੇ ਕੋਈ ਨਹੀਂ ਹੈ, ਇੱਥੇ ਜ਼ਿਬਾਹ ਕਰ ਦਿੰਦਾ ਹਾਂ। ਵੇਖਿਆ ਉੱਥੇ ਪੰਛੀ/ਪਰਿੰਦੇ ਉੱਡੇ ਫਿਰਦੇ ਸਨ। ਫਰੀਦ ਸਾਹਿਬ ਕਹਿੰਦੇ ਕਿ ਸਾਨੂੰ ਤਾਂ ਕਿਹਾ ਗਿਆ ਸੀ ਕਿ ਕਬੂਤਰ ਨੂੰ ਉੱਥੇ ਜ਼ਿਬਾਹ ਕਰਕੇ ਆ ਜਿੱਥੇ ਕੋਈ ਵੀ ਦੇਖਦਾ ਨਾ ਹੋਵੇ। ਇੱਥੇ ਤਾਂ ਪੰਛੀ ਦੇਖਦੇ ਹਨ। ਉੱਥੋਂ ਉਹਲੇ ਗਏ ਤਾਂ ਪੇੜ ਦੇ ਥੱਲੇ ਜਦੋਂ ਜ਼ਿਬਾਹ ਕਰਨ ਲੱਗੇ ਤਾਂ ਦੇਖਿਆ ਪੇੜ ਤੇ ਆਲ੍ਹਣੇ ਪਏ ਹੋਏ ਸਨ। ਉਹ ਸੋਚਦੇ ਹਨ ਇੱਥੇ ਆਲ੍ਹਣੇ ਹਨ, ਕੀੜੇ ਫਿਰਦੇ ਹਨ, ਇੱਥੇ ਵੀ ਕੋਈ ਦੇਖਦਾ ਹੈ, ਇੱਥੇ ਨਹੀਂ ਜ਼ਿਬਾਹ ਕਰ ਸਕਦਾ। ਫਿਰ ਇੱਕ ਤਹਿਖਾਨੇ ਗਏ। ਉਥੇ ਹਨੇਰੇ ਵਿੱਚ ਜਦੋਂ ਜ਼ਿਬਾਹ ਕਰਨ ਲੱਗੇ, ਉਥੇ ਬਿੱਲੀ ਨੇ ਬਲੂੰਗੜੇ ਦਿੱਤੇ ਹੋਏ ਸਨ। ਉਨ੍ਹਾਂ ਦੀਆਂ ਅੱਖਾਂ ਚਮਕਦੀਆਂ ਸਨ, ਉਨ੍ਹਾਂ ਨੇ ਦੇਖਿਆ ਕਿ ਇੱਥੇ ਵੀ ਕੋਈ ਦੇਖਦਾ ਹੈ। ਇੱਥੇ ਨਹੀਂ ਜ਼ਿਬਾਹ ਕਰ ਸਕਦਾ। ਫਿਰ ਫਰੀਦ ਜੀ ਇੱਕ ਅਲੱਗ ਹਨੇਰਨੁੰਮਾ ਕਮਰੇ ਵਿੱਚ ਗਏ ਤਾਂ ਜਦੋਂ ਕਬੂਤਰ ਤੇ ਛੁਰੀ ਫੇਰਨ ਲੱਗੇ ਤਾਂ ਕੀ ਦੇਖਦੇ ਹਨ ਕਿ ਕਬੂਤਰ ਉਨ੍ਹਾਂ ਨੂੰ ਦੇਖ ਰਿਹਾ ਹੈ। ਫਿਰ ਉਨ੍ਹਾਂ ਇੱਕ ਕੱਪੜਾ ਪਾੜਿਆ ਤੇ ਕਬੂਤਰ ਦੀਆਂ ਅੱਖਾਂ ਤੇ ਬੰਨ੍ਹ ਦਿੱਤਾ। ਜਦੋਂ ਜ਼ਿਬਾਹ ਕਰਨ ਲੱਗੇ ਤਾਂ ਸੋਚਦੇ ਹਨ ਕਿ ਹੁਣ ਮੈਂ ਕਬੂਤਰ ਨੂੰ ਦੇਖ ਰਿਹਾ ਹਾਂ। ਇੱਥੇ ਵੀ ਨਹੀਂ ਜ਼ਿਬਾਹ ਕਰ ਸਕਦਾ। ਫਿਰ ਆਪਣੀਆਂ ਅੱਖਾਂ ਤੇ ਪੱਟੀ ਬੰਨ੍ਹ ਲਈ ਤੇ ਜ਼ਿਬਾਹ ਕਰਨ ਲੱਗੇ ਤਾਂ ਛੁਰੀ ਨਹੀਂ ਚੱਲੀ ਕਿਉਂਕਿ ਫਿਰ ਉਨ੍ਹਾਂ ਦੇ ਮਨ ਦੇ ਅੰਦਰ ਦੀ ਅੱਖ, ਜਿਹੜੀ ਖੁੱਲ੍ਹੀ ਸੀ, ਉਹ ਵੇਖ ਰਹੀ ਸੀ ਕਿ ਫਰੀਦ ਜੋ ਤੂੰ ਕਰਨ ਲੱਗਿਆ ਹੈਂ, ਉਹ ਗਲਤ ਹੈ। ਉਸੇ ਤਰ੍ਹਾਂ ਕਸ਼ਮਕਸ਼ ਵਿੱਚ ਕਬੂਤਰ ਦੀ ਪੱਟੀ ਖੋਲ੍ਹੀ, ਆਪਣੀ ਪੱਟੀ ਖੋਲ੍ਹੀ, ਕਬੂਤਰ ਜਿਉਂਦਾ ਚੁੱਕਿਆ, ਛੁਰੀ ਚੁੱਕੀ ਤੇ ਜਾ ਕੇ ਖਵਾਜ਼ਾ ਸਾਹਿਬ ਦੇ ਅੱਗੇ ਰੱਖ ਦਿੱਤੀ। ਬਾਬਾ ਫਰੀਦ ਜੀ ਕਹਿੰਦੇ ਕਿ ਖਵਾਜਾ ਸਾਹਿਬ, ਮੈਨੂੰ ਇਸ ਧਰਤੀ ਉੱਤੇ, ਇਸ ਜਹਾਨ ਉੱਤੇ ਇੱਕ ਵੀ ਅਜਿਹੀ ਜਗ੍ਹਾ ਨਹੀਂ ਲੱਭੀ, ਜਿੱਥੇ ਕੋਈ ਦੇਖਦਾ ਨਾ ਹੋਵੇ। ਖਵਾਜਾ ਜੀ ਕਹਿੰਦੇ, ਕੀ ਤੈਨੂੰ ਅਜਿਹੀ ਇੱਕ ਵੀ ਜਗ੍ਹਾ ਨਹੀਂ ਲੱਭੀ, ਜਿੱਥੇ ਕੋਈ ਦੇਖਦਾ ਨਾ ਹੋਵੇ। ਉਹ ਕਹਿੰਦੇ ਮੈਂ ਸਭ ਕੁਝ ਕਰਕੇ ਦੇਖ ਲਿਆ, ਮੈਨੂੰ ਮੇਰੇ ਅੰਦਰ ਬੈਠੀ ਅੱਖ ਦੇਖ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਨੇ ਨਸ਼ਿਆਂ ਦੀ ਸੌਦਾਗਰੀ ਕੀਤੀ ਹੈ, ਯਕੀਨ ਮੰਨਣਾ ਕਿ ਇਹ ਕਬੂਤਰ ਦੀਆਂ ਅੱਖਾਂ ਤੇ ਪੱਟੀ ਬੰਨ੍ਹ ਸਕਦੇ ਹਨ, ਇਹ ਆਪਣੀਆਂ ਅੱਖਾਂ ਤੇ ਪੱਟੀ ਬੰਨ੍ਹ ਸਕਦੇ ਹਨ ਪਰ ਪ੍ਰਮਾਤਮਾ ਸਭ ਦੇਖ ਰਿਹਾ ਹੈ। ਆਪਣੇ ਦਿਲ ਤੇ ਪੱਟੀ ਕਿਵੇਂ ਬੰਨ੍ਹੋਗੇ? ਸਰ, ਅੱਜ ਪਿੰਡਾਂ ਵਿੱਚ ਜਾ ਕੇ ਦੇਖਿਉ ਕਿ ਕੀ

ਹਾਲਾਤ ਹਨ ਅਤੇ ਪਹਿਲਾਂ ਕੀ ਸਨ। ਸਰ, ਪਿੱਛੇ ਜਿਹੇ ਸਾਡੀ ਆਮ ਆਦਮੀ ਪਾਰਟੀ ਨੇ ਸਰਵੇ ਕਰਵਾਇਆ ਹੈ। ਅਸੀਂ 7,000 ਪਿੰਡਾਂ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਦੇ ਕੈਂਪ ਲਗਾਏ। ਸਾਡੇ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੇ ਉਥੇ ਜਾ ਕੇ ਪਲੈੱਜ ਕਰਵਾਈ ਅਤੇ ਸ਼ਪਥ ਦੁਆਈ ਕਿ ਅਸੀਂ ਆਪਣਾ ਪਿੰਡ ਨਸ਼ਾ ਮੁਕਤ ਕਰਾਂਗੇ। ਮੈਂ ਸਾਰੇ ਮਾਣਯੋਗ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਅਤੇ ਪੂਰੇ ਸਦਨ ਨੂੰ ਖੁਸ਼ੀ ਹੋਵੇਗੀ ਕਿ ਉਸ ਦਾ ਨਤੀਜਾ ਇਹ ਨਿਕਲਿਆ ਕਿ 7,000 ਪਿੰਡਾਂ ਵਿੱਚੋਂ 4,500 ਪਿੰਡ ਟੋਟਲ ਨਸ਼ਾ ਮੁਕਤ ਹੋ ਚੁੱਕਿਆ ਹੈ ਭਾਵ ਉੱਥੇ ਨਸ਼ਾ ਖਤਮ ਹੋ ਚੁੱਕਾ ਹੈ। (ਥੰਪਿੰਗ)

**ਸ੍ਰੀ ਅਵਤਾਰ ਸਿੰਘ ਜੂਨੀਅਰ** (ਬਿਨਾ ਮਾਈਕ ਤੋਂ) : ਉਨ੍ਹਾਂ ਪਿੰਡਾਂ ਦੀ ਲਿਸਟ ਦੇ ਦਿਉ। (ਵਿਘਨ)

**ਮਾਣਯੋਗ ਡਿਪਟੀ ਸਪੀਕਰ** : ਭੇਜ ਦਿਆਂਗੇ ਜੀ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ।)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਪੰਜਾਬ ਦੀ ਸੁੱਖ ਮਨਾਉ ਤੇ ਤਾੜੀਆਂ ਮਾਰੋ। ਅਸੀਂ ਕੰਮ ਕਰਨ ਲੱਗੇ ਹੋਏ ਹਾਂ, ਨਸ਼ਾ ਮੁਕਾਉਣ ਲੱਗੇ ਹੋਏ ਹਾਂ। ਗੰਦ ਤੁਹਾਡਾ ਪਾਇਆ ਹੋਇਆ ਹੈ ਅਤੇ ਅਸੀਂ ਸੰਵਾਰਨ ਲੱਗੇ ਹੋਏ ਹਾਂ। (ਵਿਘਨ) (ਸ਼ੋਰ) ਤੁਹਾਨੂੰ ਪਿੰਡਾਂ ਦੀ ਲਿਸਟ ਵੀ ਦੇ ਦਿਆਂਗੇ। ਤੁਸੀਂ ਇੱਕ ਵਾਰੀ ਪਿੰਡਾਂ ਵਿੱਚ ਜਾ ਆਇਓ, ਇੱਕ ਵਾਰ ਗੇੜਾ ਕੱਢ ਆਇਓ। ਕਈਆਂ ਨੇ ਤਾਂ ਪਿੰਡਾਂ ਦੇ ਬਾਹਰ ਬੋਰਡ ਵੀ ਲਗਾ ਦਿੱਤੇ ਕਿ ਸਾਡਾ ਪਿੰਡ 100% ਨਸ਼ਾ ਮੁਕਤ ਹੋ ਚੁੱਕਾ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : **

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਕੋਈ ਗੱਲ ਨਹੀਂ। ਇਨ੍ਹਾਂ ਦੀ ਇਨ੍ਹਾਂ ਨੂੰ ਮੁਬਾਰਕ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿਚ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫ਼ੀ ਸ਼ੋਰ ਸੀ।)

**ਮਾਣਯੋਗ ਡਿਪਟੀ ਸਪੀਕਰ** : ਹਾਊਸ ਨੂੰ ਚੱਲਣ ਦਿਉ। (ਵਿਘਨ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਸਰ, ਸਾਡੀ ਇਹ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਹਾਲੇ ਮੁੱਕੀ ਨਹੀਂ ਹੈ। ਇਹ ਮੁਹਿੰਮ ਜਾਰੀ ਹੈ।(ਵਿਘਨ, ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਮੈਂਬਰ ਸਾਹਿਬ, ਪਲੀਜ਼ ਬੈਠੋ। ਗਿਆਸਪੁਰਾ ਜੀ ਤੇ ਸ੍ਰੀ ਅਵਤਾਰ ਸਿੰਘ ਜੂਨੀਅਰ ਜੀ ਤੁਸੀਂ ਬੈਠੋ।

---

** Expunged as ordered by the Chair.

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਸਰ, ਮੈਂ, ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਤਾਰੀਫ਼ ਕਰਨੀ ਚਾਹੁੰਦਾ ਹਾਂ । (ਵਿਘਨ) (ਸ਼ੋਰ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸਣ ਲੱਗ ਪਏ, ਜਿਸ ਕਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : **

**ਸ੍ਰੀ ਅਵਤਾਰ ਸਿੰਘ ਜੂਨੀਅਰ** : **

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਇੱਕ ਮਿੰਟ ਮੇਰੀ ਗੱਲ ਸੁਣ ਲਓ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਮੰਤਰੀ ਸਾਹਿਬ, ਇੱਕ ਮਿੰਟ ਦਿਉ। (ਵਿਘਨ) (ਸ਼ੋਰ) ਮੈਂ ਬੇਨਤੀ ਕਰਾਂਗਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਲਗਾਤਾਰ ਆਪਸ ਵਿੱਚ ਬਹਿਸ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : **

**ਸ੍ਰੀ ਅਵਤਾਰ ਸਿੰਘ ਜੂਨੀਅਰ** : **

**ਮਾਣਯੋਗ ਡਿਪਟੀ ਸਪੀਕਰ (ਗੇਵਲ ਮਾਰਦੇ ਹੋਏ)** : ਹਾਊਸ ਦੀ ਮਰਿਆਦਾ ਰੱਖਣਾ ਸਾਡਾ ਫਰਜ਼ ਹੈ। (ਵਿਘਨ) (ਸ਼ੋਰ) ਹੈਨਰੀ ਸਾਹਿਬ, ਕੀ ਤੁਹਾਡੇ ਬੋਲਣ ਦਾ ਇਹ ਕੋਈ ਤਰੀਕਾ ਹੈ? (ਵਿਘਨ, ਸ਼ੋਰ) ਕੀ ਇਹ ਤਰੀਕਾ ਸਹੀ ਹੈ? ਤੁਸੀਂ ਬੈਠੋ, ਪਲੀਜ਼ ਬੈਠੋ।

**ਮਾਲ, ਮੁੜ ਵਸੇਬਾ ਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ)** : ਕੀ ਤੁਸੀਂ ਗਾਲ੍ਹ ਕੱਢੀ ਹੈ?

**ਸ੍ਰੀ ਅਵਤਾਰ ਸਿੰਘ ਜੂਨੀਅਰ** : ਹਾਂ ਕੱਢੀ ਹੈ। (ਵਿਘਨ, ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਇਸ ਪਵਿੱਤਰ ਹਾਊਸ ਵਿੱਚ ਤੁਸੀਂ ਗਾਲ੍ਹ ਕੱਢੀ ਹੈ। ਕੀ ਤੁਸੀਂ ਮੰਨਦੇ ਹੋ? (ਵਿਘਨ) (ਸ਼ੋਰ)

---

** Expunged as ordered by the Chair.

**ਸ੍ਰੀ ਅਵਤਾਰ ਸਿੰਘ ਜੂਨੀਅਰ** : ਹਾਂ ਜੀ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਆਪਸ ਵਿੱਚ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਡਿਪਟੀ ਸਪੀਕਰ** : ਕੀ ਇਹ ਚੰਗੀ ਗੱਲ ਹੈ? (ਵਿਘਨ) (ਸ਼ੋਰ) ਕੀ ਤੁਸੀਂ ਇਸ ਪਵਿੱਤਰ ਹਾਊਸ ਵਿੱਚ ਗਾਲ੍ਹਾਂ ਕੱਢਣ ਆਏ ਹੋ? (ਵਿਘਨ) (ਸ਼ੋਰ) ਤੁਸੀਂ ਇਸ ਹਾਊਸ ਵਿੱਚ ਗਾਲ੍ਹਾਂ ਕੱਢਣ ਆਏ ਹੋ? ਹੈਨਰੀ ਸਾਹਿਬ, ਇੱਕ ਮਿੰਟ, ਚੇਅਰ ਨੂੰ ਜਵਾਬ ਦਿਉ। ਕੀ ਤੁਸੀਂ ਗਾਲ੍ਹ ਕੱਢੀ ਹੈ?

**ਸ੍ਰੀ ਅਵਤਾਰ ਸਿੰਘ ਜੂਨੀਅਰ** : ਮੈਂ ਮੰਨਦਾ ਹਾਂ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਬਾਜਵਾ ਸਾਹਿਬ, ਕੀ ਇਹ ਡੈਕੋਰਮ ਠੀਕ ਹੈ? (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਡਿਪਟੀ ਸਪੀਕਰ ਸਾਹਿਬ, ਇੱਕ ਮਿੰਟ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਇੱਕ ਮਿੰਟ ਸੁਣਨ ਦਿਉ। ਬਾਜਵਾ ਸਾਹਿਬ ਦੀ ਗੱਲ ਸੁਣਨ ਦਿਉ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਇਹ ਬੜਾ ਅਨਫਾਰਚੂਨੇਟ ਹੈ। ਮੈਂ ਸਾਰੇ ਹੀ ਸਾਥੀਆਂ ਨੂੰ ਬੇਨਤੀ ਕਰਾਂਗਾ ਕਿ ਬਹਿਸ ਨੂੰ ਪਰਸਨਲਾਈਜ਼ ਨਾ ਕਰੋ। ਜਿਹੜਾ ਅੱਜ ਦਾ ਮੁੱਦਾ ਹੈ, ਬੜਾ ਗੰਭੀਰ ਹੈ ਅਤੇ ਆਪਾਂ ਉਸ ਤੇ ਰਹੀਏ। ਪਰਸਨਲਾਈਜ਼ਡ ਅਟੈਕ ਨਾ ਕਰੀਏ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਲਗਾਤਾਰ ਆਪਸ ਵਿੱਚ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਉਨ੍ਹਾਂ ਨੇ ਗਾਲ੍ਹ ਕੱਢੀ ਹੈ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ (ਗੇਵਲ ਮਾਰਦੇ ਹੋਏ)** : ਮੰਤਰੀ ਸਾਹਿਬ, ਮੈਂ ਗੱਲ ਕਰ ਰਿਹਾ ਹਾਂ, ਤੁਸੀਂ ਵਿੱਚ ਕਿਉਂ ਬੋਲ ਰਹੇ ਹੋ? ਮੈਨੂੰ ਗੱਲ ਕਰਨ ਦਿਉ। (ਵਿਘਨ) (ਸ਼ੋਰ) ਮੈਨੂੰ ਗੱਲ ਕਰਨ ਦਿਉ। ਪਲੀਜ਼, ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਡਿਪਟੀ ਸਪੀਕਰ ਸਾਹਿਬ, ਕਿਸੇ ਸਾਥੀ ਵੱਲੋਂ ਕਿਸੇ ਦੂਸਰੇ ਸਾਥੀ ਦੇ ਪਰਿਵਾਰ ਤੇ ਕਿਸੇ ਕਿਸਮ ਦਾ ਐਲੀਗੇਸ਼ਨ ਲਗਾਇਆ ਗਿਆ, ਇਹ ਗਾਲ੍ਹ ਨਾਲੋਂ ਵੱਡੀ ਚੀਜ਼ ਹੈ। ਅੱਜ ਦੇ ਦਿਨ ਤੁਸੀਂ ਮੈਂਬਰ ਆਫ ਹਾਊਸ ਨੂੰ ਕਹੋ ਕਿ ਤੁਸੀਂ ਚਿੱਟਾ ਵੇਚਦੇ ਹੋ, ਇਹ ਠੀਕ ਨਹੀਂ ਹੈ।

**ਮਾਣਯੋਗ ਡਿਪਟੀ ਸਪੀਕਰ** : ਬਾਜਵਾ ਸਾਹਿਬ, ਕਿਸੇ ਨੇ ਕਿਸੇ ਨੂੰ by name ਨਹੀਂ ਕਿਹਾ ਹੈ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕਿਹਾ ਹੈ ਜੀ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਨਹੀਂ ਕਿਹਾ ਜੀ। (ਵਿਘਨ) (ਸ਼ੋਰ) By name ਨਹੀਂ ਕਿਹਾ ਹੈ। ਦੱਸੋ, ਕਿਸ ਨੇ ਕਿਹਾ ਹੈ? By name ਨਹੀਂ ਕਿਹਾ ਹੈ (ਵਿਘਨ) (ਸ਼ੋਰ) ਪਰ ਇਨ੍ਹਾਂ ਨੇ ਇਹ ਮੰਨਿਆ ਕਿ ਮੈਂ ਹਾਊਸ ਵਿੱਚ ਗਾਲ੍ਹ ਕੱਢੀ ਹੈ, ਤੁਸੀਂ ਦੱਸੋ ਕਿ ਲੋਕਾਂ ਨੇ ਚੁਣ ਕੇ ਭੇਜਿਆ ਹੈ ਤਾਂ ਕੀ ਗਾਲ੍ਹਾਂ ਕੱਢਣ ਲਈ ਭੇਜਿਆ ਹੈ? (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਇਹ ਚੰਗੀ ਗੱਲ ਨਹੀਂ ਹੈ ਪਰ ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਬੜੀ ਇੰਪਾਰਟੈਂਟ ਚਰਚਾ ਹੈ, ਇਸ ਨੂੰ ਥੋੜ੍ਹਾ ਜਿਹਾ ਸੁਚੱਜੇ ਢੰਗ ਨਾਲ ਚੱਲਣ ਦੇਈਏ।

**ਮਾਣਯੋਗ ਡਿਪਟੀ ਸਪੀਕਰ** : ਪਰ ਜੇ ਰਨਿੰਗ ਕੁਮੈਂਟਰੀ ਚੱਲੇਗੀ ਤਾਂ ਕੰਮ ਕਿਵੇਂ ਚੱਲੇਗਾ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਐਲੀਗੇਸ਼ਨ ਨਹੀਂ ਲਗਾਉਣਾ ਚਾਹੀਦਾ ਸੀ।

**ਮਾਣਯੋਗ ਡਿਪਟੀ ਸਪੀਕਰ**: ਸੌਂਦ ਸਾਹਿਬ ਬੋਲ ਰਹੇ ਹਨ ਤਾਂ ਵਿੱਚ ਇੰਟਰੱਪਟ ਕਰਨ ਦੀ ਕੀ ਲੋੜ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਜੇ ਆਪਾਂ ਲਛਮਣ ਰੇਖਾ ਵਿੱਚ ਰਹਿ ਕੇ ਇਸ ਬਹਿਸ ਨੂੰ ਚਲਾਵਾਂਗੇ ਤਾਂ ਫਾਇਦੇਮੰਦ ਹੋਵੇਗਾ।

**ਮਾਣਯੋਗ ਡਿਪਟੀ ਸਪੀਕਰ**: ਉਨ੍ਹਾਂ ਨੇ ਪੰਜ ਵਾਰੀ ਕਹਿ ਦਿੱਤਾ ਹੈ ਕਿ ਮੈਂ ਗਾਲ੍ਹ ਕੱਢੀ ਹੈ। ਕੀ ਇਹ ਚੰਗੀ ਗੱਲ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਉਨ੍ਹਾਂ (ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਵੱਲ ਇਸ਼ਾਰਾ) ਨੇ ਇਨ੍ਹਾਂ ਤੇ ਚਿੱਟੇ ਦਾ ਇਲਜ਼ਾਮ ਲਗਾਇਆ ਸੀ।

**ਮਾਣਯੋਗ ਡਿਪਟੀ ਸਪੀਕਰ**: ਕੀ ਬਾਇ ਨੇਮ ਕਿਹਾ ਸੀ? ਦੱਸੋ, ਕੀ ਬਾਇ ਨੇਮ ਕਿਹਾ ਸੀ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਹਾਂ ਜੀ, ਕਿਹਾ ਸੀ।

**ਮਾਣਯੋਗ ਡਿਪਟੀ ਸਪੀਕਰ**: ਬਿਲਕੁਲ ਬਾਇ ਨੇਮ ਨਹੀਂ ਕਿਹਾ ਸੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਨ੍ਹਾਂ ਨਾਲ ਹੀ ਬਹਿਸ ਹੋ ਰਹੀ ਸੀ।

**ਮਾਣਯੋਗ ਡਿਪਟੀ ਸਪੀਕਰ**: ਨਹੀਂ, ਇਨ੍ਹਾਂ ਨਾਲ ਬਹਿਸ ਨਹੀਂ ਹੋ ਰਹੀ ਸੀ, ਉਹ ਚੇਅਰ ਨੂੰ ਐਡਰੈੱਸ ਕਰ ਰਹੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੇਰੀ ਬੇਨਤੀ ਸੁਣੋ, ਮੈਂ ਸੀਨੀਅਰ ਹਾਂ। ਮੈਂ ਸਾਰੇ ਹਾਊਸ ਨੂੰ ਇਸ ਗੱਲ ਦੀ ਰਿਕੁਐਸਟ ਕਰਦਾ ਹਾਂ ਕਿ ਜੇ ਇਨ੍ਹਾਂ ਵੱਲੋਂ ਜਾਂ ਉਨ੍ਹਾਂ ਵੱਲੋਂ ਕੋਈ ਗੱਲ ਹੋ ਗਈ ਹੋਵੇ ਤਾਂ ਉਸ ਨੂੰ ਵਿਦਡਰਾਅ ਕੀਤਾ ਜਾਵੇ ਕਿਉਂਕਿ ਇਹ ਬੜਾ ਇੰਪਾਰਟੈਂਟ ਇਸ਼ੂ ਹੈ ਤੇ ਇਸ ਤੇ ਸ਼ਾਂਤੀ ਨਾਲ ਚਰਚਾ ਕੀਤੀ ਜਾਵੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਲਗਾਤਾਰ ਬਿਨਾ ਇਜਾਜ਼ਤ ਬੋਲ ਰਹੇ ਸਨ। )

**ਮਾਣਯੋਗ ਡਿਪਟੀ ਸਪੀਕਰ**: ਗਿਆਸਪੁਰਾ ਸਾਹਿਬ, ਤੁਹਾਡਾ ਟਾਈਮ ਆਉਣ ਲੱਗਿਆ ਹੈ, ਇਨ੍ਹਾਂ ਤੋਂ ਬਾਅਦ ਤੁਸੀਂ ਬੋਲਣਾ ਹੈ। ਬੈਠੋ ਪਲੀਜ਼, ਇਨ੍ਹਾਂ ਤੋਂ ਬਾਅਦ ਆਪਣੀ ਤਿਆਰੀ ਕਰ ਲਓ, ਜੋ ਮਰਜ਼ੀ ਬੋਲਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਮੇਰੀ ਰਿਕੁਐਸਟ ਹੈ ਕਿ ਇਹ ਸ਼ਬਦ ਸਾਰੀ ਬਹਿਸ ਵਿੱਚੋਂ ਐਕਸਪੰਜ ਕੀਤੇ ਜਾਣ। ਚੰਗਾ ਨਹੀਂ ਲਗਦਾ ਹੈ, ਮੇਰੀ ਗੁਜ਼ਾਰਿਸ਼ ਹੈ।

**ਮਾਣਯੋਗ ਡਿਪਟੀ ਸਪੀਕਰ**: ਇੱਕ ਮਿੰਟ, ਬੈਠੋ ਪਲੀਜ਼। ਮੈਂ ਤੁਹਾਡੀ ਗੱਲ ਮੰਨਦਾ ਹਾਂ। ਜੋ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲਿਆ ਗਿਆ ਹੈ, ਉਹ ਰਿਕਾਰਡ ਉਤੇ ਨਾ ਲਿਆਂਦਾ ਜਾਵੇ । ਮੇਰੀ ਇੱਕ ਬੇਨਤੀ ਜ਼ਰੂਰ ਹੈ ਕਿ ਸਾਨੂੰ ਲੋਕਾਂ ਨੇ ਬੜੀਆਂ ਆਸਾਂ ਨਾਲ ਚੁਣ ਕੇ ਭੇਜਿਆ ਹੈ ਪਰ ਅਸੀਂ ਲੋਕਾਂ ਨੂੰ ਆਪਣਾ ਅੰਦਰਲਾ ਨਾ ਦਿਖਾਈਏ ਕਿ ਅਸੀਂ ਅੰਦਰੋਂ ਕੀ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਬਿਲਕੁਲ ਠੀਕ ਹੈ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਸਾਡੇ ਦੋ ਮੈਂਬਰਾਂ ਦੇ ਵਿੱਚ ਜੋ ਇਹ ਮਾਹੌਲ ਬਣਿਆ ਹੈ।

**ਮਾਣਯੋਗ ਡਿਪਟੀ ਸਪੀਕਰ**: ਤੁਸੀਂ ਚੇਅਰ ਨੂੰ ਐਡਰੈੱਸ ਕਰੋ, ਮਾਹੌਲ ਠੀਕ ਰਹਿਣਾ ਹੈ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਆਪਣੀ ਜਿਹੜੀ ਲੈਅ ਬਣੀ ਹੋਈ ਸੀ, ਉਹ ਟੁੱਟ ਗਈ ਪਰ ਫਿਰ ਵੀ ਮੈਂ ਉੱਥੋਂ ਕੰਟੀਨਿਊ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਜਿਹੜਾ ਪੈਸਾ ਹੁੰਦਾ ਹੈ, ਉਹ ਮਨੁੱਖ ਨੂੰ ਅੰਨ੍ਹਾ ਕਰ ਦਿੰਦਾ ਹੈ।

**ਮਾਣਯੋਗ ਡਿਪਟੀ ਸਪੀਕਰ**: ਕਨਕਲੂਡ ਕਰ ਲਓ, ਤੁਹਾਡਾ ਕਾਫੀ ਟਾਈਮ ਹੋ ਗਿਆ ਹੈ। ਗੱਲ ਨੇੜੇ ਹੀ ਲਗਾ ਦਿਓ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਹਾਂ ਜੀ, ਨੇੜੇ ਹੀ ਲਗਾ ਰਿਹਾ ਹਾਂ ਜੀ। ਮੇਰਾ ਤਾਂ ਕੁਝ ਟਾਈਮ ਇਹ ਖਾ ਗਏ ਜੀ। ਪੈਸਾ ਮਨੁੱਖ ਨੂੰ ਅੰਨ੍ਹਾ ਕਰ ਦਿੰਦਾ ਹੈ। ਤੁਸੀਂ ਇਹ ਦੇਖੋ ਕਿ ਪੈਸੇ ਦੇ ਚੱਕਰ ਨਾਲ ਤਾਕਤ ਨੂੰ ਖਪਾਉਣਾ-ਪਚਾਉਣਾ ਬਹੁਤ ਔਖਾ ਹੈ। ਇਹ ਸਾਰਾ ਰੌਲਾ ਘੁੰਮ-ਘੁੰਮਾ ਕੇ ਇੱਥੇ ਆਉਂਦਾ ਹੈ ਕਿ ਚਿੱਟਾ ਵਿਕਾਉਣਾ, ਗੁਰੂ ਮਹਾਰਾਜ ਦੀਆਂ ਬੇਅਦਬੀਆਂ ਕਰਵਾਉਣੀਆਂ, ਸਵਾਂਗ ਰਚਣ ਵਾਲਿਆਂ ਨੂੰ ਘਰੇ ਬੈਠਿਆਂ ਨੂੰ ਹੀ ਮਾਫੀਆਂ ਦੇਣੀਆਂ, ਫਿਰ ਘਰੇ

ਬੈਠ ਕੇ ਜਥੇਦਾਰਾਂ ਦੀਆਂ ਨਿਯੁਕਤੀਆਂ ਕਰ ਦੇਣੀਆਂ। ਕੀ ਇਨ੍ਹਾਂ ਕੋਲ ਵੋਟਾਂ ਲੈਣ ਦਾ ਹੋਰ ਕੋਈ ਤਰੀਕਾ ਨਹੀਂ ਸੀ? ਇਹ ਸਾਰੀ ਰਾਜਨੀਤੀ ਵੋਟਾਂ ਲਈ ਕਰਦੇ ਆਏ ਹਨ। ਫਰਕ ਇੰਨਾ ਸੀ ਕਿ ਪਹਿਲਾਂ ਵਿਕਲਪ ਕੋਈ ਨਹੀਂ ਸੀ ਪਹਿਲਾਂ "ਉਤਰ ਕਾਟੋ ਹੁਣ ਮੈਂ ਚੜ੍ਹਾਂ" ਵਾਲਾ ਹਾਲ ਸੀ। ਅਕਾਲੀ ਉਤਰਦੇ ਸੀ ਤਾਂ ਕਾਂਗਰਸੀ ਚੜ੍ਹਦੇ ਸੀ ਤੇ ਕਾਂਗਰਸੀ ਉਤਰਦੇ ਸੀ ਤਾਂ ਅਕਾਲੀ ਚੜ੍ਹਦੇ ਸੀ। ਹੁਣ ਫਰਕ ਕੀ ਪੈ ਗਿਆ ਹੈ, ਹੁਣ ਪੰਜਾਬ ਦੇ ਲੋਕਾਂ ਨੂੰ ਵਿਕਲਪ ਮਿਲ ਗਿਆ ਹੈ। ਅੱਜ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਤੀਜਾ ਵਿਕਲਪ ਮਿਲ ਗਿਆ ਹੈ। ਸਰ, ਹੁਣ ਜਦੋਂ ਤੀਜਾ ਵਿਕਲਪ ਮਿਲ ਗਿਆ ਹੈ ਤਾਂ ਅਸੀਂ ਕੰਮ ਹੀ ਇੰਨੇ ਕਰ ਰਹੇ ਹਾਂ, ਅਸੀਂ 55 ਹਜ਼ਾਰ ਨੌਕਰੀਆਂ ਦੇ ਦਿੱਤੀਆਂ ਹਨ, ਅਸੀਂ ਬਿਜਲੀ ਦੇ ਬਿਲ ਮੁਆਫ਼ ਕਰ ਦਿੱਤੇ ਹਨ, ਅਸੀਂ 'ਯੁੱਧ ਨਸ਼ਿਆਂ ਵਿਰੁੱਧ' ਲੜ ਰਹੇ ਹਾਂ। ਤੁਹਾਨੂੰ ਮੈਂ ਇੱਕ ਅੰਕੜਾ ਦੇ ਦਿੱਤਾ ਹੈ ਅਤੇ ਅਸੀਂ ਹੁਣ ਫਿਰ ਦੁਬਾਰਾ ਸ਼ਹਿਰਾਂ ਵਿੱਚ ਅਗਲੀ ਮੁਹਿੰਮ ਸ਼ੁਰੂ ਕਰਨ ਜਾ ਰਹੇ ਹਾਂ। ਹੁਣ ਅਸੀਂ ਸ਼ਹਿਰਾਂ ਦੇ ਵਾਰਡਾਂ ਵਿੱਚ ਵੀ ਜਾਵਾਂਗੇ, ਉੱਥੇ ਵੀ ਅਸੀਂ ਜਾਗਰੂਕਤਾ ਦੇ ਕੈਂਪ ਲਗਾਵਾਂਗੇ। ਨੌਜਵਾਨੀ ਜੋ ਨਸ਼ੇ ਵਿੱਚ ਪੈ ਗਈ ਹੈ, ਉਸ ਨੂੰ ਨਸ਼ੇ ਤੋਂ ਬਚਾਉਣ ਲਈ ਉਪਰਾਲਾ ਕਰਨਾ ਪਵੇਗਾ। ਜੋ ਪਿੱਛੇ ਗੰਦ ਪਾਇਆ ਹੈ, ਗੱਲ ਇੰਨੀ ਹੈ ਕਿ ਜ਼ਮੀਰਾਂ ਤੋਂ ਮੁਆਫ਼ੀ ਮੰਗ ਲੈਣੀ ਚਾਹੀਦੀ ਹੈ। ਇਹ ਆਪਣੇ ਆਪ ਵਿੱਚ ਇੰਨੀ ਗੱਲ ਕਹਿ ਦੇਣ ਕਿ ਅਸੀਂ ਦੋਸ਼ੀ ਸੀ ਜਾਂ ਅਸੀਂ ਦੋਸ਼ੀਆਂ ਦੀ ਪੁਸ਼ਤ-ਪਨਾਹੀ ਕਰਦੇ ਰਹੇ ਜਾਂ ਚੁੱਪ ਕਰਕੇ ਰਹਿ ਗਏ। ਦੋਸ਼ੀਆਂ ਖਿਲਾਫ਼ ਨਾ ਬੋਲਣਾ ਵੀ ਆਪਣੇ ਆਪ ਵਿੱਚ ਇੱਕ ਦੋਸ਼ ਹੈ। ਜੇ ਚੁੱਪ ਵੀ ਰਹੇ ਤਾਂ ਵੀ ਉਨੇ ਹੀ ਦੋਸ਼ੀ ਹਨ। ਜ਼ੁਲਮ ਸਹਿਣਾ, ਜ਼ੁਲਮ ਕਰਨ ਵਾਲੇ ਦੇ ਖਿਲਾਫ਼ ਨਾ ਬੋਲਣਾ, ਇਹ ਵੀ ਆਪਣੇ-ਆਪ ਵਿੱਚ ਇੱਕ ਜੁਰਮ ਹੈ। ਸੋ, ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਛੇ ਮਹੀਨੇ ਦੇ ਅੰਦਰ-ਅੰਦਰ ਤਿੰਨ ਹਜ਼ਾਰ ਮਾਡਲ ਪਲੇਅ ਗਰਾਊਂਡ ਬਣਾਉਣ ਜਾ ਰਹੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਰ, ਅਸੀਂ 117 ਹਲਕਿਆਂ ਵਿੱਚੋਂ ਲਗਭਗ ਤੀਹ ਦੇ ਕਰੀਬ ਪਿੰਡ ਸਿਲੈਕਟ ਕਰ ਲਏ ਹਨ। ਅਸੀਂ ਇਸ ਗੱਲ ਵਿੱਚ ਵੀ ਨਹੀਂ ਪਏ ਕਿ ਕਿੱਥੇ ਵਿਰੋਧੀ ਪਾਰਟੀ ਦਾ ਉਮੀਦਵਾਰ ਜਿੱਤਿਆ ਹੈ ਤੇ ਕਿੱਥੇ ਸਾਡੀ ਪਾਰਟੀ ਦਾ ਜਿੱਤਿਆ ਹੈ। ਅਸੀਂ ਉਨ੍ਹਾਂ ਹਲਕਿਆਂ ਵਿੱਚ ਵੀ ਪਾਰਦਰਸ਼ਤਾ ਦੇ ਤਰੀਕੇ ਨਾਲ, ਇੱਕ ਅੱਖ ਨਾਲ ਦੇਖਦੇ ਹੋਏ 117 ਹਲਕਿਆਂ ਵਿੱਚੋਂ 30 ਦੇ ਕਰੀਬ ਪਿੰਡ ਸਿਲੈਕਟ ਕੀਤੇ ਹਨ, ਜਿੱਥੇ ਆਉਣ ਵਾਲੇ ਸਮੇਂ ਵਿੱਚ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਮਾਡਲ ਪਲੇਅ ਗਰਾਊਂਡ ਬਣਾਉਣ ਲੱਗੇ ਹਾਂ। ਜਿਸ ਵਿੱਚ ਹਰ ਤਰ੍ਹਾਂ ਦੀ ਫੈਸਿਲਟੀ ਹੋਵੇਗੀ। ਰੰਗਲਾ ਪੰਜਾਬ ਬਣਾਉਣ ਲਈ ਅਸੀਂ ਨੌਜਵਾਨਾਂ ਨੂੰ ਖੇਡ ਦੇ ਮੈਦਾਨਾਂ ਵਿੱਚ ਲਿਆਵਾਂਗੇ, ਜਦੋਂ ਉਹ ਕੰਮਾਂ-ਕਾਰਾਂ ਤੋਂ ਆਉਣਗੇ, ਜਦੋਂ ਰੁਝੇਵਿਆਂ ਤੋਂ ਫਰੀ ਹੋਣਗੇ, ਸਾਡੀਆਂ ਮਾਂਵਾਂ-ਸਾਡੀਆਂ ਭੈਣਾਂ ਜਦੋਂ ਸ਼ਾਮ ਨੂੰ ਚੁੱਲ੍ਹੇ-ਚੌਂਕੇ ਤੋਂ ਵਿਹਲੀਆਂ ਹੋਣਗੀਆਂ ਅਤੇ ਉਨ੍ਹਾਂ ਪਾਰਕਾਂ ਵਿੱਚ ਆ ਕੇ ਆਪਣੇ ਬੱਚਿਆਂ, ਧੀਆਂ, ਪੁੱਤਾਂ ਨਾਲ ਉੱਥੇ ਸੈਰ ਕਰਨਗੀਆਂ ਅਤੇ ਬੱਚੇ ਖੇਡਣਗੇ ਤਾਂ ਬੱਚਿਆਂ ਦਾ ਧਿਆਨ ਮਾੜੀਆਂ ਅਲਾਮਤਾਂ ਤੋਂ ਪਰੇ ਹਟੇਗਾ ਅਤੇ ਅਸੀਂ ਰੰਗਲਾ ਪੰਜਾਬ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਵਾਂਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਹਰਦੇਵ ਸਿੰਘ ਲਾਡੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ** : ਇਨ੍ਹਾਂ ਦੀ ਗੱਲ ਪੂਰੀ ਹੋ ਲੈਣ ਦਿਉ। ਇਨ੍ਹਾਂ ਤੋਂ ਬਾਅਦ ਤੁਹਾਨੂੰ ਸਮਾਂ ਦਿੰਦਾ ਹਾਂ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਸਰ, ਮੇਰੀ ਲਾਸਟ ਗੱਲ ਹੈ। ਜਿਹੜੀ ਗੱਲ ਮੈਂ ਕਹਿਣ ਜਾ ਰਿਹਾ ਹਾਂ, ਇਸ ਗੱਲ ਤੋਂ ਹੁਣ ਇਨ੍ਹਾਂ ਨੇ ਤਕਲੀਫ ਬੜੀ ਮੰਨਣੀ ਹੈ।

**ਮਾਣਯੋਗ ਡਿਪਟੀ ਸਪੀਕਰ** : ਉਹ ਕਹਿਣੀ ਜ਼ਰੂਰ ਹੈ? (ਹਾਸਾ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਹਾਂ ਜੀ, ਕਹਿਣੀ ਵੀ ਜ਼ਰੂਰ ਹੈ। ਕਮਾਲ ਦੀ ਗੱਲ ਹੈ ਕਿ ਜੇ ਕਹੀ ਨਾ ਫਿਰ ਫਾਇਦਾ ਕੀ? ਸਰ, ਹੁਣ ਇਹ ਆਪੋਜੀਸ਼ਨ ਵਾਲੇ ਇੱਕ ਗੱਲ ਫੈਲਾਉਣ ਦੀ ਬਹੁਤ ਕੋਸ਼ਿਸ਼ ਕਰ ਰਹੇ ਹਨ। ਇਹ ਕਹਿੰਦੇ ਹਨ ਕਿ ਦਿੱਲੀ ਵਾਲੇ ਆ ਕੇ ਪੰਜਾਬ ਵਿੱਚ ਬੈਠ ਗਏ। ਦਿੱਲੀ ਵਾਲੇ ਇਹ ਕਰਵਾ ਰਹੇ ਹਨ, ਦਿੱਲੀ ਵਾਲੇ ਉਹ ਕਰਵਾ ਰਹੇ ਹਨ। ਸਰ, ਮੈਨੂੰ ਅੱਜ ਇੱਕ ਗੱਲ ਦੱਸਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ। ਸਰ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਜੋੜੀ ਬਣ ਕੇ ਅੱਜ ਚੱਲ ਰਹੀ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਭਾਵੇਂ ਅਰਵਿੰਦ ਕੇਜਰੀਵਾਲ ਜੀ ਦਿੱਲੀ ਤੋਂ ਬਿਲੋਂਗ ਕਰਦੇ ਹਨ ਪਰ ਉਹ ਪੰਜਾਬ ਦੇ ਪ੍ਰਤੀ ਚੰਗੀ ਸੋਚ ਨਾਲ ਕੰਮ ਕਰਨ ਲੱਗੇ ਹੋਏ ਹਨ। ਮੈਨੂੰ ਇਸ ਗੱਲ ਦਾ ਦੁੱਖ ਵੀ ਹੈ ਕਿ ਜਦੋਂ ਇਨ੍ਹਾਂ ਦੀਆਂ ਸਰਕਾਰਾਂ ਸੀ, ਇਨ੍ਹਾਂ ਨੇ being ਪੰਜਾਬੀ ਪੰਜਾਬ ਦੀ ਪਿੱਠ ਵਿੱਚ ਛੁਰੇ ਮਾਰੇ ਹਨ। ਸਰ, ਮੈਨੂੰ ਇਹ ਗੱਲ ਦੱਸਦੇ ਹੋਏ ਬੜਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਪੰਜਾਬ ਦੀ ਪਿੱਠ ਵਿੱਚ ਵੱਜੇ ਹੋਏ ਉਹ ਛੁਰੇ ਕੱਢਣ ਲੱਗੇ ਹੋਏ ਹਨ। ਸੋ, ਮੈਂ ਅਖੀਰ ਵਿੱਚ ਜਿੱਥੇ "ਯੁੱਧ ਨਸ਼ਿਆਂ ਵਿਰੁੱਧ" ਮਤੇ ਤੇ ਬੋਲਣ ਦਾ ਮੌਕਾ ਦੇਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ, ਉੱਥੇ ਮੈਂ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਐਕਟ, 2025, ਜੋ ਅੱਜ ਬਿਲ ਪੇਸ਼ ਹੋਇਆ ਹੈ, ਇਸ ਦੀ ਵੀ ਪ੍ਰੋੜ੍ਹਤਾ ਅਤੇ ਸਮਰਥਨ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ**: ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਸਾਹਿਬ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਹਰਦੇਵ ਸਿੰਘ ਲਾਡੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ**: ਇਨ੍ਹਾਂ ਤੋਂ ਬਾਅਦ ਤੁਹਾਨੂੰ ਸਮਾਂ ਦੇ ਦਿਆਂਗੇ। ਹਾਂ ਜੀ, ਗਿਆਸਪੁਰਾ ਸਾਹਿਬ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ)** : ਡਿਪਟੀ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਤੁਸੀਂ ਅੱਜ ਮੈਨੂੰ ਬਹੁਤ ਹੀ ਮਹੱਤਵਪੂਰਨ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਆਮ ਆਦਮੀ ਪਾਰਟੀ ਦਾ ਯੁੱਧ ਨਸ਼ਿਆਂ ਵਿਰੁੱਧ ਚੱਲ ਰਿਹਾ ਹੈ। ਇਸ ਯੁੱਧ ਵਿੱਚ ਆਮ ਆਦਮੀ ਪਾਰਟੀ ਲਗਾਤਾਰ ਸਾਡੀ ਨੌਜਵਾਨੀ ਨੂੰ ਬਚਾਉਣ ਤੇ ਲੱਗੀ ਹੋਈ ਹੈ, ਸਾਡੇ ਬੱਚਿਆਂ ਨੂੰ ਬਚਾਉਣ ਤੇ ਲੱਗੀ ਹੋਈ ਹੈ। ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ 4000 ਦੇ ਕਰੀਬ ਪਿੰਡਾਂ ਨੂੰ ਨਸ਼ਾ ਮੁਕਤ ਕਰ ਲਿਆ ਹੈ ਪਰ ਜਿਹੜੇ ਵਿਰੋਧੀ ਧਿਰ ਦੇ ਲੋਕ ਕਹਿੰਦੇ ਹਨ ਕਿ ਜਿੰਨਾ ਚਿਰ ਅਸੀਂ ਬੈਠੇ ਹਾਂ, ਓਨਾ ਚਿਰ ਤੁਸੀਂ ਇੱਕ ਵੀ ਪਿੰਡ ਨੂੰ ਨਸ਼ਾ ਮੁਕਤ ਨਹੀਂ ਕਰ ਸਕਦੇ। ਸੋ, ਇਹ ਇਨ੍ਹਾਂ ਦੀ ਸੋਚ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਪਿੰਡਾਂ ਵਿੱਚ, ਜਿਵੇਂ ਮੇਰੇ ਹਲਕੇ ਵਿੱਚ ਵੀ ਅਤੇ ਸੌਂਦ ਸਾਹਿਬ ਨੇ ਵੀ ਦੱਸਿਆ ਹੈ ਕਿ ਜਿਹੜੀ ਸ਼ਰਾਬ ਦੀ ਫੈਕਟਰੀ ਚੱਲਦੀ ਸੀ, ਉਸ ਵਿੱਚ ਸਾਡੇ ਪਾਇਲ ਦੇ ਸਾਬਕਾ ਐਮ.ਐਲ.ਏ. ਅਤੇ ਖੰਨੇ ਦੇ ਸਾਬਕਾ ਐਮ.ਐਲ.ਏ. ਦੇ ਨਾਮ ਸ਼ਰੇਆਮ ਆਉਂਦੇ ਸਨ। ਅਸੀਂ ਚਾਹੁੰਦੇ ਹਾਂ ਕਿ ਇਹ ਜਿਹੜੇ ਲੋਕਾਂ ਨੂੰ ਮਾਰਨ ਵਾਲੇ ਲੋਕ ਹਨ, ਇਹ ਸਾਹਮਣੇ ਆਉਣੇ ਚਾਹੀਦੇ ਹਨ। ਇਨ੍ਹਾਂ ਦੇ ਖਿਲਾਫ਼ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

ਦੂਜੀ ਗੱਲ, ਅੱਜ ਵਿਧਾਨ ਸਭਾ ਵਿੱਚ ਮੈਨੂੰ ਲੱਗਦਾ ਹੈ ਕਿ ਜੇ ਕਿਸੇ ਉੱਚ ਜਾਤੀ ਨੂੰ ** ** ਕਹਿ ਕੇ ਸੰਬੋਧਨ ਕੀਤਾ ਜਾਂਦਾ ਤਾਂ ਸ਼ਾਇਦ ਤੁਸੀਂ ਵੀ ਐਕਸ਼ਨ ਲੈਣਾ ਸੀ ਪਰ ਮੈਂ ਇੱਕ ਐਸ.ਸੀ. ਭਾਈਚਾਰੇ ਨਾਲ ਸਬੰਧਤ ਹਾਂ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਸੰਵਿਧਾਨ ਨਾਲ ਮੈਂ ਐਮ.ਐਲ.ਏ. ਬਣਿਆ, ਕਿਸੇ ਦੇ ਪਿਉ ਜਾਂ ਕਿਸੇ ਜਗੀਰਦਾਰ ਦੇ ਪੈਸਿਆਂ ਨਾਲ ਮੈਂ ਐਮ.ਐਲ.ਏ. ਨਹੀਂ ਬਣਿਆ। ਜੇ ਵਿਧਾਨ ਸਭਾ ਵਿੱਚ ਉਹ ਐਮ.ਐਲ.ਏ. ਕਹਿੰਦਾ ਹੈ ਕਿ ਹਾਂ ਮੈਂ ਗਾਲ੍ਹ ਕੱਢੀ ਹੈ ਤਾਂ ਮੈਨੂੰ ਲੱਗਦਾ ਹੈ ਕਿ ਇਸ ਤੋਂ ਜ਼ਿਆਦਾ ਮਾੜੀ ਗੱਲ ਕੋਈ ਹੋਰ ਨਹੀਂ ਹੋ ਸਕਦੀ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਸੀਂ ਇੱਕ ਨਿਆਂ ਦੀ ਕੁਰਸੀ ਤੇ ਬੈਠੇ ਹੋ ਔਰ ਅੱਜ ਜੇ ਤੁਸੀਂ ਇੱਕ ਦਲਿਤ ਨਾਲ ਨਿਆਂ ਨਹੀਂ ਕਰ ਸਕਦੇ ਤਾਂ ਮੈਨੂੰ ਲੱਗਦਾ ਹੈ ਕਿ ਸਾਡੇ ਪੰਜਾਬ ਵਿੱਚ ਜਿਹੜੇ 35% ਦਲਿਤ ਹਨ, ਉਨ੍ਹਾਂ ਨੂੰ ਵੀ ਸੋਚ ਲੈਣਾ ਚਾਹੀਦਾ ਹੈ ਕਿ ਜੇ ਸਭ ਤੋਂ ਵੱਡੇ ਪਵਿੱਤਰ ਮੰਦਰ ਵਿੱਚ ਇੱਕ ਦਲਿਤ ਨੂੰ ਗਾਲ੍ਹ ਕੱਢੀ ਜਾਵੇ ਤੇ ਉਸ ਨੂੰ ਕਿਹਾ ਜਾਵੇ ਕਿ ਚੁੱਪ ਕਰ ਜਾਓ, ਬੈਠ ਜਾਓ, ਜੇਕਰ ਇਸ ਪਵਿੱਤਰ ਮੰਦਰ ਵਿੱਚ ਕੋਈ ਕਹੇ ਕਿ ਸਿੱਖਾਂ ਦੇ 12 ਵੱਜ ਗਏ, ਵਿਰੋਧੀ ਧਿਰ ਦਾ ਨੇਤਾ ਸਿੱਖਾਂ ਦੇ 12 ਵਜਾਏ ਔਰ ਤੁਸੀਂ ਕਹੋ ਕਿ ਬੈਠ ਜਾਓ, ਬੈਠ ਜਾਓ, ਕੋਈ ਗੱਲ ਨਹੀਂ ਤਾਂ ਫਿਰ ਮੈਂ ਆਪਣੇ ਦੋਨੋਂ ਹੱਥ ਜੋੜ ਕੇ ਆਪਣੀ ਸੀਟ ਉੱਤੇ ਬੈਠਣ ਲੱਗਿਆ ਹਾਂ ਕਿਉਂਕਿ ਮੈਨੂੰ ਲੱਗਦਾ ਹੈ ਕਿ ਸਾਨੂੰ ਦਲਿਤਾਂ ਨੂੰ ਇਸ ਮਾਣਯੋਗ ਪਵਿੱਤਰ ਸਦਨ ਵਿੱਚ ਵੀ ਮਾਣ-ਸਨਮਾਨ ਅਤੇ ਇਨਸਾਫ ਨਹੀਂ ਮਿਲਣਾ ਹੈ। ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ**: ਗਿਆਸਪੁਰਾ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਸਮੇਂ ਮੰਤਰੀ ਜੀ ਬੋਲ ਰਹੇ ਸਨ, ਜੇਕਰ ਆਪਾਂ ਉਸ ਸਮੇਂ ਤੁਹਾਨੂੰ ਬੁਲਾਉਂਦੇ ਤਾਂ ਗੱਲ ਕੋਈ ਤਣ-ਪੱਤਣ ਨਹੀਂ ਲੱਗਣੀ ਸੀ। ਜਿਹੜੀ ਉਨ੍ਹਾਂ ਨੇ ਗਾਲ੍ਹ ਕੱਢੀ ਹੈ, ਉਨ੍ਹਾਂ ਦਾ ਆਪਾਂ ਨੋਟਿਸ ਲੈਣਾ ਹੈ ਅਤੇ ਜਿਹੜਾ ਉਨ੍ਹਾਂ ਨੇ ਤੁਹਾਡੇ ਪਿਓ ਬਾਰੇ ਕੁਝ ਕਿਹਾ ਹੈ, ਉਸ ਦਾ ਵੀ ਨੋਟਿਸ ਲੈਣਾ ਹੈ। ਆਪਾਂ ਸਾਰਾ ਨੋਟਿਸ ਲੈਣਾ ਹੈ। ਜੇਕਰ ਗੱਲ ਕੋਈ ਤਣ-ਪੱਤਣ ਲਗਾਉਣੀ ਹੈ ਤਾਂ ਉਹ ਕਿਸੇ ਕਾਇਦੇ ਜਾਂ ਤਰੀਕੇ ਨਾਲ ਹੀ ਲੱਗਣੀ ਹੈ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ੍ਰੀ ਲਾਲ ਚੰਦ)** : ਬਾਪ ਬਾਰੇ ਕਿਹਾ ਹੈ ਜੀ। ਮੇਰੀ ਬੇਨਤੀ ਹੈ ਕਿ ਦੋਵੇਂ ਹੀ ਮੁੱਦੇ ਸੰਵੇਦਨਸ਼ੀਲ ਹਨ। ਇੱਕ ਮੁੱਦਾ ਅਸੀਂ ਪਾਸ ਕਰ ਲਿਆ ਹੈ, ਬਹਿਸ ਕਰ ਲਈ ਹੈ। ਭਾਵੇਂ ਉਸ ਬਹਿਸ ਅੰਦਰ ਬਹੁਤ ਤਲਖੀਆਂ ਹੋਈਆਂ ਜਾਂ ਜੋ ਵੀ ਹੋਇਆ। ਦੂਸਰਾ ਮੁੱਦਾ, ਪੰਜਾਬ ਦੇ ਜਨ-ਮਾਨਸ ਨਾਲ ਜੁੜਿਆ ਹੋਇਆ ਹੈ। ** ਅਸੀਂ ਕਿਵੇਂ ਉਮੀਦ ਕਰੀਏ ਕਿ ਉਹ ਸਾਡੇ ਬਾਰੇ ਚੰਗਾ ਬੋਲਣਗੇ। ਤੁਸੀਂ ਕਿਸੇ ਨੂੰ ਮਾੜਾ ਕਹਿ ਦਿਓ, ਚੰਗਾ ਕਹਿ ਦਿਓ ਪਰ ਕਿਸੇ ਦੇ ਬਾਪ ਬਾਰੇ ਕਿਹਾ ਜਾਵੇ, ਉਹ ਠੀਕ ਨਹੀਂ ਹੈ। ਮੈਂ ਚਸ਼ਮਦੀਦ ਗਵਾਹ ਹਾਂ। ਮੈਂ ਆਪ ਸੁਣਿਆ ਹੈ ਤੇ ਉਹ ਆਪ ਵੀ ਐਡਮਿਟ ਕਰ ਰਹੇ ਹਨ।

**ਮਾਣਯੋਗ ਡਿਪਟੀ ਸਪੀਕਰ**: ਮੰਤਰੀ ਜੀ, ਇਹ ਚੇਅਰ ਨੇ ਵੀ ਸੁਣਿਆ ਹੈ। ਚੇਅਰ ਇਸ ਦਾ ਸਖਤ ਨੋਟਿਸ ਲਵੇਗੀ।

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ**: ਕਮਾਲ ਦੀ ਗੱਲ ਹੈ। ਤੁਸੀਂ ਮੁੱਦਿਆਂ ਤੇ ਬਹਿਸ ਕਰੋ। ਖੱਲ੍ਹ ਲਾਹੋ। ਜੋ ਕਹਿਣਾ ਹੈ, ਉਹ ਕਹਿੰਦੇ ਹੋ ਪਰ ਇਹ ਬਰਦਾਸ਼ਤ ਕਰਨ ਵਾਲੀਆਂ ਗੱਲਾਂ ਨਹੀਂ ਹਨ।

---

** Expunged as ordered by Hon'ble Speaker.

**ਮਾਣਯੋਗ ਡਿਪਟੀ ਸਪੀਕਰ:** ਗਿਆਸਪੁਰਾ ਸਾਹਿਬ, ਆਪਣੀ ਗੱਲ ਪੂਰੀ ਰੱਖੋ। ਇਹ ਗੱਲ ਆਪਾਂ ਲਵਾਂਗੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਡਿਪਟੀ ਸਪੀਕਰ ਸਾਹਿਬ, ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ:** ਧਾਲੀਵਾਲ ਸਾਹਿਬ, ਉਨ੍ਹਾਂ ਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਓ। ਉਨ੍ਹਾਂ ਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਓ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਕਟਾਰੂਚੱਕ ਜੀ ਨੇ ਗਿਆਸਪੁਰਾ ਜੀ ਦਾ ਮੁੱਦਾ ਉਠਾਇਆ ਹੈ, ਉਹ ਬੜਾ ਸੀਰੀਅਸ ਹੈ। ਜਿਸ ਬੰਦੇ ਨੇ ਗਲਤੀ ਕੀਤੀ ਹੈ, ਉਹ ਵਿਰੋਧੀ ਧਿਰ ਦੇ ਨੇਤਾ ਦੇ ਮਗਰ ਬੈਠਾ ਹੈ। ਉਹ ਹੁਣ ਵੀ ਕਹਿ ਰਿਹਾ ਹੈ ਕਿ ਮੈਂ ਗਾਲ੍ਹ ਕੱਢੀ ਹੈ। ਪਹਿਲਾਂ ਸਰ, ਇਸ ਉੱਤੇ ਕਾਰਵਾਈ ਹੋਣੀ ਚਾਹੀਦੀ ਹੈ। ਹਾਊਸ ਵਿੱਚ ਕੋਈ ਗਾਲ੍ਹ ਕੱਢੇ, ਇਹ ਬਰਦਾਸ਼ਤਯੋਗ ਨਹੀਂ। ਕੋਈ ਗਾਲ੍ਹ ਕਿਵੇਂ ਕੱਢ ਸਕਦਾ ਹੈ। ਇਹ ਆਪਣਾ ਹਾਊਸ ਹੈ। ਕੀ ਅਸੀਂ ਗਾਲ੍ਹਾਂ ਸੁਣਨ ਆਏ ਹਾਂ। ਤੁਸੀਂ ਗਾਲ੍ਹਾਂ ਕਿਵੇਂ ਕੱਢਦੇ ਹੋ। ਬਹਿਸ ਕਰੋ। ਸਰ, ਪਹਿਲਾਂ ਡਿਸਾਈਡ ਕਰੋ। ਇਹ ਬਹੁਤ ਮਾੜੀ ਗੱਲ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਅਤੇ ਮਾਈਕ ਖੋਲ੍ਹਣ ਦੀ ਮੰਗ ਕਰ ਰਹੇ ਸਨ ਅਤੇ ਟਰੈਜ਼ਰੀ ਬੈਂਚਿਜ਼ ਦੇ ਕਈ ਮੈਂਬਰਜ਼ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਦੇ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕਰ ਰਹੇ ਸਨ, ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਡਿਪਟੀ ਸਪੀਕਰ:** ਤੁਸੀਂ ਹਾਊਸ ਚੱਲਣ ਦਿਓਗੇ ਜਾਂ ਨਹੀਂ? (ਵਿਘਨ, ਸ਼ੋਰ) ਕੀ ਤੁਸੀਂ ਆਪ ਹੀ ਰੌਲਾ ਪਾ ਕੇ ਬੈਠ ਜਾਓਗੇ। ਸਾਰੇ ਬੈਠੋ, ਪਲੀਜ਼ ਬੈਠੋ, ਬੈਠੋ। ਜਦੋਂ ਤੁਹਾਨੂੰ ਇੱਕ ਵਾਰ ਕਹਿ ਦਿੱਤਾ ਹੈ ਕਿ ਚੇਅਰ ਨੇ ਨੋਟਿਸ ਲਿਆ ਹੈ, ਕਾਰਵਾਈ ਕਰਾਂਗੇ। ਤੁਹਾਨੂੰ ਤਸੱਲੀ ਰੱਖਣੀ ਚਾਹੀਦੀ ਹੈ। (ਵਿਘਨ, ਸ਼ੋਰ)

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਇਨ੍ਹਾਂ ਨੂੰ ਬਾਹਰ ਕੱਢੋ। ਉਹ ਹੁਣ ਵੀ ਕਹਿ ਰਿਹਾ ਹੈ ਕਿ ਮੈਂ ਗਾਲ੍ਹ ਕੱਢੀ ਹੈ। (ਵਿਘਨ, ਸ਼ੋਰ)

**ਮਾਣਯੋਗ ਡਿਪਟੀ ਸਪੀਕਰ:** ਸਾਰੇ ਬੈਠੋ, ਸਾਰੇ ਬੈਠੋ। (ਵਿਘਨ, ਸ਼ੋਰ)

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਅਸੀਂ ਬੈਠਣ ਲਈ ਤਿਆਰ ਹਾਂ। ਪਹਿਲਾਂ ਇਨਸਾਫ ਕਰੋ। ਤੁਹਾਡੇ ਸਾਹਮਣੇ ਬੰਦਾ ਕਹਿ ਰਿਹਾ ਹੈ ਕਿ ਮੈਂ ਗਾਲ੍ਹ ਕੱਢੀ ਹੈ।

**ਮਾਣਯੋਗ ਡਿਪਟੀ ਸਪੀਕਰ:** ਸਾਰੇ ਬੈਠੋ, ਸਾਰੇ ਬੈਠੋ। ਤੁਸੀਂ ਬੈਠੋਗੇ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਮੈਂ ਬੈਠ ਜਾਂਦਾ ਹਾਂ। ਪਹਿਲਾਂ ਇਨਸਾਫ ਕਰੋ, ਕਾਰਵਾਈ ਕਰੋ। ਕੀ ਇਹ ਚੰਗੀ ਗੱਲ ਹੈ? ਇਹ ਨਵੇਂ ਕੰਮ ਸਿੱਖ ਰਹੇ ਹਨ।

**ਮਾਣਯੋਗ ਡਿਪਟੀ ਸਪੀਕਰ:** ਬੈਠੋ। ਹੈਨਰੀ ਸਾਹਿਬ, ਤੁਸੀਂ ਇਸ ਮੁੱਦੇ ਉੱਤੇ ਮੁਆਫ਼ੀ ਮੰਗਣਾ ਚਾਹੁੰਦੇ ਹੋ। (ਵਿਘਨ, ਸ਼ੋਰ)

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਕੋਈ ਮੁਆਫ਼ੀ ਨਹੀਂ, ਬਾਹਰ ਕੱਢੋ। (ਵਿਘਨ, ਸ਼ੋਰ)

**ਮਾਣਯੋਗ ਡਿਪਟੀ ਸਪੀਕਰ**: ਫਿਰ ਤੁਸੀਂ ਇਸ ਚੇਅਰ ਤੇ ਆ ਕੇ ਬੈਠ ਜਾਓ। ਸਾਰੇ ਬੈਠੋ। (ਵਿਘਨ, ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੇਰੀ ਰਿਕੁਐਸਟ ਹੈ ਜੀ ਕਿ ਦੋਨੋਂ ਪਾਸਿਓਂ ਹੀ ਗੱਲ ਹੋਈ ਹੈ।

**ਮਾਣਯੋਗ ਡਿਪਟੀ ਸਪੀਕਰ:** ਨਹੀਂ ਜੀ, (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਉੱਧਰੋਂ ਕੁਝ ਨਹੀਂ ਆਇਆ। (ਵਿਘਨ, ਸ਼ੋਰ) ਮੈਨੂੰ ਗੱਲ ਕਰ ਲੈਣ ਦਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਡਿਪਟੀ ਸਪੀਕਰ ਸਾਹਿਬ, ਉੱਧਰੋਂ ਵੀ ਮੈਂਬਰ ਸਾਹਿਬ ਦੇ ਪਰਿਵਾਰ ਤੇ ਨਸ਼ਾ ਵੇਚਣ ਦਾ ਡਾਇਰੈਕਟ ਐਲੀਗੇਸ਼ਨ ਲਗਾਇਆ ਗਿਆ ਹੈ। (ਵਿਘਨ)(ਸ਼ੋਰ) ਤੁਸੀਂ ਰਿਕਾਰਡ ਵੇਖ ਲਵੋ। ਸਭ ਕੁਝ ਰਿਕਾਰਡਿਡ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਮੈਂ ਕੋਈ ਨਾਮ ਨਹੀਂ ਲਿਆ।

**ਮਾਣਯੋਗ ਡਿਪਟੀ ਸਪੀਕਰ:** ਬਾਜਵਾ ਸਾਹਿਬ, ਉਨ੍ਹਾਂ ਨੇ ਐਗਜ਼ੈਕਟ ਕੀ ਸ਼ਬਦ ਵਰਤਿਆ ਹੈ, ਤੁਸੀਂ ਦੱਸੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਰਿਕਾਰਡ ਚੈੱਕ ਕਰ ਲਓ। ਜੇਕਰ ਰਿਕਾਰਡ ਦੇ ਮੁਤਾਬਿਕ ਉੱਧਰੋਂ ਵੀ ਪਰਿਵਾਰ ਤੇ ਨਸ਼ਾ ਵੇਚਣ ਦਾ ਐਲੀਗੇਸ਼ਨ ਹੈ, ਤੁਸੀਂ ਰਿਕਾਰਡ ਚੈੱਕ ਕਰ ਲਵੋ। ਜੋ ਕੁਝ ਉੱਧਰੋਂ ਹੋਇਆ, ਉਹ ਵੀ ਗਲਤ ਹੈ ਅਤੇ ਜੋ ਕੁਝ ਇੱਧਰੋਂ ਹੋਇਆ ਹੈ, ਉਹ ਵੀ ਗਲਤ ਹੈ। ਮੇਰੀ ਬੇਨਤੀ ਹੈ ਕਿ ਇੱਥੇ ਰਿਕਾਰਡ ਚੈੱਕ ਕਰ ਲਓ। ਹਾਊਸ ਖਤਮ ਹੋਣ ਤੋਂ ਬਾਅਦ ਜੋ ਵੀ ਫੈਸਲਾ ਹੁੰਦਾ ਹੈ, ਉਸ ਤੇ ਤੁਸੀਂ ਕਾਰਵਾਈ ਕਰ ਲੈਣਾ।

∗3.05 ਵਜੇ (ਇਸ ∗ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)
ਬਾਅਦ ਦੁਪਹਿਰ ।)

**ਮਾਣਯੋਗ ਸਪੀਕਰ:** ਬਾਜਵਾ ਸਾਹਿਬ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਤੁਸੀਂ ਇੱਥੇ ਹਾਜ਼ਰ ਨਹੀਂ ਸੀ। ਡਿਪਟੀ ਸਪੀਕਰ ਸਾਹਿਬ ਦੀ ਹਾਜ਼ਰੀ ਵਿੱਚ ਹਾਊਸ ਚੱਲ ਰਿਹਾ ਸੀ। ਬਹਿਸ ਦੌਰਾਨ ਟਰੈਜ਼ਰੀ ਬੈਂਚਿਜ਼ ਤੋਂ ਇੱਕ ਮੈਂਬਰ ਨੇ ਸਾਡੇ ਇੱਕ ਮੈਂਬਰ ਦੇ ਪਰਿਵਾਰ ਤੇ ਚਿੱਟਾ ਵੇਚਣ ਦਾ ਦੋਸ਼ ਲਾਇਆ। ਅੱਗੇ ਤੋਂ ਇਨ੍ਹਾਂ ਨੇ ਵੀ ਸਹੀ ਸ਼ਬਦਾਵਲੀ ਦਾ ਇਸਤੇਮਾਲ ਨਹੀਂ ਕੀਤਾ।

ਮੇਰੀ ਇੱਕੋ ਰਿਕੁਐਸਟ ਹੈ ਕਿ ਸਾਰਾ ਰਿਕਾਰਡ ਤੁਹਾਡੇ ਕੋਲ ਹੈ। ਕਿਰਪਾ ਕਰਕੇ ਦੋਨਾਂ ਮੈਂਬਰਾਂ ਦੇ ਰਿਕਾਰਡ ਲੈ ਕੇ, ਉਸ ਨੂੰ ਸੁਣ ਕੇ, ਤੁਸੀਂ ਜੋ ਫੈਸਲਾ ਕਰੋਗੇ, ਉਹ ਸਾਨੂੰ ਮਨਜ਼ੂਰ ਹੈ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਤੁਸੀਂ ਰਿਕਾਰਡ ਚੈੱਕ ਕਰੋ। ਬਾਜਵਾ ਸਾਹਿਬ ਝੂਠ ਬੋਲ ਰਹੇ ਹਨ। ਸਰ, ਉਨ੍ਹਾਂ ਨੇ ਪਰਿਵਾਰ ਦਾ ਨਾਮ ਨਹੀਂ ਲਿਆ। ਉਨ੍ਹਾਂ ਨੇ ਕਿਹਾ ਸੀ ਕਿ ਤੁਸੀਂ ਨਸ਼ੇ ਵੇਚਦੇ ਹੋ। ਉਨ੍ਹਾਂ ਨੇ ਸਾਰੀ ਪਾਰਟੀ ਵੱਲ ਇਸ਼ਾਰਾ ਕੀਤਾ ਹੈ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ:** ਠੀਕ ਹੈ, ਬੈਠੋ। ਬਾਜਵਾ ਸਾਹਿਬ ਦੀ ਗੱਲ ਠੀਕ ਹੈ। ਆਪਾਂ ਰਿਕਾਰਡ ਚੈੱਕ ਕਰ ਲੈਂਦੇ ਹਾਂ। (ਵਿਘਨ)(ਸ਼ੋਰ) ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਮੈਂ ਹੁਣੇ ਰਿਕਾਰਡ ਵੇਖ ਲੈਂਦਾ ਹਾਂ। ਜੋ ਵੀ ਸਖਤ ਤੋਂ ਸਖਤ ਕਾਰਵਾਈ ਹੋਵੇਗੀ, ਉਹ ਕਾਰਵਾਈ ਕੀਤੀ ਜਾਵੇਗੀ। (ਥੰਪਿੰਗ) ਆਪਣੇ ਕੋਲ ਸਭ ਕੁਝ ਰਿਕਾਰਡਿਡ ਹੈ। ਹਾਂ ਜੀ, ਸਰਦਾਰ ਗੁਰਦਿੱਤ ਸਿੰਘ ਸੇਖੋਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਉੱਧਰੋਂ ਤਿੰਨ ਬੁਲਾਰੇ ਬੋਲ ਚੁੱਕੇ ਹਨ।

**ਮਾਣਯੋਗ ਸਪੀਕਰ:** ਰਾਣਾ ਗੁਰਜੀਤ ਸਿੰਘ ਜੀ।

**ਰਾਣਾ ਗੁਰਜੀਤ ਸਿੰਘ:** ਮੇਰਾ ਸਮਾਂ ਬਾਜਵਾ ਸਾਹਿਬ ਨੂੰ ਦਿੱਤਾ ਜਾਵੇ।

**ਮਾਣਯੋਗ ਸਪੀਕਰ:** ਠੀਕ ਹੈ। ਸਰਦਾਰ ਪ੍ਰਤਾਪ ਸਿੰਘ ਬਾਜਵਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਡਰੱਗਜ਼ ਤੇ ਬਹਿਸ ਚੱਲ ਰਹੀ ਹੈ। ਆਨਰੇਬਲ ਚੀਮਾ ਸਾਹਿਬ ਨੇ ਇੱਕ ਵੀਡੀਓ ਦਾ ਜ਼ਿਕਰ ਕੀਤਾ ਸੀ ਜੋ ਮੈਂ ਪਿਛਲੇ ਦਿਨੀਂ ਆਪਣੇ twitter handle ਤੇ ਪਾਈ ਸੀ। ਜਿਸ ਕਾਰਨ ਚੀਮਾ ਸਾਹਿਬ ਅਤੇ ਸਾਡੇ ਇੱਕ ਹੋਰ ਸਾਥੀ ਤੇ ਚੰਡੀਗੜ੍ਹ ਪੁਲਿਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਹੈ। ਮੈਂ ਬਕਾਇਦਾ ਤੌਰ ਤੇ ਉਸ ਵੀਡੀਓ ਨੂੰ own up ਕਰਦਾ ਹਾਂ। ਇਸ ਦੇ ਨਾਲ ਹੀ ਮੈਂ ਇਹ ਗੱਲ ਵੀ ਦੱਸਣੀ ਚਾਹੁੰਦਾ ਹਾਂ ਕਿ ਸਰਦਾਰਨੀ ਗਨੀਵ ਕੌਰ ਮਜੀਠੀਆ ਇਸ ਹਾਊਸ ਦੇ ਮੈਂਬਰ ਹਨ। ਮੈਂ ਉਸ ਵੀਡੀਓ ਵਿੱਚ ਇਹ ਇਤਰਾਜ਼ ਕੀਤਾ ਸੀ ਕਿ I am the Leader of Opposition, ਇੱਥੇ ਜਿੰਨੀਆਂ ਵੀ ਆਪੋਜ਼ੀਸ਼ਨ ਪਾਰਟੀਆਂ ਹਨ, ਜੇਕਰ ਉਨ੍ਹਾਂ ਵਿੱਚੋਂ ਕਿਸੇ ਨਾਲ ਵੀ ਧੱਕਾ ਹੋਵੇਗਾ ਤਾਂ I will stand up. ਮੈਂ ਇੰਨੀ ਗੱਲ ਕਹੀ ਸੀ ਕਿ ਜੋ ਤੌਰ-ਤਰੀਕਾ ਵਿਜੀਲੈਂਸ ਵੱਲੋਂ ਉਨ੍ਹਾਂ ਦੇ ਚੰਡੀਗੜ੍ਹ ਫਲੈਟ ਵਿੱਚ ਇਸਤੇਮਾਲ ਕੀਤਾ ਗਿਆ ਹੈ, ਉਹ ਗਲਤ ਸੀ because she is a lady. ਇੱਕ ਵੂਮੈਨ ਲੈਜਿਸਲੇਟਿਵ ਦੇ ਘਰ ਉਹ ਕੋਈ search warrant ਲੈ ਕੇ ਨਹੀਂ ਗਏ। ਉਹ ਬੈੱਡਰੂਮ ਵਿੱਚ ਸੀ ਅਤੇ ਤੁਸੀਂ ਉਨ੍ਹਾਂ ਦੇ ਘਰ ਦੀ ਤਲਾਸ਼ੀ ਕਰਨੀ ਸ਼ੁਰੂ ਕਰ ਦਿੱਤੀ। ਮੈਂ ਸਿਰਫ ਏਨੀ ਗੱਲ ਕਹੀ ਸੀ ਕਿ ਜੇਕਰ ਤੁਸੀਂ ਤਲਾਸ਼ੀ ਵੀ ਕਰਨੀ ਸੀ ਤਾਂ ਉਨ੍ਹਾਂ ਨੂੰ ਕਹਿਣਾ ਚਾਹੀਦਾ ਸੀ ਕਿ ਤੁਸੀਂ ਡਰਾਇੰਗ ਰੂਮ ਵਿੱਚ ਆ ਜਾਓ, ਅਸੀਂ ਫਲੈਟ ਦੀ ਤਲਾਸ਼ੀ ਕਰਨੀ ਹੈ। ਮੈਂ ਇਸ ਦੀ ਨਿਖੇਧੀ ਕੀਤੀ ਸੀ, I have not mentioned the name of her husband Sardar Bikram Singh Majithia.

ਇਸ ਦੇ ਨਾਲ ਹੀ ਜਿਸ ਤਰ੍ਹਾਂ ਚੰਦ ਕੁ ਮਹੀਨੇ ਪਹਿਲਾਂ ਸਰਦਾਰ ਸੁਖਪਾਲ ਸਿੰਘ ਖਹਿਰਾ ਦੇ ਘਰ ਵੀ ਪੰਜਾਬ ਪੁਲਿਸ ਗਈ ਸੀ, early morning ਉਨ੍ਹਾਂ ਦੇ ਘਰ ਵਿੱਚ forcefully ਐਂਟਰੀ ਕਰਕੇ ਬੈੱਡਰੂਮ ਦਾ ਦਰਵਾਜ਼ਾ ਤੋੜਿਆ ਗਿਆ, ਉਨ੍ਹਾਂ ਦੀ ਵਾਈਫ ਵੀ ਉੱਥੇ ਹੀ ਮੌਜੂਦ ਸੀ। ਉੱਥੇ ਵੀ ਇਸ ਕਿਸਮ ਦਾ ਤੌਰ-ਤਰੀਕਾ ਇਸਤੇਮਾਲ ਕੀਤਾ ਗਿਆ, ਮੈਂ ਉਸ ਦਾ ਜ਼ਿਕਰ ਕੀਤਾ ਅਤੇ ਉਸ ਨੂੰ ਕੰਡੈਮ ਕੀਤਾ। ਮੈਂ ਇੱਥੋਂ ਤੱਕ ਵੀਡੀਓ ਵਿੱਚ ਕਿਹਾ ਹੈ ਕਿ ਵਿਜੀਲੈਂਸ ਕੋਲ ਪੂਰਨ ਹੱਕ ਹੈ ਕਿ ਉਹ ਆਪਣੀ ਕਾਰਵਾਈ ਕਰੇ। ਸੋ, ਉਸ ਵੀਡੀਓ ਨੂੰ ਤੋੜਿਆ-ਮਰੋੜਿਆ ਗਿਆ। ਉਸ ਵੀਡੀਓ ਨੂੰ 'ਆਪ' ਦੇ ਆਫੀਸ਼ੀਅਲ ਹੈਂਡਲ ਤੋਂ ਇਸ ਤਰ੍ਹਾਂ ਦਿਖਾਇਆ ਹੈ ਜਿਵੇਂ ਮੈਂ ਬਿਕਰਮ ਸਿੰਘ ਮਜੀਠੀਆ ਦੀ ਹੋਈ ਗ੍ਰਿਫਤਾਰੀ ਨੂੰ ਕੰਡੈਮ ਕੀਤਾ ਹੈ। ਸੋ, ਇਸ ਗੱਲ ਕਾਰਨ ਇਹ ਕੇਸ ਰਜਿਸਟਰਡ ਕੀਤਾ ਗਿਆ ਹੈ। ਸਭ ਤੋਂ ਪਹਿਲਾਂ ਮੈਂ ਇਹ ਕਲੈਰਿਟੀ ਦੇਣਾ ਚਾਹੁੰਦਾ ਹਾਂ ਕਿ under no circumstances is Pratap Singh Bajwa with Bikram Singh Majithia. ਨੰਬਰ 2, ਅੱਜ ਤੋਂ 11 ਸਾਲ ਪਹਿਲਾਂ ਤੁਹਾਡਾ ਦਾਸ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਸੀ ਤੇ ਦਾਸ ਹੀ ਸਾਰਿਆਂ ਨਾਲੋਂ ਪਹਿਲਾ ਬੰਦਾ ਹੈ, ਜਿਹੜਾ as a President of Punjab Pradesh Congress ਬਿਕਰਮ ਸਿੰਘ ਮਜੀਠੀਏ ਦੇ ਖਿਲਾਫ਼ ਮਾਣਯੋਗ ਹਾਈ ਕੋਰਟ ਵਿੱਚ ਪਟੀਸ਼ਨ ਤੇ ਗਿਆ ਹੈ। ਇਸ ਪਟੀਸ਼ਨ ਨਾਲ ਨੱਥੀ ਜਿਹੜੀ ਚਿੱਠੀ ਹੈ (ਹੱਥ ਵਿੱਚ ਫੜ੍ਹੀ ਚਿੱਠੀ ਅਤੇ ਪਟੀਸ਼ਨ ਦੀ ਕਾਪੀ ਦਿਖਾਉਂਦੇ ਹੋਏ) ਮੈਂ ਉਸ ਸਮੇਂ ਦੇ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਲਿਖੀ ਸੀ ਕਿ ਹੋਮ ਮਨਿਸਟਰ, ਸਰਦਾਰ ਸੁਖਬੀਰ ਸਿੰਘ ਬਾਦਲ ਹਨ, ਬਿਕਰਮ ਸਿੰਘ ਮਜੀਠੀਆ ਰੈਵੇਨਿਊ ਮਨਿਸਟਰ ਹਨ, ਇਸ ਲਈ ਮੈਂ ਮੰਗ ਕੀਤੀ ਸੀ ਕਿ ਭੋਲਾ ਡਰੱਗ ਕੇਸ ਵਿੱਚ ਇਨਵੈਸਟੀਗੇਸ਼ਨ ਪੰਜਾਬ ਪੁਲਿਸ ਨੂੰ ਨਹੀਂ ਬਲਕਿ ਸੀ.ਬੀ.ਆਈ. ਨੂੰ ਦਿੱਤੀ ਜਾਵੇ। ਅਗਲੀ ਗੱਲ, ਚੀਮਾ ਸਾਹਿਬ ਨੇ ਕਿਹਾ ਹੈ ਕਿ ਤੁਹਾਡੀਆਂ 11-12 ਸਾਲ ਪੁਰਾਣੀਆਂ ਵੀਡੀਓਜ਼ ਆਈਆਂ ਹਨ, ਤੁਸੀਂ ਤਰਨਤਾਰਨ ਵਿੱਚ ਕਿਹਾ ਸੀ ਕਿ ਜੇਕਰ ਮੈਨੂੰ ਮੌਕਾ ਮਿਲਿਆ ਤਾਂ ਇਨ੍ਹਾਂ ਦੇ ਗਲ ਵਿੱਚ ਰੱਸਾ ਪਾ ਕੇ ਤੇ ਇਨ੍ਹਾਂ ਨੂੰ ਧੂਹ ਕੇ ਸੀ.ਆਈ.ਏ. ਤਰਨਤਾਰਨ ਲੈ ਕੇ ਆਵਾਂਗਾ। ਮੈਂ ਬਿਲਕੁਲ ਇਸ ਗੱਲ ਤੇ ਸਟੈਂਡ ਕਰਦਾ ਹਾਂ। ਮੈਂ ਅੱਜ ਵੀ ਉਸ ਸਟੇਟਮੈਂਟ ਤੇ ਸਟੈਂਡ ਕਰਦਾ ਹਾਂ। ਮੈਨੂੰ ਸਾਲ 2016 ਵਿੱਚ ਪ੍ਰਧਾਨਗੀ ਤੋਂ ਉਤਾਰ ਦਿੱਤਾ ਸੀ ਤੇ ਕੈਪਟਨ ਸਾਹਿਬ ਆ ਗਏ ਸਨ। ਮੈਨੂੰ ਇਹ ਮੌਕਾ ਮਿਲਦਾ ਤਾਂ ਇਹ ਕੰਮ ਹੋ ਜਾਣਾ ਸੀ ਕਿਉਂਕਿ ਮੈਨੂੰ ਰੱਸਾ ਪਾਉਣ ਦਾ ਮੌਕਾ ਤੇ ਵਕਤ ਨਹੀਂ ਮਿਲਿਆ। (ਹਾਸਾ) ਜਦੋਂ ਵਕਤ ਮਿਲੇਗਾ ਤਾਂ ਮੈਂ ਰੱਸਾ ਜ਼ਰੂਰ ਪਾਵਾਂਗਾ। ਇਹ ਰੱਸਾ ਹੁਣ ਕਿਸ ਕਿਸ ਦੇ ਪੈਂਦਾ ਹੈ, ਇਹ ਟਾਈਮ ਹੀ ਦੱਸੇਗਾ। (ਵਿਘਨ)

**ਮਾਣਯੋਗ ਸਪੀਕਰ :** ਥੈਂਕ ਯੂ, ਤੁਹਾਡੀ ਗੱਲ ਆ ਗਈ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਰ, ਬਹਿਸ ਤਾਂ ਡਰੱਗਜ਼ ਤੇ ਚੱਲ ਰਹੀ ਹੈ। ਤੁਸੀਂ ਮੈਨੂੰ ਬਹਿਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਅਜੇ ਤਾਂ ਮੈਂ ਬੋਲਿਆ ਹੀ ਨਹੀਂ।

**ਮਾਣਯੋਗ ਸਪੀਕਰ :** ਠੀਕ ਹੈ ਜੀ, ਬੋਲੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਰ, ਹੁਣ ਆਪਾਂ ਡਰੱਗਜ਼ ਵਾਲੇ ਪਾਸੇ ਆਈਏ ਤਾਂ ਅੱਜ ਸਾਰਾ ਦੇਸ਼ ਹੀ ਚਿੰਤਤ ਹੈ। ਪੰਜਾਬ ਗੁਰੂਆਂ, ਪੀਰਾਂ, ਪੈਗੰਬਰਾਂ, ਸੂਰਬੀਰਾਂ ਦੀ ਧਰਤੀ ਹੈ। ਸਾਡੀ ਪਹਿਚਾਣ 'ਜੈ ਜਵਾਨ ਅਤੇ ਜੈ ਕਿਸਾਨ' ਨਾਲ ਸੀ। 'ਜੈ ਜਵਾਨ' ਦਾ ਤਾਂ ਭਾਜਪਾ ਵਾਲਿਆਂ ਨੇ ਕੰਮ ਮੁਕਾ ਦਿੱਤਾ। ਸਾਡੀ ਭਰਤੀ ਰੋਕ ਦਿੱਤੀ, ਸਾਡੇ ਨੌਜਵਾਨਾਂ

ਵਾਸਤੇ ਕੋਈ ਰਸਤਾ ਹੀ ਨਹੀਂ ਬਚਿਆ। ਲੋਕਾਂ ਨੇ ਆਪਣੀਆਂ ਜ਼ਮੀਨਾਂ ਅਤੇ ਆਪਣੇ ਘਰ ਵੇਚ ਕੇ ਬਾਹਰਲੇ ਮੁਲਕਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਹੁਣ ਸਾਨੂੰ ਸਾਰਿਆਂ ਨਾਲੋਂ ਵੱਡਾ ਖਦਸ਼ਾ ਕੀ ਹੈ? ਸਾਡੀ ਪਹਿਚਾਣ ਸਾਡੀ ਦਸਤਾਰ ਹੈ, ਸਾਡੀ ਮਾਂ ਬੋਲੀ ਹੈ, ਸਾਡਾ ਪਹਿਰਾਵਾ ਹੈ, ਇਸ ਨੂੰ ਵੱਡਾ ਖਤਰਾ ਹੈ ਕਿਉਂਕਿ ਸਾਡੀ ਗਿਣਤੀ ਘਟ ਰਹੀ ਹੈ। ਸਾਡੇ ਨੌਜਵਾਨ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ। ਪਿੰਡਾਂ ਵਿਚ ਨੌਜਵਾਨ ਤਾਂ ਰਹੇ ਹੀ ਨਹੀਂ ਹਨ, ਮੈਜਾਰਿਟੀ ਵਿੱਚ ਬਜ਼ੁਰਗ ਰਹਿ ਗਏ ਹਨ। ਉਨ੍ਹਾਂ ਦੀ ਹਰ ਰੋਜ਼ ਗਿਣਤੀ ਘਟੀ ਜਾਣੀ ਹੈ। ਜਿਹੜੇ ਨੌਜਵਾਨ ਇੱਥੇ ਰਹਿ ਗਏ ਹਨ, ਜਿਨ੍ਹਾਂ ਦੇ ਪੇਰੈਂਟਸ ਉਨ੍ਹਾਂ ਨੂੰ ਬਾਹਰ ਘੱਲਣ ਦੀ ਪੁਜ਼ੀਸ਼ਨ ਵਿੱਚ ਨਹੀਂ ਹਨ, ਉਹ ਨੌਜਵਾਨ ਨਸ਼ਿਆਂ ਵਿੱਚ ਘੇਰੇ ਜਾ ਰਹੇ ਹਨ। ਸਾਡੀ ਚੰਗੀ ਪਨੀਰੀ ਬਾਹਰਲੇ ਮੁਲਕਾਂ ਨੂੰ ਚਲੀ ਗਈ ਹੈ। ਅੱਜ ਜੇਕਰ ਦੋਨੋਂ ਪੰਜਾਬ ਇਕੱਠੇ ਹੁੰਦੇ ਅਤੇ ਜੇਕਰ ਦੋਨੋਂ ਬੰਗਾਲ ਇਕੱਠੇ ਹੁੰਦੇ ਤਾਂ ਦੇਸ਼ ਉੱਤੇ ਰਾਜ ਸਾਡਾ ਹੋਣਾ ਸੀ। ਦੇਸ਼ ਦੀ ਅਜ਼ਾਦੀ ਲਿਆਉਣ ਵਾਲੇ ਅਸੀਂ ਹਾਂ, ਸਾਲ 1965 ਤੋਂ ਲੈ ਕੇ 1971 ਦੀਆਂ ਲੜਾਈਆਂ ਅਸੀਂ ਲੜੀਆਂ ਹਨ। ਅੱਜ ਸਿਚੂਏਸ਼ਨ ਇਹ ਬਣ ਗਈ ਹੈ ਕਿ ਅਸੀਂ ਹੌਲੀ-ਹੌਲੀ ਘੱਟ ਗਿਣਤੀ ਵੱਲ ਜਾ ਰਹੇ ਹਾਂ। ਇਸ ਦੀ ਗੰਭੀਰਤਾ ਨੂੰ ਮੱਦੇਨਜ਼ਰ ਰੱਖਦੇ ਹੋਏ, ਮੈਂ ਤੁਹਾਨੂੰ ਇੱਕ ਗੱਲ ਕਹਿਣੀ ਹੈ ਕਿ ਹੁਣ ਤੁਹਾਡਾ ਵਖਤ ਹੈ ਅਤੇ ਸਾਰਿਆਂ ਨਾਲੋਂ ਵੱਡਾ ਨੈਕਸਸ between police and drug dealers ਵਾਲਾ ਤੋੜਨਾ ਪਵੇਗਾ। ਅੱਜ ਪੰਜਾਬ ਨੂੰ ਦੋ ਵੱਡੀਆਂ ਚੀਜ਼ਾਂ ਸਤਾ ਰਹੀਆਂ ਹਨ। ਪਹਿਲੀ ਵੱਡੀ ਚੀਜ਼ ਗੈਂਗਸਟਰ ਹਨ, ਅਸੀਂ ਤਾਂ ਪਹਿਲਾਂ ਕਦੇ ਇਨ੍ਹਾਂ ਬਾਰੇ ਸੁਣਿਆ ਹੀ ਨਹੀਂ ਸੀ। ਸਿਰਫ ਬਿਹਾਰ, ਯੂ.ਪੀ., ਛੱਤੀਸਗੜ੍ਹ ਵਿੱਚ ਗੈਂਗਸਟਰ ਸੁਣੇ ਸਨ। ਹੁਣ ਇੱਥੇ ਵੀ ਗੈਂਗਸਟਰ ਹੋ ਗਏ, ਇੱਥੇ ਡਰੱਗਜ਼ ਵੇਚਣ ਵਾਲੇ ਹੋ ਗਏ ਹਨ। ਇਨ੍ਹਾਂ ਤੋਂ ਖਹਿੜਾ ਕੌਣ ਛੁਡਾਏਗਾ? ਸਾਨੂੰ ਡਰੱਗ ਡੀਲਰਾਂ ਤੇ ਪੁਲਿਸ ਦਾ ਇਹ ਨੈਕਸਸ ਤੋੜਨਾ ਪਵੇਗਾ। ਡਰੱਗਜ਼ ਦੇ ਕੇਸਾਂ ਵਿੱਚ 4-5 ਵੱਡੇ ਪੁਲਿਸ ਅਫਸਰਜ਼, ਜਿਨ੍ਹਾਂ ਤੇ ਕੇਸ ਰਜਿਸਟਰਡ ਹੋਏ ਹਨ, ਉਨ੍ਹਾਂ ਵਿੱਚੋਂ ਇੱਕ ਵੀ ਬੰਦਾ ਆਪਾਂ ਗ੍ਰਿਫਤਾਰ ਨਹੀਂ ਕਰ ਸਕੇ। ਸਾਰੇ ਬਾਹਰ ਭੱਜ ਗਏ ਹਨ।

**ਸ੍ਰੀ ਅਸ਼ੋਕ ਪਰਾਸ਼ਰ ਪੱਪੀ (ਬੈਠੇ ਬੈਠੇ)**: ਅੰਸਾਰੀ ਤੋਂ start ਹੋਇਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਸ ਗੱਲ ਕਾਰਨ ਮੈਂ ਤੁਹਾਨੂੰ ਕਹਿਣਾ ਚਾਹਵਾਂਗਾ ਕਿ ਇਸ ਨੈਕਸਸ ਨੂੰ ਤੋੜਨ ਦੀ ਲੋੜ ਹੈ। ਜਿੱਥੋਂ ਤੱਕ ਇਨ੍ਹਾਂ ਨੇ ਬਿਕਰਮ ਸਿੰਘ ਮਜੀਠੀਏ ਦੀ ਗੱਲ ਕੀਤੀ ਸੀ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਦੀ ਸਰਕਾਰ ਵਿੱਚ ਅਕਤੂਬਰ-ਨਵੰਬਰ, 2021 ਵਿੱਚ ਐਨ.ਡੀ.ਪੀ.ਐਸ. ਐਕਟ ਦੇ ਅੰਦਰ ਬਿਕਰਮ ਸਿੰਘ ਮਜੀਠੀਏ ਤੇ ਕੇਸ ਰਜਿਸਟਰ ਕੀਤਾ ਗਿਆ ਸੀ ਅਤੇ ਉਹ ਅੰਡਰ ਗਰਾਊਂਡ ਹੋ ਗਿਆ ਸੀ। ਪਹਿਲਾਂ ਹਾਈ ਕੋਰਟ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ, ਜਦੋਂ ਥੋੜ੍ਹੇ ਦਿਨਾਂ ਬਾਅਦ Government ਨੇ ਉਸ ਦੀ ਬੇਲ ਨੂੰ ਚੈਲੇਂਜ ਕੀਤਾ ਤਾਂ ਬੇਲ ਖਾਰਜ ਹੋ ਗਈ। ਥੋੜ੍ਹੇ ਦਿਨਾਂ ਬਾਅਦ ਹੀ ਉਹ ਸੁਪਰੀਮ ਕੋਰਟ ਚਲਾ ਗਿਆ ਕਿਉਂਕਿ ਇਲੈਕਸ਼ਨਾਂ ਦਾ ਦੌਰ ਸ਼ੁਰੂ ਹੋਣ ਵਾਲਾ ਸੀ। ਆਨਰੇਬਲ ਸੁਪਰੀਮ ਕੋਰਟ ਨੇ ਇਸ ਨੂੰ ਇਲੈਕਸ਼ਨ ਲੜਨ ਦੀ ਇਜਾਜ਼ਤ ਦੇ ਦਿੱਤੀ ਅਤੇ ਹਦਾਇਤ ਕੀਤੀ ਕਿ ਇਲੈਕਸ਼ਨ ਖਤਮ ਹੁੰਦੇ ਹੀ ਅਗਲੇ ਦਿਨ ਉਸ ਨੂੰ ਪੇਸ਼ ਹੋਣਾ ਪਵੇਗਾ। ਉਹ ਪੇਸ਼ ਹੁੰਦਾ ਹੈ।

**ਮਾਣਯੋਗ ਸਪੀਕਰ**: ਤੁਹਾਡਾ ਸਮਾਂ ਹੋ ਗਿਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਨਹੀਂ ਸਰ, ਅਜੇ ਤਾਂ ਕੰਮ ਸ਼ੁਰੂ ਹੀ ਹੋਇਆ ਹੈ।

**ਮਾਣਯੋਗ ਸਪੀਕਰ**: ਨਹੀਂ, ਗੱਲ ਤਾਂ ਟਾਈਮ ਨਾਲ ਹੀ ਹੁੰਦੀ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਥੋੜ੍ਹਾ ਜਿਹਾ ਟਾਈਮ ਦੇ ਦੇਵੋ ਜੀ।

**ਮਾਣਯੋਗ ਸਪੀਕਰ**: ਨਹੀਂ, ਹੁਣ ਨਹੀਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਦੋ ਚਾਰ ਮਿੰਟ ਵਾਈਂਡ ਅੱਪ ਕਰਨ ਲਈ ਦੇ ਦੇਵੋ।

**ਮਾਣਯੋਗ ਸਪੀਕਰ**: ਹਾਂ ਜੀ, ਵਾਈਂਡ ਅੱਪ ਕਰ ਲਵੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਉਹ 4-5 ਮਹੀਨੇ ਬੇਲ ਤੇ ਰਿਹਾ। ਤੁਹਾਡੀ ਸਰਕਾਰ ਆ ਗਈ। ਸਰਕਾਰ ਨੇ ਇੱਕ ਵਾਰ ਵੀ ਇਹ ਕੋਸ਼ਿਸ਼ ਨਹੀਂ ਕੀਤੀ ਕਿ ਉਸ ਦਾ ਕੋਈ ਰਿਮਾਂਡ ਲਿਆ ਜਾਵੇ ਜਾਂ ਉਸ ਕੋਲੋਂ ਕੋਈ ਪੁੱਛ-ਗਿੱਛ ਕੀਤੀ ਜਾਵੇ। ਉਸ ਨੇ ਫਿਰ ਬੇਲ ਲਈ ਅਪਲਾਈ ਕੀਤਾ, ਆਨਰੇਬਲ ਹਾਈ ਕੋਰਟ ਨੇ ਉਸ ਨੂੰ ਬੇਲ ਦੇ ਦਿੱਤੀ। ਉੱਥੇ ਵੀ ਜਿਹੜੇ ਤੁਹਾਡੇ ਸਰਕਾਰ ਦੇ ਵਕੀਲ ਪੇਸ਼ ਹੋਣੇ ਚਾਹੀਦੇ ਸਨ, ਉਹ ਨਹੀਂ ਹੋਏ ਅਤੇ ਜਿਹੜੇ ਪੇਸ਼ ਹੋਏ, ਉਨ੍ਹਾਂ ਵਕੀਲਾਂ ਨੇ ਬਹਿਸ ਹੀ ਇੰਨੀ ਕਮਜ਼ੋਰ ਕੀਤੀ ਕਿ ਬੇਲ ਮਿਲ ਗਈ। ਹੁਣ recent ਤੁਸੀਂ ਸਾਢੇ 3 ਸਾਲ ਬਾਅਦ ਬਿਕਰਮ ਮਜੀਠੀਏ ਉੱਤੇ ਕੇਸ ਦਰਜ ਕੀਤਾ ਹੈ। ਜੇ ਤਾਂ ਐਨ.ਡੀ.ਪੀ.ਐਸ. ਦੇ ਉਸੇ ਪੁਰਾਣੇ ਕੇਸ ਨੂੰ ਹੀ ਪਰਸਿਊ ਕਰਦੇ ਤਾਂ ਇਹ ਮਾਮਲਾ ਕਿਸੇ ਬੰਨੇ ਲੱਗ ਜਾਂਦਾ ਪਰ ਹੁਣ ਤੁਸੀਂ Disproportionate Assets ਦਾ ਕੇਸ ਦਰਜ ਕਰ ਦਿੱਤਾ ਤੇ ਉਸ ਵੱਲ 540 ਕਰੋੜ ਰੁਪਿਆ ਕੱਢ ਦਿੱਤਾ। ਇਸ ਨੂੰ ਜੇਕਰ ਤੁਸੀਂ ਐਨ.ਡੀ.ਪੀ.ਐਸ. ਐਕਟ ਦੇ ਥੱਲੇ ਲੈ ਕੇ ਆਉਂਦੇ ਤਾਂ ਕਿਸੇ ਬੰਨੇ ਲੱਗ ਜਾਣਾ ਸੀ। ਤੁਸੀਂ ਦੋਨੋਂ ਪਾਸੇ ਉਸ ਦਾ ਕੇਸ ਕਮਜ਼ੋਰ ਕੀਤਾ ਹੈ। ਇਸ ਗੱਲ ਕਾਰਨ ਮੈਂ ਸਰਕਾਰ ਨੂੰ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਆਪਣਾ ਜਿਹੜਾ ਪੁਲਿਸ ਅਤੇ ਗੈਂਗਸਟਰਜ਼ ਦਾ ਨੈਕਸਸ ਹੈ, ਉਸ ਨੂੰ ਤੋੜਨ ਦੀ ਅੱਜ ਵੱਡੀ ਲੋੜ ਹੈ। ਸਾਡੀਆਂ ਸਰਕਾਰਾਂ ਆ ਜਾਣ, ਚਾਹੇ ਚਲੀਆਂ ਜਾਣ ਪਰ ਇਹ ਪੱਕੇ ਤੌਰ ਤੇ ਇੱਥੇ ਬੈਠੇ ਹਨ। ਤੁਹਾਡੀ ਇਹ ਮੁਹਿੰਮ ਚੱਲੀ ਹੈ, most welcome ਹੈ, ਬਹੁਤ ਅੱਛੀ ਗੱਲ ਹੈ। ਇਹ ਮੁਹਿੰਮ ਚੱਲਣੀ ਚਾਹੀਦੀ ਹੈ but ਇਸ ਦਾ ਕੋਈ ਵੱਡਾ ਅਸਰ ਨਹੀਂ ਹੋ ਰਿਹਾ। ਅਸੀਂ ਆਪਣੇ ਹਲਕਿਆਂ ਵਿੱਚ ਜਾਂਦੇ ਹਾਂ। ਡਰੱਗਜ਼ ਉਸੇ ਤਰ੍ਹਾਂ ਹੀ ਅਵੇਲੇਬਲ ਹਨ, ਜਿਸ ਤਰ੍ਹਾਂ ਪਹਿਲਾਂ ਅਵੇਲੇਬਲ ਸਨ, ਕੋਈ ਉਸ ਵਿੱਚ ਫਰਕ ਨਹੀਂ ਪਿਆ ਹੈ। ਭਾਵੇਂ ਜਿੰਨਾ ਮਰਜ਼ੀ perceptional ਬਣਾਈ ਜਾਓ, ਜਿੰਨਾ ਮਰਜ਼ੀ ਕਹੀ ਜਾਓ ਕਿ ਜੀ 'ਯੁੱਧ ਨਸ਼ੇ ਵਿਰੁੱਧ' ਚੱਲ ਰਿਹਾ ਹੈ ਪਰ ਥੱਲੇ ਗਰਾਊਂਡ ਉੱਤੇ ਇਸ ਮੁਹਿੰਮ ਦਾ ਕੋਈ ਫਰਕ ਨਹੀਂ ਪਿਆ ਹੈ। ਸੋ, ਮੇਰਾ ਕਹਿਣ ਦਾ ਮਤਲਬ ਹੈ ਕਿ ਪੁਲਿਸ ਦਾ ਇਹ ਗੈਂਗਸਟਰਜ਼ ਦੇ ਨਾਲ ਨੈਕਸਸ ਤੋੜਨਾ ਜ਼ਰੂਰੀ ਹੈ। ਸਰ, ਅੱਜ ਕਿਸੇ ਵੀ ਆਦਮੀ ਦੀ ਜ਼ਿੰਦਗੀ ਮਹਿਫੂਜ਼ ਨਹੀਂ ਹੈ।

**ਮਾਣਯੋਗ ਸਪੀਕਰ**: ਥੈਂਕ ਯੂ ਜੀ। ਸ੍ਰੀ ਅਮਨ ਅਰੋੜਾ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ, ਤੁਸੀਂ ਬਹੁਤ ਹੀ ਇੰਪਾਰਟੈਂਟ ਇਸ਼ੂ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਅੱਜ ਦੇ ਦਿਨ ਇਸ ਪਵਿੱਤਰ ਸਦਨ ਵਿਚ ਦੋ ਬੜੀਆਂ ਇੰਪਾਰਟੈਂਟ ਡਿਸਕਸ਼ਨਜ਼, ਸ੍ਰੀ ਗੁਰੂ ਸਾਹਿਬ ਜੀ ਦੀ ਬੇਅਦਬੀ ਦੇ ਮੁੱਦੇ ਤੇ ਅਤੇ ਨਸ਼ਿਆਂ ਦੇ ਮੁੱਦੇ ਉੱਪਰ ਹੋਈਆਂ ਹਨ। ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿਉਂਕਿ ਜਦੋਂ ਅਸੀਂ ਉੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠਦੇ ਹੁੰਦੇ ਸੀ ਤਾਂ ਉਦੋਂ ਬਤੌਰ ਆਪੋਜ਼ੀਸ਼ਨ ਅਸੀਂ ਇਹ ਦੋਵੇਂ ਮੁੱਦੇ ਇਸ ਪਵਿੱਤਰ ਸਦਨ ਵਿੱਚ ਚੁੱਕਦੇ ਹੁੰਦੇ ਸੀ ਪ੍ਰੰਤੂ ਅੱਜ ਤੱਕ ਕਦੇ ਇਨ੍ਹਾਂ ਦੋਨਾਂ ਇਸ਼ੂਜ਼ ਉੱਪਰ, ਚਾਹੇ ਅਕਾਲੀ ਦਲ ਦੀ ਸਰਕਾਰ ਸੀ ਜਾਂ

ਕਾਂਗਰਸ ਪਾਰਟੀ ਦੀ ਸਰਕਾਰ ਸੀ, ਕਿਸੇ ਸਰਕਾਰ ਨੇ ਡਿਸਕਸ਼ਨਜ਼ ਕਰਵਾਉਣ ਦਾ ਇਨੀਸ਼ੀਏਟਿਵ ਨਹੀਂ ਲਿਆ। ਇਹ ਪਹਿਲੀ ਵਾਰ ਹੋਇਆ ਹੈ ਕਿ ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਵਿੱਚ ਸਾਡੀ ਸਰਕਾਰ ਇਹ ਡਿਸਕਸ਼ਨਜ਼ ਕਰਵਾ ਰਹੀ ਹੈ ਕਿਉਂਕਿ ਸਾਡੀ ਸਰਕਾਰ ਦੀ ਨੀਅਤ ਸਾਫ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਇਹ ਗੁਰੂਆਂ, ਪੀਰਾਂ ਅਤੇ ਫਕੀਰਾਂ ਦੀ ਧਰਤੀ ਹੈ। ਇੱਥੇ ਪੰਜ ਦਰਿਆ ਵਗਦੇ ਸੀ ਪਰ ਸਮੁੱਚੇ ਪੰਜਾਬ ਦੀ ਬਦਕਿਸਮਤੀ ਹੈ ਕਿ ਇੱਥੇ ਪਿਛਲੇ ਸਮਿਆਂ ਵਿੱਚ 6ਵਾਂ ਦਰਿਆ ਨਸ਼ਿਆਂ ਦਾ ਚੱਲਿਆ ਹੈ। ਦੁੱਧ, ਲੱਸੀਆਂ, ਮੱਖਣਾਂ ਅਤੇ 'ਜੈ ਜਵਾਨ, ਜੈ ਕਿਸਾਨ' ਦੀ ਧਰਤੀ ਉੱਪਰ ਅੱਜ ਚਿੱਟੇ ਤੇ ਸਿੰਥੈਟਿਕ ਡਰੱਗਜ਼ ਜਿਹੇ words common ਹੋ ਚੁੱਕੇ ਹਨ। ਸਰ, ਸਾਡੀ ਸਭ ਤੋਂ ਵੱਡੀ ਤ੍ਰਾਸਦੀ ਇਹ ਰਹੀ ਹੈ ਕਿ ਉਹ ਪਾਰਟੀ, ਜਿਹੜੀ ਹੁਣ ਤੱਕ ਪੰਥ ਦਾ ਨਾਅਰਾ ਲਾ-ਲਾ ਕੇ, ਪੰਥ ਦੀ ਦੁਹਾਈ ਪਾ-ਪਾ ਕੇ ਸੱਤਾ ਵਿੱਚ ਆਉਂਦੀ ਰਹੀ ਹੈ, ਜਿਸ ਦੀ ਜ਼ਿੰਮੇਵਾਰੀ ਜਵਾਨੀ ਤੇ ਕਿਸਾਨੀ ਨੂੰ ਬਚਾਉਣ ਦੀ ਸੀ, ਉਸ ਖਿਲਾਫ਼ ਇਨ੍ਹਾਂ ਬਾਬਤ allegation ਲੱਗਦੇ ਰਹੇ ਹਨ। ਸਰ, ਆਪਣੇ ਪੰਜਾਬੀ ਬੜੇ ਫਰਾਖਦਿਲ ਹਨ, ਉਹ ਦੋ ਕੰਮ ਘੱਟ ਹੋ ਜਾਣ ਜਾਂ ਵੱਧ ਹੋ ਜਾਣ, ਇੰਨਾ ਮਾਈਂਡ ਨਹੀਂ ਕਰਦੇ ਪਰ ਦੋ ਚੀਜ਼ਾਂ ਗੁਰੂ ਸਾਹਿਬ ਦੀ ਬੇਅਦਬੀ ਅਤੇ ਨਸ਼ਾ ਬਰਦਾਸ਼ਤ ਨਹੀਂ ਕਰਦੇ। ਸਪੀਕਰ ਸਾਹਿਬ, ਮੈਂ ਦਿਲੋਂ ਮੰਨ ਕੇ ਚਲਦਾ ਹਾਂ ਕਿ ਪਿਛਲੇ 10 ਸਾਲ ਦੇ ਸਮੇਂ ਵਿੱਚ ਅਕਾਲੀ ਦਲ-ਭਾਜਪਾ ਦੀ ਸਰਕਾਰ ਨੂੰ ਇਨ੍ਹਾਂ ਦੋ ਚੀਜ਼ਾਂ ਵਾਸਤੇ ਮੁਆਫੀ ਨਾ ਤਾਂ ਲੋਕਾਂ ਤੋਂ ਮਿਲਣੀ ਹੈ ਅਤੇ ਨਾ ਹੀ ਉਸ ਪ੍ਰਮਾਤਮਾ ਤੋਂ ਮਿਲਣੀ ਹੈ। ਇਹ ਦੋਵੇਂ ਚੀਜ਼ਾਂ ਹਨ - ਇੱਕ ਗੁਰੂ ਸਾਹਿਬ, ਜਿਨ੍ਹਾਂ ਨੂੰ ਅਸੀਂ ਆਪਣਾ ਸਭ-ਕੁਝ ਮੰਨਦੇ ਹਾਂ, ਆਪਣਾ ਪਿਓ ਮੰਨਦੇ ਹਾਂ, ਉਨ੍ਹਾਂ ਦੇ ਅੰਗਾਂ ਨੂੰ ਗਲੀਆਂ, ਰੂੜ੍ਹੀਆਂ ਵਿੱਚ ਰੋਲਿਆ ਗਿਆ, ਇਸ ਚੀਜ਼ ਦੀ ਮੁਆਫੀ ਨਾ ਲੋਕਾਂ ਤੋਂ ਮਿਲ ਸਕਦੀ ਹੈ ਅਤੇ ਨਾ ਹੀ ਉਪਰੋਂ। ਦੂਜੀ ਗੱਲ, ਸਪੀਕਰ ਸਾਹਿਬ ਹੁਣ ਪਹਿਲਾਂ ਵਾਲੇ ਕੰਮ ਤਾਂ ਹੈ ਨਹੀਂ, ਹੁਣ ਤਾਂ ਹਰ ਘਰ ਵਿਚ ਇੱਕ-ਇੱਕ, ਦੋ-ਦੋ ਬੱਚੇ ਹਨ। ਬੱਚੇ ਦਾ ਜੇਕਰ ਢਿੱਡ ਵੀ ਦੁੱਖਦਾ ਹੋਵੇ, ਮਾਂ-ਬਾਪ ਦੀ ਜਾਨ ਨਿਕਲ ਜਾਂਦੀ ਹੈ ਤੇ ਇੱਥੇ ਉਸ ਸਮੇਂ ਦੀ ਸਰਕਾਰ ਨੇ ਜਿਨ੍ਹਾਂ ਦੀ ਪੁਸ਼ਤ-ਪਨਾਹੀ ਕਰਨੀ ਸੀ, ਉਨ੍ਹਾਂ ਨੇ ਘਰਾਂ ਵਿੱਚ ਨਸ਼ੇ ਪਹੁੰਚਾਏ, ਸਰਿੰਜਾਂ ਲਗਾ-ਲਗਾ ਕੇ ਬੱਚੇ ਖਤਮ ਕਰ ਦਿੱਤੇ, ਅਗਲੀ ਨਸਲ ਖਤਮ ਕਰ ਦਿੱਤੀ। ਇਹ ਦੋ ਚੀਜ਼ਾਂ ਵਾਸਤੇ ਮੈਂ ਮੰਨ ਕੇ ਚਲਦਾ ਹਾਂ ਕਿ ਇਨ੍ਹਾਂ ਦੀ ਮੁਆਫੀ ਅਕਾਲੀ ਦਲ ਨੂੰ ਜਾਂ ਭਾਜਪਾ ਨੂੰ ਨਹੀਂ ਮਿਲਣੀ। ਸਰ, ਉਸ ਤੋਂ ਮਗਰੋਂ ਕਾਂਗਰਸ ਦੀ ਸਰਕਾਰ ਆਈ ਤੇ ਗੁਟਕਾ ਸਾਹਿਬ ਨੂੰ ਹੱਥ ਵਿਚ ਫੜ੍ਹ ਕੇ, ਮੱਥੇ ਨਾਲ ਲਗਾ ਕੇ, ਤਖਤ ਸ੍ਰੀ ਦਮਦਮਾ ਸਾਹਿਬ ਵੱਲ ਮੂੰਹ ਕਰਕੇ ਸਹੁੰ ਖਾਧੀ ਗਈ ਕਿ ਅਸੀਂ ਚਾਰ ਮਹੀਨਿਆਂ ਵਿੱਚ ਨਸ਼ੇ ਖਤਮ ਕਰ ਦਿਆਂਗੇ। ਅਸੀਂ ਚਾਰ ਮਹੀਨਿਆਂ ਵਿੱਚ, ਜਿਹੜੇ ਗੁਰੂ ਸਾਹਿਬ ਦੀ ਬੇਅਦਬੀ ਦੇ ਗੁਨਾਹਗਾਰ ਹਨ, ਉਨ੍ਹਾਂ ਨੂੰ ਵੀ ਫੜ੍ਹ ਲਵਾਂਗੇ ਪਰੰਤੂ ਉਸ ਤੋਂ ਮਗਰੋਂ ਕਿਸ ਤਰੀਕੇ ਨਾਲ ਯੂ-ਟਰਨ ਲਿਆ ਗਿਆ, ਉਹ ਸਾਰੀਆਂ ਗੱਲਾਂ ਪਹਿਲਾਂ ਵੀ ਹੋ ਚੁੱਕੀਆਂ ਹਨ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਜਿਸ ਦਿਨ ਦੀ ਮਾਨ ਸਾਹਿਬ ਦੀ ਅਗਵਾਈ ਵਿੱਚ ਸਾਡੀ ਸਰਕਾਰ ਆਈ ਹੈ, ਸਾਡੀ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਕੰਮ ਕਰਨੇ ਸ਼ੁਰੂ ਕਰ ਦਿੱਤੇ ਹਨ। ਸਪੀਕਰ ਸਾਹਿਬ, ਜੇ ਮੈਂ ਅੱਜ ਤਿੰਨ ਸਾਲ ਕਾਂਗਰਸ ਦੇ ਤੇ ਸਵਾ ਤਿੰਨ ਸਾਲ ਭਗਵੰਤ ਮਾਨ ਜੀ ਦੀ ਸਰਕਾਰ ਦੇ ਸਮੇਂ ਦਾ comparison ਕਰਾਂ ਤਾਂ ਇਨ੍ਹਾਂ ਦੀ (ਕਾਂਗਰਸ) ਸਰਕਾਰ ਵੇਲੇ ਕੁੱਲ ਐਨ.ਡੀ.ਪੀ.ਐਸ. ਦੇ 29,800 ਕੇਸ ਦਰਜ ਹੋਏ ਸਨ ਅਤੇ ਸਾਡੇ ਵੇਲੇ 44,900 ਕੇਸ ਦਰਜ ਹੋਏ ਹਨ। ਇੰਨੀ ਸਖਤੀ ਹੋਈ। ਇਨ੍ਹਾਂ ਦੇ ਵੇਲੇ 41,000 ਮੁਜਰਮ ਫੜ੍ਹੇ ਗਏ ਅਤੇ ਸਾਡੇ ਵੇਲੇ 61,500 ਮੁਜਰਮ ਫੜ੍ਹੇ ਗਏ ਹਨ। ਹੈਰੋਇਨ 1,855 ਕਿੱਲੋਗਰਾਮ ਫੜ੍ਹੀ ਗਈ ਸੀ ਪਰ ਮਾਨ ਸਾਹਿਬ ਦੀ ਅਗਵਾਈ ਵਿੱਚ ਕੀਤੀ ਸਖਤੀ ਕਾਰਨ 4,000 ਕਿੱਲੋ ਤੋਂ ਵੱਧ ਹੈਰੋਇਨ ਫੜ੍ਹੀ ਗਈ ਹੈ। ਇਸੇ ਤਰੀਕੇ ਨਾਲ ਡਰੱਗ ਮਨੀ 4 ਗੁਣਾਂ ਵੱਧ ਫੜ੍ਹੀ ਗਈ ਹੈ। ਸ਼ੁਰੂ-ਸ਼ੁਰੂ ਵਿੱਚ ਜਦੋਂ ਇਹ ਸਖਤੀ ਹੋਈ ਤਾਂ ਉਦੋਂ ਸਾਡੇ ਵਿਰੋਧੀਆਂ ਨੇ ਕਿਹਾ ਕਿ ਛੋਟੀਆਂ-ਛੋਟੀਆਂ ਮੱਛੀਆਂ ਫੜ੍ਹੀ ਜਾਂਦੇ ਹੋ, ਵੱਡੇ ਮਗਰਮੱਛਾਂ ਨੂੰ

ਹੱਥ ਨਹੀਂ ਪਾਉਂਦੇ ਅਤੇ ਜਦੋਂ ਮਾਨ ਸਾਹਿਬ ਅਤੇ ਸਾਡੇ ਨੈਸ਼ਨਲ ਕਨਵੀਨਰ ਕੇਜਰੀਵਾਲ ਸਾਹਿਬ ਨੇ ਕਿਹਾ ਕਿ ਵੱਡਾ ਹੋਵੇ, ਛੋਟਾ ਹੋਵੇ, ਆਪਣਾ ਹੋਵੇ, ਬੇਗਾਨਾ ਹੋਵੇ, ਅਫਸਰ ਹੋਵੇ, ਮੁਲਾਜ਼ਮ ਹੋਵੇ ਜਾਂ ਲੀਡਰ ਹੋਵੇ, ਕੋਈ ਬਖਸ਼ਿਆ ਨਹੀਂ ਜਾਵੇਗਾ। ਜਦੋਂ ਵੱਡੇ ਮਗਰਮੱਛਾਂ ਨੂੰ ਹੱਥ ਪੈਣੇ ਸ਼ੁਰੂ ਹੋਏ ਤਾਂ ਕਿਸ ਤਰੀਕੇ ਦੇ ਨਾਲ ਵਿਰੋਧੀ ਧਿਰ ਦੇ ਲੀਡਰਾਂ ਨੂੰ, ਖਾਸ ਤੌਰ ਤੇ ਕਾਂਗਰਸ ਪਾਰਟੀ ਦੇ ਸਾਡੇ ਸਾਥੀਆਂ ਨੂੰ ਤਕਲੀਫ ਸ਼ੁਰੂ ਹੋਈ। ਗੱਲ ਕੀਤੀ ਜਾਂਦੀ ਹੈ ਕਿ Disproportionate Assets ਦਾ ਪਰਚਾ ਦਰਜ ਹੋਇਆ ਹੈ। ਕਿਉਂ Disproportionate Assets ਦਾ ਪਰਚਾ ਦਰਜ ਨਾ ਹੋਵੇ ਜੀ? ਉਹ ਕੰਮ, ਉਹ ਕਾਰਨਾਮੇ, ਉਹ ਕਰਤੂਤਾਂ, ਜਿਹੜਾ ਪੈਸਾ ਲੋਕਾਂ ਦੇ ਘਰਾਂ ਵਿੱਚ ਸੱਥਰ ਵਿਛਾ ਕੇ ਕਮਾਇਆ ਗਿਆ ਹੋਵੇ, ਕੀ ਇਹ ਭਗਵੰਤ ਮਾਨ ਜੀ ਦੀ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਇਕੱਲਾ-ਇਕੱਲਾ ਪੈਸਾ ਰਿਕਵਰ ਕੀਤਾ ਜਾਵੇ? ਹੁਣ ਸਵਾਲ ਇਹ ਹੈ ਕਿ ਮੇਰੇ ਬਹੁਤ ਹੀ ਸਤਿਕਾਰਯੋਗ ਸਾਥੀ ਨੇ ਬੜੀ ਤਕਲੀਫ ਮੰਨੀ ਹੈ, ਬਾਜਵਾ ਸਾਹਿਬ ਨੇ ਪਹਿਲਾਂ ਵੀ ਗੱਲ ਕੀਤੀ ਹੈ ਅਤੇ ਹੁਣ ਵੀ ਜਦੋਂ ਬੋਲ ਕੇ ਹਟੇ ਹਨ, ਹੁਣ ਵੀ ਇਸ ਗੱਲ ਤੇ ਆਬਜੈਕਸ਼ਨ ਕੀਤਾ ਹੈ ਕਿ ਮੈਂ ਤਾਂ ਇਹ ਕਿਹਾ ਸੀ ਕਿ ਤੁਸੀਂ ਗਨੀਵ ਕੌਰ ਮਜੀਠੀਆ ਦੇ ਬੈੱਡਰੂਮ ਤੱਕ ਕਿਉਂ ਗਏ? ਤੁਸੀਂ ਉਨ੍ਹਾਂ ਦੇ ਕੰਟੈਕਸਟ ਵਿੱਚ ਵਿਰੋਧ ਕੀਤਾ ਸੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ)**: ਮੈਂ ਕਿਹਾ ਸੀ ਕਿ ਜੋ ਤੌਰ-ਤਰੀਕਾ ਅਖਤਿਆਰ ਕੀਤਾ ਹੈ, ਉਹ ਗਲਤ ਕੀਤਾ ਹੈ। She is a sitting MLA.

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ**: ਮੰਨ ਲਈ ਗੱਲ। ਗਨੀਵ ਕੌਰ ਮਜੀਠੀਆ, ਸਾਡੇ ਸਤਿਕਾਰਯੋਗ ਮੈਂਬਰ ਹਨ, ਤੁਸੀਂ ਉਨ੍ਹਾਂ ਬਾਰੇ ਗੱਲ ਕੀਤੀ ਹੈ। ਤੁਸੀਂ ਕਿਹਾ ਹੈ ਕਿ ਮੈਂ ਬਿਕਰਮ ਸਿੰਘ ਮਜੀਠੀਆ ਬਾਰੇ ਕੋਈ ਗੱਲ ਹੀ ਨਹੀਂ ਕੀਤੀ। ਬਾਜਵਾ ਸਾਹਿਬ, ਤੁਹਾਡੇ ਕੋਲ ਫੋਨ ਹੈ? ਆਪਣਾ ਟਵਿਟਰ ਅਕਾਊਂਟ ਖੋਲ੍ਹੋ। ਸਪੀਕਰ ਸਾਹਿਬ, ਮਿਤੀ 25.06.2025 ਨੂੰ, ਮੈਂ ਇਨ੍ਹਾਂ ਦੇ ਟਵਿਟਰ ਅਕਾਊਂਟ ਤੋਂ ਪੜ੍ਹ ਰਿਹਾ ਹਾਂ, ਇਨ੍ਹਾਂ ਨੇ ਕੀ ਲਿਖਿਆ ਹੈ : "I strongly condemn the arrest of Bikramjit Singh Majithia both in the manner it violates democratic principles and exposes the dictatorial mind set behind it." (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਲਾਈਨਾਂ ਮੈਂ ਇਨ੍ਹਾਂ ਦੇ ਟਵਿੱਟਰ (ਐਕਸ) ਅਕਾਊਂਟ ਤੋਂ ਪੜ੍ਹ ਰਿਹਾ ਹਾਂ। ਇਹ ਕਹਿ ਦੇਣ ਕਿ ਮੈਂ ਨਹੀਂ ਲਿਖਿਆ। ਇਸ ਤਰ੍ਹਾਂ ਇਹ ਯੂ-ਟਰਨ ਲੈ ਲੈਂਦੇ ਹਨ।

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ। (ਵਿਘਨ)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਇਹ ਉਮਰ ਦਰਾਜ ਹੋ ਗਏ ਹਨ ਅਤੇ ਭੁੱਲ ਜਾਂਦੇ ਹਨ, ਫੇਰ ਯੂ-ਟਰਨ ਲੈ ਲੈਂਦੇ ਹਨ। ਹਫਤਾ ਹੋ ਗਿਆ, ਉਸ ਤੋਂ ਬਾਅਦ ਇਹ ਬਾਹਰ ਵੀ ਤੇ ਹੁਣ ਅੰਦਰ ਵੀ ਦਿਖਾ ਰਹੇ ਸੀ ਕਿ ਮੈਂ ਹਰਪਾਲ ਚੀਮਾ ਅਤੇ ਅਮਨ ਅਰੋੜਾ ਤੇ ਐਫ.ਆਈ.ਆਰ. ਦਰਜ ਕਰਵਾ ਦਿੱਤੀ ਹੈ। ਸਪੀਕਰ ਸਾਹਿਬ, ਮੈਨੂੰ ਅੱਜ ਇੱਥੇ ਇੰਨੇ ਸਾਲ ਹੋ ਗਏ ਹਨ, ਮੈਂ ਅੱਜ ਤੱਕ ਕਦੇ ਵੀ ਸ਼ਨੀਵਾਰ-ਐਤਵਾਰ ਸੁਨਾਮ ਜਾਣਾ ਮਿਸ ਨਹੀਂ ਕੀਤਾ ਕਿਉਂਕਿ ਸ਼ਨੀਵਾਰ-ਐਤਵਾਰ ਪੱਕਾ ਹਲਕੇ ਵਾਸਤੇ ਹੁੰਦਾ ਹੈ। ਸਪੀਕਰ ਸਾਹਿਬ, ਰੱਬ ਦੀ ਸਹੁੰ ਜਿਵੇਂ ਹੁਣ ਬਾਜਵਾ ਸਾਹਿਬ ਪਰਚਾ ਦਿਖਾ ਰਹੇ ਸਨ ਕਿ ਮੈਂ ਐਫ.ਆਈ.ਆਰ. ਦਰਜ ਕਰਵਾ ਦਿੱਤੀ ਹੈ, ਮੈਂ ਇਸ ਸ਼ਨੀਵਾਰ-ਐਤਵਾਰ ਸੁਨਾਮ ਮਿਸ ਕਰ ਦਿੱਤਾ, ਕਿਤੇ ਬਾਜਵਾ ਸਾਹਿਬ ਦੀ ਪੁਲਿਸ ਲੈਣ ਨਾ ਆ ਜਾਵੇ।

**ਮਾਣਯੋਗ ਸਪੀਕਰ** : ਥੈਂਕ ਯੂ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਬਾਜਵਾ ਸਾਹਿਬ, ਜਿਹੜੀ ਐਫ.ਆਈ.ਆਰ. ਦਰਜ ਕਰਵਾਈ ਹੈ, ਮੈਨੂੰ ਲੱਗਦਾ ਹੈ ਕਿ ਤੁਸੀਂ ਥੋੜ੍ਹੀ ਜਿਹੀ ਗਲਤੀ ਕਰ ਗਏ। ਤੁਸੀਂ 32 ਬੰਬ ਸਾਂਭ ਕੇ ਰੱਖੇ ਹੋਏ ਹਨ। ਤੁਸੀਂ ਕਿਹਾ ਕਿ ਮੈਂ ਤੋਪ ਵਾਲਾ ਬੰਬ ਤੁਹਾਡੇ ਤੇ ਚਲਾ ਦਿੱਤਾ, ਤੁਸੀਂ ਇਹੋ ਜਿਹੇ 36 ਬੰਬ ਵੀ ਚਲਾ ਲਓ, ਸਾਨੂੰ ਬਿਲਕੁਲ ਪਰਵਾਹ ਨਹੀਂ ਹੈ। ਕਿਉਂ? ਜਦੋਂ ਤੱਕ ਸਾਡੇ ਮੁੱਖ ਮੰਤਰੀ, ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਤਹੱਈਆ ਕੀਤਾ ਹੋਇਆ ਹੈ ਕਿ ਪੰਜਾਬ ਦੀ ਪਵਿੱਤਰ ਧਰਤੀ ਤੋਂ ਨਸ਼ਾ ਖਤਮ ਕਰਨਾ ਹੈ ਤਾਂ ਕਰਨਾ ਹੈ, ਤੁਸੀਂ ਚਾਹੇ ਅਜਿਹੀਆਂ 36 ਐਫ.ਆਈ.ਆਰਜ਼. ਕਰਵਾਓ, ਸਾਨੂੰ ਭੋਰਾ ਪਰਵਾਹ ਨਹੀਂ ਹੈ।

**ਮਾਣਯੋਗ ਸਪੀਕਰ** : ਥੈਂਕ ਯੂ, ਬੈਠੋ ਜੀ। ਹਾਂ ਜੀ, ਬਾਜਵਾ ਸਾਹਿਬ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਗੱਲਾਂ ਤਾਂ ਤੁਸੀਂ ਬਹੁਤ ਵੱਡੀਆਂ ਕਰਦੇ ਹੋ, ਕਦੇ ਤੁਸੀਂ ਆਪਣੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਪੁੱਛਿਆ ਹੈ, ਜਿਸ ਨੇ ਬਿਕਰਮ ਮਜੀਠੀਏ ਤੋਂ ਲਿਖਤੀ ਮੁਆਫੀ ਮੰਗੀ ਸੀ।(ਵਿਘਨ)

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ, ਸ਼੍ਰੀ ਅਮਨ ਅਰੋੜਾ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨਾਲ ਬਹਿਸ ਰਹੇ ਸਨ। ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ** : ਬੈਠੋ ਜੀ। ਸਰਦਾਰ ਮਨਪ੍ਰੀਤ ਸਿੰਘ ਇਆਲੀ ਸਾਹਿਬ ਬੋਲਣਗੇ। (ਵਿਘਨ) ਬਾਜਵਾ ਜੀ, ਬੈਠੋ। ਆਪਾਂ ਗੱਲ ਨੂੰ ਅੱਗੇ ਤੋਰੀਏ। (ਵਿਘਨ) ਚੀਮਾ ਸਾਹਿਬ, ਬੈਠੋ। ਇਆਲੀ ਸਾਹਿਬ ਨੂੰ ਬੋਲ ਲੈਣ ਦਿਓ। (ਵਿਘਨ) ਜੋ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) ਹਾਂ ਜੀ, ਚੀਮਾ ਜੀ, ਤੁਸੀਂ ਬੋਲੋ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਪਹਿਲਾਂ ਸਰਦਾਰ ਪ੍ਰਤਾਪ ਸਿੰਘ ਬਾਜਵਾ ਨੇ ਮੇਰੇ ਬਾਰੇ ਕਿਹਾ ਸੀ, ਮੈਂ ਉਸ ਬਾਰੇ ਜਵਾਬ ਦੇਣਾ ਚਾਹੁੰਦਾ ਹਾਂ। ਮੈਂ ਸਭ ਤੋਂ ਪਹਿਲਾਂ ਅਮਨ ਅਰੋੜਾ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਇਨ੍ਹਾਂ ਨੇ ਟਵੀਟ ਮੈਨੂੰ ਹੁਣੇ ਹੀ ਪੜ੍ਹਾਇਆ ਹੈ ਅਤੇ ਇਸ ਟਵੀਟ ਨੂੰ। Strongly condemn.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: **

**ਵਿੱਤ ਮੰਤਰੀ** : ਤੁਸੀਂ ਹਰ ਗੱਲ ਤੇ ਲੜਨ ਲੱਗ ਜਾਂਦੇ ਹੋ। Please check, ਤੁਹਾਡੀ ਟਵਿੱਟਰ ਪੋਸਟ ਤੇ @BikramMajithia ਲਿਖਿਆ ਹੋਇਆ ਹੈ।

---

** Not recorded as ordered by the Chair.

**ਮਾਣਯੋਗ ਸਪੀਕਰ** : ਵਿੱਤ ਮੰਤਰੀ ਜੀ, ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) ਬਾਜਵਾ ਜੀ, ਬੈਠੋ। ਚੀਮਾ ਜੀ, ਕੀ ਤੁਸੀਂ ਕੋਈ ਹੋਰ ਗੱਲ ਕਰਨੀ ਹੈ ਜਾਂ ਮੈਂ ਇਆਲੀ ਸਾਹਿਬ ਨੂੰ ਬੁਲਾ ਲਵਾਂ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਇਹੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਇੱਥੇ ਗਨੀਵ ਕੌਰ ਮਜੀਠੀਆ, ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਦਾ ਕੋਈ ਨਾਂ ਨਹੀਂ ਹੈ। ਬਾਜਵਾ ਸਾਹਿਬ, ਇਸ ਨੂੰ ਹੁਣ ਡਿਲੀਟ ਨਾ ਕਰਿਓ, ਵੈਸੇ ਇਹ ਡਿਲੀਟ ਨਹੀਂ ਹੁੰਦਾ। ਇਸ ਦਾ ਸਕ੍ਰੀਨ ਸ਼ਾੱਟ ਲੈ ਲਿਆ ਹੈ ਪਰ ਤੁਸੀਂ ਡਿਲੀਟ ਨਾ ਕਰਿਓ। It shows that you are with drug mafia. ਤੁਸੀਂ ਡਰੱਗ ਮਾਫੀਆ ਨਾਲ ਰਲੇ ਹੋਏ ਹੋ, (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਤੁਹਾਡਾ ਟਵੀਟ ਸ਼ੋਅ ਕਰਦਾ ਹੈ।

**ਮਾਣਯੋਗ ਸਪੀਕਰ** (ਗੇਵਲ ਮਾਰਦੇ ਹੋਏ) : ਚੇਅਰ ਨੂੰ ਐਡਰੈੱਸ ਕੀਤਾ ਜਾਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: **

**ਵਿੱਤ ਮੰਤਰੀ** : ਬਾਜਵਾ ਸਾਹਿਬ, ਕਚਹਿਰੀਆਂ ਦੀਆਂ ਗੱਲਾਂ ਛੱਡੋ, ਇਹ ਲੋਕਾਂ ਦੀ ਕਚਹਿਰੀ ਹੈ।

**ਮਾਣਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕੀਤਾ ਜਾਵੇ।

**ਵਿੱਤ ਮੰਤਰੀ** : ਬਾਜਵਾ ਜੀ, @BikramMajithia ਲਿਖਿਆ ਹੈ ਮਤਲਬ ਕਿ ਮੈਂ (ਸਰਦਾਰ ਪ੍ਰਤਾਪ ਸਿੰਘ ਬਾਜਵਾ) ਬਿਕਰਮ ਮਜੀਠੀਆ ਨਾਲ ਖੜ੍ਹਾ ਹਾਂ। ਹੁਣ ਮੁਆਫੀ ਤੁਸੀਂ ਮੰਗੋਗੇ ਕਿਉਂਕਿ ਬਿੱਲੀ ਥੈਲਿਓਂ ਬਾਹਰ ਆ ਗਈ ਹੈ।

**ਮਾਣਯੋਗ ਸਪੀਕਰ** : ਚੀਮਾ ਜੀ, ਬੈਠੋ। ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ, ਤੁਸੀਂ ਬੋਲੋ। (ਵਿਘਨ) ਬਾਜਵਾ ਜੀ, ਬੈਠੋ। ਹਾਂ ਜੀ, ਇਆਲੀ ਸਾਹਿਬ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਨਸ਼ਿਆਂ ਦਾ ਬੜਾ ਗੰਭੀਰ ਮਸਲਾ ਹੈ। ਇਹ ਜਿਹੜਾ ਮਸਲਾ ਹੈ, ਇਹ ਹੁਣ ਸਿਰਫ ਪੰਜਾਬ ਦਾ ਹੀ ਨਹੀਂ, ਵਰਲਡ ਵਾਈਡ ਬੜਾ ਗੰਭੀਰ ਮਸਲਾ ਹੈ। ਪਿਛਲੇ ਸਮੇਂ ਵਿੱਚ ਬੜੀ ਵੱਡੀ ਗਿਣਤੀ ਵਿੱਚ ਨਸ਼ਿਆਂ ਕਰਕੇ ਨੌਜਵਾਨਾਂ ਦੀਆਂ ਮੌਤਾਂ ਹੋਈਆਂ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ** **

**ਵਿੱਤ ਮੰਤਰੀ**: ** **

** Not recorded as ordered by the Chair.

**ਮਾਣਯੋਗ ਸਪੀਕਰ** : ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਇਆਲੀ ਸਾਹਿਬ, ਤੁਸੀਂ ਕੰਪਲੀਟ ਕਰੋ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਅੱਜ ਦੋ ਬੜੇ ਗੰਭੀਰ ਮਸਲਿਆਂ ਤੇ ਬਹਿਸ ਹੋਈ ਹੈ। ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਉੱਤੇ ਬਹਿਸ ਹੋਈ ਹੈ, ਹੁਣ ਨਸ਼ਿਆਂ ਦੇ ਮੁੱਦੇ ਬਾਰੇ ਡਿਬੇਟ ਹੋ ਰਹੀ ਹੈ, ਇਹ ਦੋਵੇਂ ਹੀ ਮਸਲੇ ਬੜੇ ਗੰਭੀਰ ਹਨ। ਪਿਛਲੀ ਅਕਾਲੀ ਦਲ ਸਰਕਾਰ ਬਾਰੇ ਵੀ ਗੱਲ ਕੀਤੀ ਗਈ ਹੈ। ਮੈਂ ਪਹਿਲਾਂ ਵੀ ਗੱਲ ਕੀਤੀ ਸੀ। ਕੋਈ ਵੀ ਸਰਕਾਰ ਜਿਹੜੀ ਹੈ, ਉਹ ਨਾ ਬੇਅਦਬੀ ਕਰਵਾ ਸਕਦੀ ਹੈ ਅਤੇ ਨਾ ਹੀ ਨਸ਼ੇ ਵਿਕਾ ਸਕਦੀ ਹੈ। ਜੇ ਕੋਈ ਵੀ ਪੁਲੀਟੀਕਲ ਲੀਡਰ ਜਾਣਬੁੱਝ ਕੇ ਨਸ਼ੇ ਵਿਕਾਉਂਦਾ ਹੈ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਚਾਹੇ ਉਹ ਕਿੰਨਾ ਵੀ ਵੱਡਾ ਲੀਡਰ ਹੋਵੇ ਲੇਕਿਨ ਕੋਈ ਬਦਲਾ ਲਊ ਭਾਵਨਾ ਜਾਂ ਕੋਈ ਪੱਖਪਾਤ ਨਹੀਂ ਹੋਣਾ ਚਾਹੀਦਾ ਕਿਉਂਕਿ ਅੱਜ ਸਮੇਂ ਦੀ ਸਭ ਤੋਂ ਵੱਡੀ ਲੋੜ ਸਾਡੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਹੈ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਈਏ ਅਤੇ ਇਸ ਲਈ ਪਿੰਡਾਂ ਵਿੱਚ ਖੇਡ ਗਰਾਊਂਡ ਬਣਾਈਏ। ਸੋ, ਇਹ ਸਭ ਤੋਂ ਵੱਡਾ ਉਪਰਾਲਾ ਕੀਤਾ ਜਾ ਸਕਦਾ ਹੈ। ਦਾਸ ਨੇ ਪਿਛਲੇ ਸਮੇਂ ਵਿੱਚ ਆਪਣੇ ਹਲਕੇ ਦੇ ਤਕਰੀਬਨ 70 ਪਿੰਡਾਂ ਵਿੱਚ ਖੇਡ ਗਰਾਊਂਡ ਬਣਾਏ ਹਨ, ਜਿਨ੍ਹਾਂ ਵਿੱਚ ਫੁੱਟਬਾਲ, ਹਾਕੀ, ਬਾਸਕਿਟ ਬਾਲ, ਕ੍ਰਿਕਟ ਅਤੇ ਹੋਰ ਹਰ ਤਰ੍ਹਾਂ ਦੇ ਗਰਾਊਂਡ ਬਣਾਏ ਗਏ ਹਨ, ਇਸ ਪ੍ਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਗਿਆ ਹੈ। ਉਸ ਦੇ ਬਹੁਤ ਵਧੀਆ ਨਤੀਜੇ ਸਾਹਮਣੇ ਆਏ ਹਨ। ਜੇ ਅਸੀਂ ਨੌਜਵਾਨਾਂ ਨੂੰ ਇਸ ਕਿਸਮ ਦਾ ਕੋਈ ਪਲੇਟਫਾਰਮ ਦੇਵਾਂਗੇ ਤਾਂ ਇਸ ਦਾ ਵਧੀਆ ਰਿਜ਼ਲਟ ਨਿਕਲੇਗਾ। ਨਸ਼ੇ ਵੇਚਣ ਵਾਲਿਆਂ ਦੇ ਵਿਰੁੱਧ ਜ਼ਰੂਰ ਕਾਰਵਾਈ ਹੋਣੀ ਚਾਹੀਦੀ ਹੈ, ਇਸ ਪਾਸੇ ਸਖਤੀ ਹੋਣੀ ਚਾਹੀਦੀ ਹੈ ਲੇਕਿਨ ਨਾਲ ਹੀ ਨੌਜਵਾਨਾਂ ਨੂੰ ਇੱਕ ਚੰਗਾ ਪਲੇਟਫਾਰਮ ਵੀ ਦੇਈਏ ਅਤੇ ਇਸ ਵਾਸਤੇ ਪਿੰਡਾਂ ਵਿੱਚ ਚੰਗੇ ਖੇਡ ਗਰਾਊਂਡ ਬਣਨ, ਉਥੇ ਚੰਗੇ ਕੋਚ ਰੱਖੇ ਜਾਣ ਤਾਂ ਜੋ ਅਸੀਂ ਚੰਗੇ ਖਿਡਾਰੀ ਪੈਦਾ ਕਰ ਸਕੀਏ ਅਤੇ ਨੌਜਵਾਨ ਬੱਚਿਆਂ ਦਾ ਰੁਝਾਨ ਖੇਡਾਂ ਵੱਲ ਨੂੰ ਲੈ ਕੇ ਜਾਈਏ। ਅੱਜ ਸਾਡੇ ਹਲਕੇ ਦੇ ਪਿੰਡਾਂ ਵਿੱਚੋਂ ਕਾਫ਼ੀ ਬੱਚੇ ਖੇਡਾਂ ਵਿੱਚ ਅੱਗੇ ਹਨ। ਸਾਡੇ ਹਲਕੇ ਵਿੱਚ ਪਿੰਡ ਗੁੱਜਰਵਾਲ ਹੈ, ਉਥੇ ਸਭ ਤੋਂ ਪਹਿਲਾਂ ਗਰਾਊਂਡ ਬਣਿਆ ਸੀ, ਉਥੋਂ ਦੋ ਲੜਕੀਆਂ ਇੰਡੀਆ ਦੀ ਫੁੱਟਬਾਲ ਟੀਮ ਵਿੱਚ ਗਈਆਂ ਹਨ। (ਥੰਪਿੰਗ) ਸੋ, ਇਸੇ ਤਰ੍ਹਾਂ ਸਾਡੇ ਕਈ ਪਿੰਡਾਂ ਵਿੱਚ ਅਕੈਡਮੀਆਂ ਚੱਲ ਰਹੀਆਂ ਹਨ, ਉਨ੍ਹਾਂ ਅਕੈਡਮੀਆਂ ਵਿੱਚੋਂ ਹਾਕੀ ਦੇ ਬੜੇ ਵਧੀਆ ਪਲੇਅਰ ਪੈਦਾ ਹੋ ਰਹੇ ਹਨ। ਇਸ ਦੇ ਨਾਲ ਹੀ ਫੁੱਟਬਾਲ ਦੀ ਇੱਕ ਨਵੀਂ ਪਨੀਰੀ ਵੀ ਪੈਦਾ ਹੋ ਰਹੀ ਹੈ। ਸਪੀਕਰ ਸਾਹਿਬ, ਜੇ ਅਸੀਂ ਨੌਜਵਾਨਾਂ ਨੂੰ ਪਲੇਟਫਾਰਮ ਦੇਵਾਂਗੇ ਤਾਂ ਹੀ ਸਾਡੇ ਬੱਚੇ ਉਸ ਪਾਸੇ ਲੱਗਣਗੇ। ਅਸੀਂ ਚੰਗੇ ਖਿਡਾਰੀ ਵੀ ਤਾਂ ਹੀ ਪੈਦਾ ਕਰ ਸਕਦੇ ਹਾਂ। ਮੈਂ ਸਮਝਦਾ ਹਾਂ ਕਿ ਇਸ ਮੁੱਦੇ ਉੱਤੇ ਰਾਜਨੀਤੀ ਕਰਨ ਦੀ ਬਜਾਏ, ਸਾਨੂੰ ਵੱਡੇ ਉਪਰਾਲੇ ਕਰਨ ਦੀ ਲੋੜ ਹੈ। ਸੋ, ਸਾਰਿਆਂ ਨੂੰ ਇੱਕਜੁੱਟ ਹੋ ਕੇ ਨਸ਼ਿਆਂ ਨੂੰ ਰੋਕਣਾ ਚਾਹੀਦਾ ਹੈ। ਮੈਂ ਕੱਲ੍ਹ ਸੁਣ ਰਿਹਾ ਸੀ ਕਿ ਮੁੱਖ ਮੰਤਰੀ ਸਾਹਿਬ 3000 ਤੋਂ ਵੱਧ ਪਿੰਡਾਂ ਵਿੱਚ ਗਰਾਊਂਡ ਬਣਾਉਣ ਦੀ ਤਜਵੀਜ਼ ਲੈ ਕੇ ਆਏ ਹਨ। ਇਹ ਇੱਕ ਬਹੁਤ ਵਧੀਆ ਉਪਰਾਲਾ ਹੈ ਲੇਕਿਨ ਉਸ ਪ੍ਰੋਜੈਕਟ ਨੂੰ ਸਿਰੇ ਚੜ੍ਹਾਉਣ ਦੀ ਬੜੀ ਵੱਡੀ ਲੋੜ ਹੈ। ਪ੍ਰੋਜੈਕਟ ਸ਼ੁਰੂ ਕਰਨਾ, ਉਸ ਨੂੰ ਸਿਰੇ ਚੜ੍ਹਾਉਣਾ ਅਤੇ ਉਸ ਉੱਤੇ ਕੰਮ ਕਰਨਾ, ਇਹ ਇੱਕ ਬਹੁਤ ਵੱਡਾ ਚੈਲੰਜ ਵੀ ਹੈ, ਇਸ ਦੇ ਲਈ ਮੈਂ ਆਸ ਕਰਦਾ ਹਾਂ ਕਿ ਸਰਕਾਰ ਨੇ ਜੋ ਅਨਾਊਂਸ ਕੀਤਾ ਹੈ, ਉਹ ਸਾਰੇ ਗਰਾਊਂਡ ਵਧੀਆ ਬਣਨਗੇ ਅਤੇ ਉਨ੍ਹਾਂ ਦੀ ਸਮੇਂ-ਸਮੇਂ ਤੇ ਸੰਭਾਲ ਹੁੰਦੀ ਰਹੇਗੀ। ਅੱਜ ਤੋਂ ਤਕਰੀਬਨ 10 ਸਾਲ ਪਹਿਲਾਂ ਸਾਲ 2015 ਵਿੱਚ ਜਿਹੜੇ ਗਰਾਊਂਡ ਬਣੇ ਸੀ, ਉਨ੍ਹਾਂ ਵਿੱਚੋਂ ਪਿੰਡਾਂ ਵਿੱਚ ਲੋਕਾਂ ਦੀ ਰਾਜਨੀਤੀ ਕਰਕੇ 5-10 ਪਰਸੈਂਟ ਹੀ ਖਰਾਬ ਹੋਏ ਹੋਣਗੇ ਲੇਕਿਨ ਬਾਕੀ

ਸਭ ਦੀ ਲੋਕਾਂ ਵੱਲੋਂ ਬਹੁਤ ਵਧੀਆ ਤਰ੍ਹਾਂ ਸੰਭਾਲ ਕੀਤੀ ਜਾ ਰਹੀ ਹੈ। ਸਾਡੇ ਹਲਕੇ ਵਿੱਚ, ਲੁਧਿਆਣੇ ਵਿੱਚ ਕ੍ਰਿਕਟ ਦੇ ਕਲੱਬ ਬਣੇ ਹਨ, ਉਨ੍ਹਾਂ ਨੇ ਗਰਾਊਂਡ ਕਿਰਾਏ ਉੱਤੇ ਲਏ ਹੋਏ ਹਨ, ਉਹ ਸ਼ਨੀਵਾਰ ਅਤੇ ਐਤਵਾਰ ਨੂੰ ਆ ਕੇ ਉਥੇ ਖੇਡਦੇ ਹਨ। ਸਾਨੂੰ ਸ਼ਨੀਵਾਰ ਅਤੇ ਐਤਵਾਰ ਦਾ ਹੀ ਅੱਠ ਤੋਂ ਦਸ ਹਜ਼ਾਰ ਰੁਪਿਆ ਕਿਰਾਇਆ ਮਿਲਦਾ ਹੈ। ਦੋ ਦਿਨ ਦੇ ਕਿਰਾਏ ਦੇ ਹਿਸਾਬ ਨਾਲ ਮਹੀਨੇ ਦਾ ਤਕਰੀਬਨ 35-40 ਹਜ਼ਾਰ ਰੁਪਿਆ ਕਿਰਾਇਆ ਆ ਰਿਹਾ ਹੈ। ਅਸੀਂ ਉਨ੍ਹਾਂ ਨੂੰ ਹਫ਼ਤੇ ਵਿੱਚ ਸਿਰਫ ਦੋ ਦਿਨ ਖੇਡਣ ਦਿੰਦੇ ਹਾਂ। ਉਸ ਦੇ ਨਾਲ ਗਰਾਊਂਡਾਂ ਦੀ ਸੰਭਾਲ ਹੋ ਰਹੀ ਹੈ ਅਤੇ ਉਥੇ ਪਰਾਪਰ ਸਪਰਿੰਕਲ ਸਿਸਟਮ ਵਰਕ ਕਰ ਰਿਹਾ ਹੈ। ਜੇ ਇਸ ਤਰ੍ਹਾਂ ਦੇ ਗਰਾਊਂਡ ਹਰ ਜਗ੍ਹਾ ਬਣਨਗੇ ਤਾਂ ਅਸੀਂ ਆਉਣ ਵਾਲੇ ਸਮੇਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਸਕਦੇ ਹਾਂ ਅਤੇ ਚੰਗੇ ਖਿਡਾਰੀ ਪੈਦਾ ਕਰ ਸਕਦੇ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਮੈਂ ਇੱਕ ਚੀਜ਼ ਆਨ ਰਿਕਾਰਡ ਲਿਆਉਣਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੇ ਦਾਸ ਉੱਤੇ ਕਿਰਪਾ ਕਰਕੇ, ਮੇਰੀ ਜਿਹੜੀ ਇੱਕ ਕੁਮਿੱਟਮੈਂਟ ਹੋਈ ਸੀ, ਜਦੋਂ ਲੋਕ ਬਹਿਬਲ ਕਲਾਂ ਵਿਖੇ ਧਰਨੇ ਤੇ ਬੈਠੇ ਸੀ, ਮੈਂ ਉਥੇ ਗਿਆ ਸੀ, ਉਸ ਕਮੇਟੀ ਨਾਲ ਮੇਰੀ ਇੱਕ ਕੁਮਿੱਟਮੈਂਟ ਹੋਈ ਸੀ। ਮੈਂ ਗੁਰੂ ਸਾਹਿਬ ਦੀ ਹਾਜ਼ਰੀ ਵਿੱਚ ਸੰਗਤ ਦੇ ਸਾਹਮਣੇ ਇਹ ਗੱਲ ਕਹੀ ਸੀ ਕਿ ਇਸ ਨੂੰ ਅਸੀਂ ਮਹੀਨੇ-ਡੇਢ ਮਹੀਨੇ ਦੇ ਵਿੱਚ ਪੂਰੀ ਕਰ ਲਵਾਂਗੇ। ਸਮਾਂ ਸਾਡੇ ਹੱਥ ਵਿੱਚ ਨਹੀਂ ਸੀ ਲੇਕਿਨ ਪੰਜਾਬ ਸਰਕਾਰ ਤੇ ਗੁਰੂ ਸਾਹਿਬ ਦੀ ਕ੍ਰਿਪਾ ਹੋਈ। ਕੁਝ ਸਮਾਂ ਲੇਟ ਤਾਂ ਜ਼ਰੂਰ ਹੋ ਗਏ ਲੇਕਿਨ ਜਿਹੜੀ ਕੁਮਿੱਟਮੈਂਟ ਸੰਗਤ ਨਾਲ ਹੋਈ ਸੀ, ਅਸੀਂ ਉਸ ਕੁਮਿੱਟਮੈਂਟ ਉਤੇ ਪੂਰੇ ਉੱਤਰੇ ਹਾਂ। ਇਸ ਵਾਸਤੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸੰਗਤ ਦਾ ਸ਼ੁਕਰਗੁਜ਼ਾਰ ਹਾਂ ਅਤੇ ਹਮੇਸ਼ਾ ਹੀ ਸ਼ੁਕਰਗੁਜ਼ਾਰ ਰਹਾਂਗਾ ਕਿ ਉਨ੍ਹਾਂ ਨੇ ਦਾਸ ਦੇ ਮੂੰਹ ਤੋਂ ਜਿਹੜੀ ਵੀ ਗੱਲ ਕਹਾਈ ਸੀ, ਉਹ ਗੱਲ ਪੂਰੀ ਹੋ ਗਈ ਸੀ।

ਅਗਲੀ ਗੱਲ, ਆਪਾਂ ਨੂੰ ਪੰਜਾਬ ਦੇ ਲੋਕਾਂ ਨੇ ਇੱਥੇ ਚੁਣ ਕੇ ਭੇਜਿਆ ਹੈ। ਅਸੀਂ ਪੰਜਾਬ ਦੇ ਲੋਕਾਂ ਵਾਸਤੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਰੋਲ ਮਾਡਲ ਹਾਂ। ਸਾਡਾ ਕੰਡਕਟ ਇੱਥੇ ਅਤੇ ਬਾਹਰ ਸਾਰੇ ਵਿਸ਼ਵ ਵਿਚ ਵੇਖਿਆ ਜਾ ਰਿਹਾ ਹੈ। ਪੰਜਾਬ ਨੂੰ ਪਿਆਰ ਕਰਨ ਵਾਲੇ ਲੋਕ ਅਤੇ ਪੰਜਾਬੀ, ਸਾਨੂੰ ਵੇਖ ਰਹੇ ਹਨ। ਮੇਰੇ ਧਿਆਨ ਵਿਚ ਆਇਆ ਹੈ ਅਤੇ ਮੈਂ ਰਿਕਾਰਡ ਚੈੱਕ ਕਰਵਾ ਲਿਆ ਹੈ। ਸਾਡੇ ਸਤਿਕਾਰਯੋਗ ਮੈਂਬਰ ਸ੍ਰੀ ਅਵਤਾਰ ਸਿੰਘ ਜੂਨੀਅਰ ਵੱਲੋਂ ਸਾਡੇ ਇੱਕ ਸਤਿਕਾਰਯੋਗ ਮੈਂਬਰ ਦੇ ਬਜ਼ੁਰਗਾਂ ਬਾਰੇ ਅਪ-ਸ਼ਬਦ ਬੋਲੇ ਗਏ ਹਨ ਹਾਲਾਂਕਿ ਇਨ੍ਹਾਂ ਦਾ ਮਾਈਕ ਬੰਦ ਸੀ ਲੇਕਿਨ ਇਸ ਚੇਅਰ ਤੇ ਬੈਠੇ ਹੋਏ ਸਾਡੇ ਡਿਪਟੀ ਸਪੀਕਰ ਸਾਹਿਬ ਨੇ ਇਹ ਸੁਣਿਆ ਹੈ ਅਤੇ ਇਹ ਰਿਕਾਰਡਿੰਗ ਵਿੱਚ ਵੀ ਆ ਗਿਆ ਹੈ। ਸੋ, ਇਸ ਤਰ੍ਹਾਂ ਦਾ ਵਿਵਹਾਰ ਲੋਕ ਆਪਣੇ ਕੋਲੋਂ ਉਮੀਦ ਨਹੀਂ ਕਰਦੇ। ਇਹ ਗਿਲਟੀ ਹਨ ਅਤੇ ਮੈਂ ਚਾਹੁੰਦਾ ਹਾਂ ਕਿ ਜੇਕਰ ਇਨ੍ਹਾਂ ਦੇ ਖਿਲਾਫ਼ ਤੁਸੀਂ ਕੋਈ ਮਤਾ ਲਿਆਉਣਾ ਚਾਹੁੰਦੇ ਹੋ ਤਾਂ ਮੈਂ ਅਲਾਓ ਕਰਾਂਗਾ।

**ਮੁੱਖ ਮੰਤਰੀ (ਬੈਠੇ ਬੈਠੇ)** : ਚੱਲੋ, ਛੱਡੋ ਜੀ, ਫਲੋਅ-ਫਲੋਅ ਵਿਚ ਮੂੰਹ ਚੋਂ ਨਿਕਲ ਗਿਆ ਹੋਣਾ।

**ਮਾਣਯੋਗ ਸਪੀਕਰ** : ਮੁੱਖ ਮੰਤਰੀ ਜੀ, ਗਾਲ੍ਹ ਤਾਂ ਫਲੋਅ ਵਿਚ ਨਹੀਂ ਨਿਕਲਣੀ ਚਾਹੀਦੀ। Then he should feel sorry.

**ਮੁੱਖ ਮੰਤਰੀ (ਬੈਠੇ ਬੈਠੇ)** : ਚਲੋ, ਛੱਡੋ ਜੀ।

**ਮਾਣਯੋਗ ਸਪੀਕਰ** : ਮੈਂ ਤੁਹਾਡੀ ਗੱਲ ਮੰਨਦਾ ਹਾਂ ਪਰ he should feel sorry. ਉਹ ਇਹ ਕਹਿ ਰਹੇ ਹਨ ਕਿ ਮੈਂ ਗਾਲ੍ਹ ਕੱਢੀ ਹੈ। ਇਹ ਗੱਲ ਗਲਤ ਹੈ। ਮੂੰਹ ਚੋਂ ਨਿਕਲੀ ਗੱਲ ਇਕ ਵਾਰ ਨਿਕਲਦੀ ਹੈ। He should stand up and feel sorry, ਇਹ ਤਾਂ ਹੋ ਸਕਦਾ ਹੈ ਜੀ। ਜੇਕਰ ਇਹ ਮੁਆਫ਼ੀ ਮੰਗ ਲੈਣ ਤਾਂ ਠੀਕ ਹੈ। ਇਹ ਕਹਿ ਦੇਣ ਅੱਗੇ ਤੋਂ ਗਾਲ੍ਹ ਨਹੀਂ ਕੱਢਾਂਗਾ। ਇਨ੍ਹਾਂ ਨੇ ਇਹ ਕਿਹਾ ਸੀ ਕਿ ਅੱਗੇ ਵੀ ਕੱਢਾਂਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਮੈਂ ਆਪਣੇ ਮੈਂਬਰ ਦੇ ਬਿਹਾਫ਼ ਤੇ ਆਪਣੇ ਵੀਰ (ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਵੱਲ ਇਸ਼ਾਰਾ) ਕੋਲੋਂ ਮੁਆਫ਼ੀ ਮੰਗਦਾ ਹਾਂ। ਜੇਕਰ ਕੋਈ ਗੁਸਤਾਖੀ ਹੋਈ ਹੈ ਤਾਂ ਮੈਂ ਮੁਆਫ਼ੀ ਮੰਗਦਾ ਹਾਂ। ਛੱਡੋ ਜੀ, ਇਸ ਗੱਲ ਨੂੰ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਹੋ ਗਿਆ ਜੀ ਫੈਸਲਾ। ਛੱਡੋ ਹੁਣ।

**ਮੁੱਖ ਮੰਤਰੀ (ਬੈਠੇ ਬੈਠੇ)** : ਇਨ੍ਹਾਂ ਨੇ ਹਾਲੇ ਪਤਾ ਨਹੀਂ ਕਿੰਨੀ ਵਾਰ ਚੁਣਿਆ ਜਾਣਾ ਹੈ। ਇਨ੍ਹਾਂ ਨੇ ਹਾਲੇ ਬਹੁਤ ਕੁਝ ਸਿੱਖਣਾ ਹੈ। ਮੈਨੂੰ ਲੱਗਦਾ ਹੈ ਕਿ ਫਲੋਅ ਵਿੱਚ ਨਿਕਲ ਗਿਆ ਹੋਣਾ। ਚਲੋ ਛੱਡੋ।

**ਮਾਣਯੋਗ ਸਪੀਕਰ** : ਇਹ ਤੁਹਾਡੀ ਫਰਾਖ਼ਦਿਲੀ ਹੈ ਜੀ।

-----

**FORMATION OF A COMMITTEE OF THE HOUSE TO FIND THE SECOND PART RELATED TO THE REPORT/ ACTION TAKEN REPORT OF JUSTICE GURNAM SINGH COMMISSION ON THE NAKODAR INCIDENT.**

**ਮਾਣਯੋਗ ਸਪੀਕਰ**: ਮੇਰੇ ਧਿਆਨ ਵਿਚ ਇਕ ਗੱਲ ਹੋਰ ਆਈ ਹੈ ਕਿ ਪਿਛਲੀ ਟਰਮ ਵਿਚ ਨਕੋਦਰ ਕਾਂਡ ਵਾਲੇ ਪਰਿਵਾਰ ਨੇ ਬੜੀ ਸ਼ਿੱਦਤ ਨਾਲ ਉਸ ਮਾਮਲੇ ਨੂੰ ਫਾਲੋ ਕੀਤਾ ਸੀ ਅਤੇ ਅਸੀਂ ਬੜੀ ਜਗ੍ਹਾ ਉਸ ਦੀ ਐਕਸ਼ਨ ਟੇਕਨ ਰਿਪੋਰਟ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਹ ਨਹੀਂ ਲੱਭੀ। ਸਾਡੇ ਮਾਣਯੋਗ ਵਿੱਤ ਮੰਤਰੀ ਜੀ ਵੱਲੋਂ ਇਹ ਪਰਪੋਜ਼ ਕੀਤਾ ਗਿਆ ਸੀ ਕਿ ਉਸ ਐਕਸ਼ਨ ਟੇਕਨ ਰਿਪੋਰਟ ਦਾ ਕੀ ਬਣਿਆ ਅਤੇ ਉਸ ਤੇ ਕੀ ਕਾਰਵਾਈ ਹੋਈ, ਉਸ ਲਈ ਸਦਨ ਦੀ ਇੱਕ ਕਮੇਟੀ ਬਣਾ ਦਿੱਤੀ ਜਾਵੇ। ਜੇਕਰ ਸਦਨ ਦੀ ਸਹਿਮਤੀ ਹੋਵੇਗੀ ਤਾਂ ਉਸ ਲਈ ਸਦਨ ਦੀ ਕਮੇਟੀ ਗਠਿਤ ਕੀਤੀ ਜਾ ਸਕਦੀ ਹੈ। ਇਸ ਬਾਰੇ ਜੇਕਰ ਵਿੱਤ ਮੰਤਰੀ ਜੀ, ਦੁਬਾਰਾ ਪਰਪੋਜ਼ ਕਰਨਾ ਚਾਹੁਣ ਤਾਂ ਕਰ ਸਕਦੇ ਹਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸਪੀਕਰ ਸਾਹਿਬ, ਇਹ ਮਾਮਲਾ ਬਹੁਤ ਗੰਭੀਰ ਹੈ। ਸਾਲ 1986 ਵਿਚ ਵੀ ਅਕਾਲੀ ਦਲ ਦੀ ਸਰਕਾਰ ਸੀ ਅਤੇ ਸਾਲ 2015 ਵਿਚ ਵੀ ਅਕਾਲੀ ਦਲ ਦੀ ਸਰਕਾਰ ਸੀ। ਜਸਟਿਸ ਗੁਰਨਾਮ ਸਿੰਘ ਜੀ ਦੀ ਰਿਪੋਰਟ ਦਾ ਇਕ ਪਾਰਟ ਤਾਂ ਵਿਧਾਨ ਸਭਾ ਦੀ ਲਾਇਬ੍ਰੇਰੀ ਦੇ ਰਿਕਾਰਡ ਵਿਚ ਉਪਲਬਧ ਹੈ ਪਰ ਉਸ ਰਿਪੋਰਟ ਦਾ ਦੂਜਾ ਭਾਗ, ਐਕਸ਼ਨ ਟੇਕਨ ਰਿਪੋਰਟ, ਜਿਸ ਵਿਚ ਮੈਂ ਸਮਝਦਾ ਹਾਂ ਕਿ ਦੋਸ਼ੀ

ਸੁਜੈਸਟ ਕੀਤੇ ਗਏ ਹੋਣਗੇ, ਜਿਨ੍ਹਾਂ ਨੂੰ ਬਾਅਦ ਵਿਚ ਅਕਾਲੀ ਦਲ ਨੇ ਟਿਕਟਾਂ ਦਿੱਤੀਆਂ, ਮੰਤਰੀ ਵੀ ਬਣਾਇਆ, ਉਹ ਰਿਪੋਰਟ ਕਿਸੇ ਨਾ ਕਿਸੇ ਤਰੀਕੇ ਗੁੰਮ ਕੀਤੀ ਗਈ ਹੈ। ਮੈਂ ਇਹ ਪਰਪੋਜ਼ ਕਰਦਾ ਹਾਂ ਕਿ ਉਸ ਤੇ ਜ਼ਰੂਰ ਸਦਨ ਦੀ ਕਮੇਟੀ ਬਣਨੀ ਚਾਹੀਦੀ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਸਦਨ ਦੇ ਰਿਕਾਰਡ ਵਿਚ ਪੜ੍ਹ ਸਕਣ ਕਿ ਅਕਾਲੀ ਦਲ ਕੀ ਕਰਦਾ ਹੁੰਦਾ ਸੀ, ਕਾਂਗਰਸ ਕੀ ਕਰਦੀ ਹੁੰਦੀ ਸੀ, ਅਸੀਂ ਕੀ ਕਰਦੇ ਹੁੰਦੇ ਸੀ। ਸਾਰਿਆਂ ਬਾਰੇ ਰਿਕਾਰਡ ਹੋਣਾ ਚਾਹੀਦਾ ਹੈ। ਸੋ, ਉਹ ਐਕਸ਼ਨ ਟੇਕਨ ਰਿਪੋਰਟ ਜ਼ਰੂਰ ਲੱਭੀ ਜਾਵੇ ਤਾਂ ਹੀ ਰਿਕਾਰਡ ਰਹੇਗਾ। ਇਸ ਵਾਸਤੇ ਚਾਹੇ ਕਮੇਟੀ ਬਣਾ ਲਓ ਜਾਂ ਜਿਵੇਂ ਮੁੱਖ ਮੰਤਰੀ ਜੀ ਸੁਜੈਸਟ ਕਰਨਾ ਚਾਹੁਣ ਜਾਂ ਜਿਵੇਂ ਤੁਹਾਨੂੰ ਠੀਕ ਲਗਦਾ ਹੈ, ਕਰ ਲਿਆ ਜਾਵੇ।

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਨਕੋਦਰ ਕਾਂਡ ਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ/ਐਕਸ਼ਨ ਟੇਕਨ ਰਿਪੋਰਟ ਨਾਲ ਸਬੰਧਤ ਦੂਜਾ ਭਾਗ ਲੱਭਣ ਅਤੇ ਇਹ ਜਾਨਣ ਲਈ ਕਿ ਉਸ ਰਿਪੋਰਟ ਦਾ ਕੀ ਬਣਿਆ, ਸਬੰਧੀ ਸਦਨ ਦੀ ਕਮੇਟੀ ਬਣਾਈ ਜਾਵੇ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ -

ਕਿ ਨਕੋਦਰ ਕਾਂਡ ਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ/ਐਕਸ਼ਨ ਟੇਕਨ ਰਿਪੋਰਟ ਨਾਲ ਸਬੰਧਤ ਦੂਜਾ ਭਾਗ ਲੱਭਣ ਅਤੇ ਇਹ ਜਾਨਣ ਲਈ ਕਿ ਉਸ ਰਿਪੋਰਟ ਦਾ ਕੀ ਬਣਿਆ, ਸਬੰਧੀ ਸਦਨ ਦੀ ਕਮੇਟੀ ਬਣਾਈ ਜਾਵੇ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਨਕੋਦਰ ਕਾਂਡ ਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ/ਐਕਸ਼ਨ ਟੇਕਨ ਰਿਪੋਰਟ ਨਾਲ ਸਬੰਧਤ ਦੂਜਾ ਭਾਗ ਲੱਭਣ ਅਤੇ ਇਹ ਜਾਨਣ ਲਈ ਕਿ ਉਸ ਰਿਪੋਰਟ ਦਾ ਕੀ ਬਣਿਆ, ਸਬੰਧੀ ਸਦਨ ਦੀ ਕਮੇਟੀ ਬਣਾਈ ਜਾਵੇ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਕੀ ਇਹ ਕਮੇਟੀ ਬਣਾ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

***ਪ੍ਰਸਤਾਵ ਪ੍ਰਵਾਨ ਹੋਇਆ।***

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਪੀਕਰ ਸਾਹਿਬ, ਇਹ ਬਹੁਤ ਹੀ ਅੱਛਾ ਉਪਰਾਲਾ ਹੈ। ਸਾਲ 1986 ਵਿਚ ਪੁਲਿਸ ਦੀ ਗੋਲੀ ਨਾਲ ਚਾਰ ਨੌਜਵਾਨ ਮਾਰੇ ਗਏ ਸਨ, ਜਿਸ ਕਾਰਨ ਕੁਝ ਲੋਕਾਂ ਦੇ ਹਿਰਦੇ ਵਲੂੰਧਰੇ ਗਏ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਪ੍ਰੋਟੈਸਟ ਕੀਤਾ। ਇਸ ਦੀ ਜੇਕਰ ਕੋਈ ਐਕਸ਼ਨ ਟੇਕਨ ਰਿਪੋਰਟ ਹੈ, ਉਹ ਜ਼ਰੂਰ ਘੋਖੋ ਅਤੇ ਉਸ ਨੂੰ ਟੇਬਲ ਤੇ ਲੈ ਕੇ ਆਓ। ਇਸ ਦੇ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 7 ਮਹੀਨਿਆਂ ਵਿੱਚ 20

ਪੁਲਿਸ ਮੁਕਾਬਲੇ ਹੋਏ ਹਨ, ਜਿਨ੍ਹਾਂ ਵਿੱਚ ਕਈ ਨੌਜਵਾਨ ਮਾਰੇ ਗਏ ਹਨ, ਇਨ੍ਹਾਂ ਵਿੱਚੋਂ ਕੁਝ 100% ਕ੍ਰਿਮੀਨਲਜ਼ ਹੋਣਗੇ।

**ਮਾਣਯੋਗ ਸਪੀਕਰ** : ਤੁਸੀਂ ਬੇਅਦਬੀਆਂ ਨੂੰ ਉਨ੍ਹਾਂ ਕ੍ਰਿਮੀਨਲਜ਼ ਨਾਲ ਨਹੀਂ ਜੋੜ ਸਕਦੇ। ਬੈਠੋ, ਪਲੀਜ਼। ਬੱਸ ਹੋ ਗਿਆ। ਕਮੇਟੀ ਬਣ ਗਈ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਰ, ਇਹ ਮੁੰਡੇ ਤਾਂ ਹੁਣੇ ਹੀ ਮਾਰੇ ਹਨ।

**ਮਾਣਯੋਗ ਸਪੀਕਰ** : ਇਸ ਦਾ ਕੀ ਮਤਲਬ ਹੋਇਆ? ਕੀ ਤੁਸੀਂ ਕਮੇਟੀ ਬਣਨ ਦੇ ਨਾਲ ਸਹਿਮਤ ਹੋ ਕਿ ਨਹੀਂ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ। ਉਨ੍ਹਾਂ ਚਾਰ ਬੱਚਿਆਂ ਨੂੰ ਮੂੰਹ ਵਿੱਚ ਰਾਈਫਲਜ਼ ਪਾ ਕੇ, ਰਿਵਾਲਵਰ ਪਾ ਕੇ ਮਾਰਿਆ ਗਿਆ ਸੀ। ਤੁਸੀਂ ਉਸ ਮਾਮਲੇ ਨੂੰ trivialize ਨਾ ਕਰੋ। ਉਸ ਦੇ ਲਈ ਕਮੇਟੀ ਦਾ ਗਠਨ ਕੀਤਾ ਜਾਵੇਗਾ। ਹਾਂ ਜੀ, ਮੁੱਖ ਮੰਤਰੀ ਸਾਹਿਬ।

-------

**DISCUSSION ON "WAR OF PUNJAB AGAINST DRUGS/NARCOTICS" (*RESUMPTION*)**

**ਮੁੱਖ ਮੰਤਰੀ ( ਸ੍ਰੀ ਭਗਵੰਤ ਮਾਨ)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਇੱਕ ਬਹੁਤ ਹੀ ਗੰਭੀਰ ਮੁੱਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਕੱਬਡੀਆਂ ਦਾ, ਕੁਸ਼ਤੀਆਂ ਦਾ, ਜਰਨੈਲਾਂ-ਕਰਨੈਲਾਂ ਦਾ ਪੰਜਾਬ ਸੀ। ਪੰਜਾਬ ਫੌਜਾਂ ਵਿੱਚ ਭਰਤੀ ਹੋਣ ਲਈ ਮਸ਼ਹੂਰ ਸੀ। ਪੰਜਾਬ ਗਿੱਧਿਆਂ-ਭੰਗੜਿਆਂ ਦਾ ਸੀ। ਪਤਾ ਨਹੀਂ ਪੰਜਾਬ ਨੂੰ ਕਿੱਥੋਂ ਨਜ਼ਰ ਲੱਗੀ। ਸਾਡੇ ਤੇ ਇੱਕ ਚਿੱਟੇ ਰੰਗ ਦਾ ਕਾਲਾ ਕਲੰਕ ਲੱਗ ਗਿਆ। ਸਾਡੇ ਤੇ ਫਿਲਮਾਂ ਬਣਨ ਲੱਗ ਗਈਆਂ, “ਉੜਤਾ ਪੰਜਾਬ” ਅਤੇ ਹੋਰ ਪਤਾ ਨਹੀਂ ਕਿਹੜੀਆਂ-ਕਿਹੜੀਆਂ ਫਿਲਮਾਂ ਬਣੀਆਂ। ਅਸੀਂ ਬਥੇਰਾ ਕਿਹਾ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਅਸੀਂ ਇਸ ਤਰ੍ਹਾਂ ਦੇ ਨਹੀਂ ਹਾਂ। ਉਹ ਕਹਿੰਦੇ ਕਿ ਤੁਸੀਂ ਇਸ ਤਰ੍ਹਾਂ ਦੇ ਹੋ, ਇਸ ਬਾਰੇ ਕਿਤੇ ਨਾ ਕਿਤੇ ਕੋਈ ਸਾਜਿਸ਼ ਹੋਈ ਹੋਵੇਗੀ ਕਿ ਪੰਜਾਬ ਨੂੰ ਤੇ ਪੰਜਾਬੀਆਂ ਨੂੰ ਬਦਨਾਮ ਕਰੋ। ਡਰੱਗ ਸਾਡੇ ਮੱਥੇ ਲਗਾ ਦਿੱਤੀ ਗਈ। ਸਾਡੀਆਂ ਸਰਕਾਰਾਂ ਦੇ ਕਰਤਾ-ਧਰਤਾਵਾਂ ਦੇ ਹੱਥ ਡਰੱਗ ਦਾ ਸਾਰਾ ਕਾਰੋਬਾਰ ਆ ਗਿਆ। ਉਹ ਤਾਂ ਆਪਣੀਆਂ ਗੱਡੀਆਂ ਵਿੱਚ ਡਰੱਗ ਤਸਕਰਾਂ ਨੂੰ ਬਿਠਾ ਕੇ ਲੈ ਕੇ ਜਾਂਦੇ ਰਹੇ ਹਨ, ਇਹ ਗੱਲ ਤਾਂ ਕਿਸੇ ਤੋਂ ਛੁਪੀ ਨਹੀਂ ਹੈ, ਕੰਮ ਚੱਲ ਪਿਆ। ਇਹ ਕੰਮ ਇਸ ਲੈਵਲ ਤੇ ਚੱਲਿਆ ਕਿ ਪਹਿਲਾਂ-ਪਹਿਲਾਂ ਤਾਂ ਬਾਰਡਰ ਏਰੀਏ ਵਿੱਚ ਸ਼ੁਰੂ ਹੋਇਆ ਅਤੇ ਕਰਦੇ-ਕਰਾਉਂਦੇ ਸੰਗਰੂਰ ਜ਼ਿਲ੍ਹੇ, ਮੇਰੇ ਆਪਣੇ ਜ਼ਿਲ੍ਹੇ ਤੱਕ, ਜਿਹੜਾ ਕਿ ਹਰਿਆਣਾ ਨੂੰ ਲੱਗਦਾ ਹੈ, ਉੱਥੇ ਤੱਕ ਵੀ ਪਹੁੰਚ ਗਿਆ। ਇਸ ਦਾ ਮਤਲਬ ਹੈ ਕਿ ਇਹ ਬਹੁਤ ਵੱਡੀ ਸਾਜਿਸ਼ ਹੈ। ਸਾਡੇ ਜਵਾਕ ਵੀ ਉਸ ਕੰਮ ਲੱਗ ਗਏ, 2 ਗ੍ਰਾਮ, 3 ਗ੍ਰਾਮ। ਇਹ 2 ਗ੍ਰਾਮ, 3 ਗ੍ਰਾਮ ਕੀ ਹੁੰਦਾ ਹੈ? ਮੈਂ ਥੋੜ੍ਹੀ ਜਿਹੀ effort ਕੀਤੀ ਤੇ ਪਤਾ ਕੀਤਾ ਕਿ ਇਹ 2 ਗ੍ਰਾਮ, 3 ਗ੍ਰਾਮ ਕੀ ਹੈ? ਅਸਲ ਵਿੱਚ ਜਿਹੜੇ ਅਸਲੀ ਡਰੱਗ ਤਸਕਰ ਹੁੰਦੇ ਹਨ, ਉਹ ਖੁਦ ਡਰੱਗ ਵੇਚਣ

ਨਹੀਂ ਆਉਂਦੇ। ਉਨ੍ਹਾਂ ਨੇ ਅੱਗੇ ਕੋਰੀਅਰ ਵਾਲੇ ਰੱਖੇ ਹੋਏ ਹਨ, ਸਮਾਨ ਸਪਲਾਈ ਕਰਨ ਲਈ ਰੱਖੇ ਹੋਏ ਹਨ। 2-3 ਗ੍ਰਾਮ ਤਾਂ ਚਾਰ-ਪੰਜ ਸੌ ਰੁਪਏ ਦੀ ਮਿਲ ਜਾਂਦੀ ਸੀ। ਬੱਚੇ ਦੀ ਟੀਨ-ਏਜ਼ ਉਮਰ ਸੀ, ਮਾਪਿਆਂ ਤੋਂ ਤੇਲ ਦੇ ਬਹਾਨੇ ਕਿ ਮੈਂ ਮੋਟਰ ਸਾਈਕਲ ਵਿੱਚ ਤੇਲ ਪਵਾਉਣਾ ਹੈ, ਦੋਸਤ ਦਾ birthday ਹੈ, ਇਸ ਚੱਕਰ ਵਿੱਚ ਚਾਰ-ਪੰਜ ਸੌ ਰੁਪਿਆ ਲੈ ਲੈਂਦੇ ਸੀ। ਮਾਪਿਆਂ ਨੂੰ ਤਿੰਨ-ਚਾਰ ਮਹੀਨਿਆਂ ਬਾਅਦ ਉਸ ਦੀਆਂ ਜੇਬਾਂ ਚੈੱਕ ਕਰਨ ਤੇ ਪਤਾ ਲੱਗਦਾ ਸੀ ਕਿ ਇਹ ਤਾਂ ਗਲਤ ਕਿਸਮ ਦੀਆਂ ਪੁੜੀਆਂ ਹਨ। ਫਿਰ ਮਾਪਿਆਂ ਨੂੰ ਚਿੰਤਾ ਹੁੰਦੀ ਸੀ ਕਿ ਜਵਾਕ ਗਲਤ ਸੰਗਤ ਵਿੱਚ ਪੈ ਗਿਆ। ਮਾਪਿਆਂ ਕੋਲ ਕੀ ਰਾਹ ਸੀ? ਉਨ੍ਹਾਂ ਕੋਲ ਇਹੀ ਰਾਹ ਸੀ ਕਿ ਪੈਸੇ ਦੇਣੇ ਬੰਦ ਕਰ ਦਿਉ। ਜਿਹੜਾ ਦੋ-ਤਿੰਨ-ਚਾਰ ਸੌ ਰੁਪਿਆ ਮਾਪਿਆਂ ਤੋਂ ਲੈਂਦਾ ਸੀ, ਉਹ ਦੇਣਾ ਬੰਦ ਕਰ ਦਿੱਤਾ। ਮੈਂ ਤੁਹਾਨੂੰ ਬਹੁਤ ਹੀ ਸੀਰੀਅਸ ਅਤੇ ਲਾਜੀਕਲ ਗੱਲ ਦੱਸ ਰਿਹਾ ਹਾਂ। 400-500 ਰੁਪਿਆ ਦੇਣਾ ਬੰਦ ਹੋ ਗਿਆ ਤਾਂ ਇਸ ਦਾ ਮਤਲਬ ਇਹ ਨਹੀਂ ਹੋਇਆ ਕਿ ਉਸ ਨੂੰ ਚਿੱਟਾ ਮਿਲਣਾ ਬੰਦ ਹੋ ਗਿਆ। ਉਹ ਜਿਹੜੇ ਚਿੱਟੇ ਵਾਲੇ ਸਨ, ਉਹ ਕਹਿੰਦੇ ਕਿ ਸਾਡੇ ਕੋਲ ਕੰਮ ਕਰ। ਜਵਾਕ ਨੇ ਦੱਸਿਆ ਕਿ ਮੇਰੇ ਘਰ ਦੇ ਮੇਰੇ ਨਾਲ ਲੜ ਪਏ ਤੇ ਮੇਰੇ ਕੋਲ ਪੈਸੇ ਨਹੀਂ ਹਨ। ਉਹ ਕਹਿੰਦੇ ਕਿ 2-3 ਗਰਾਮ ਦੀ ਥਾਂ 5 ਗਰਾਮ ਲੈ ਲੈ। ਤੂੰ ਇਸ ਤਰ੍ਹਾਂ ਕਰ ਕਿ 2 ਗਰਾਮ ਤੇਰਾ ਤੇ 3 ਗਰਾਮ ਤੂੰ ਕਿਸੇ ਹੋਰ ਨੂੰ ਵੇਚ। ਤੂੰ ਕਿਸੇ ਹੋਰ ਨੂੰ ਨਸ਼ੇ ਤੇ ਲਗਾ। ਜਿਵੇਂ ਇੱਕ Amway ਕੰਪਨੀ ਹੈ, ਮੈਂ Amway ਕੰਪਨੀ ਨੂੰ ਨਸ਼ੇ ਨਾਲ ਨਹੀਂ ਜੋੜ ਰਿਹਾ ਹਾਂ, ਉਹ ਕਹਿੰਦੇ ਕਿ ਤੁਸੀਂ ਸਾਨੂੰ 2-3 ਗਾਹਕ ਦਿਓ। ਇਸ ਤਰ੍ਹਾਂ ਕਰਕੇ ਇਹ ਚੇਨ ਰਿਐਕਸ਼ਨ ਹੋ ਗਿਆ। ਚੇਨ ਰਿਐਕਸ਼ਨ ਹੋ ਗਿਆ ਕਿ ਮੈਂ ਆਪਣੇ 2 ਗਰਾਮ ਵਾਸਤੇ ਕਿਸੇ ਨੂੰ 3 ਗਰਾਮ ਵੇਚ ਰਿਹਾ ਹਾਂ। ਫਿਰ ਜਦੋਂ ਉਸ ਕੋਲ ਪੈਸੇ ਮੁੱਕ ਗਏ ਤਾਂ ਉਸ ਨੂੰ ਕਿਹਾ ਗਿਆ ਕਿ ਤੂੰ ਅੱਗੇ ਵੇਚ। ਇਸ ਤਰ੍ਹਾਂ ਕਰਦੇ-ਕਰਦੇ ਇਸ ਲੈਵਲ ਤੇ ਚੇਨ ਚਲੀ ਗਈ ਕਿ ਸਾਨੂੰ ਤਾਂ ਪਤਾ ਹੀ ਨਹੀਂ ਲੱਗਾ। ਬੱਚਿਆਂ ਦੇ ਅੱਧਾ ਟੀਕਾ ਲੱਗਾ ਹੀ ਰਹਿ ਜਾਂਦਾ ਸੀ। ਜਦੋਂ ਕੈਪਟਨ ਸਾਹਿਬ ਮੁੱਖ ਮੰਤਰੀ ਸਨ ਤਾਂ ਅਸੀਂ ਇੱਕ ਮੀਟਿੰਗ ਕੀਤੀ ਕਿ ਬੱਚੇ ਮਰ ਰਹੇ ਹਨ, ਅੱਧਾ ਟੀਕਾ ਲੱਗਾ ਹੁੰਦਾ ਹੈ ਤੇ ਅੱਧਾ ਉਸ ਦੇ ਅੰਦਰ ਹੀ ਹੁੰਦਾ ਹੈ। ਕੈਪਟਨ ਸਾਹਿਬ ਕਹਿੰਦੇ ਕਿ ਇਹ ਕਿਹੜੀ ਡਰੱਗ ਹੈ? ਮੈਂ ਕਿਹਾ ਕਿ ਸਰ, ਇਹ ਮੈਂ ਦੱਸਾਂਗਾਂ? ਸਰ, ਅੱਧਾ ਟੀਕਾ ਤਾਂ ਵਿੱਚ ਹੀ ਪਿਆ ਹੈ, ਤੁਸੀਂ ਪਤਾ ਕਰ ਲਓ। ਸਰ, ਡਰੱਗ ਪਤਾ ਕਿਹੜੀ ਸੀ? ਹਾਥੀਆਂ ਨੂੰ ਬੇਹੋਸ਼ ਕਰਨ ਵਾਲੀ ਡਰੱਗ। ਕੀ ਸਰਕਾਰ ਪਤਾ ਨਹੀਂ ਕਰ ਸਕਦੀ ਸੀ? ਮੈਂ ਕਿਹਾ ਕਿ ਕੈਪਟਨ ਸਾਹਿਬ, ਇਹ ਉਹ ਡਰੱਗ ਹੈ ਜਿਹੜੀ ਹਾਥੀਆਂ ਨੂੰ ਬੇਹੋਸ਼ ਕਰਦੀ ਹੈ। ਸਾਡੇ ਬੱਚੇ ਅੱਧਾ ਕੁ ਲਗਾਉਂਦੇ ਹਨ ਅਤੇ ਅੱਧਾ ਕੁ ਬੱਸ ਇੱਥੇ ਹੀ ਰਹਿ ਜਾਂਦਾ ਹੈ ਅਤੇ ਬਸ ਡੈੱਡ ਬਾਡੀ ਹੀ ਮਿਲਦੀ ਹੈ। ਜਨਾਬ, ਲੱਖਾਂ ਘਰਾਂ ਵਿੱਚ ਸੱਥਰ ਵਿਛਾ ਦਿੱਤੇ। ਇਹ ਕਿੱਥੋਂ ਆਉਂਦਾ ਸੀ? ਕੌਣ ਲਿਆਉਂਦਾ ਸੀ? ਸਰਕਾਰਾਂ, ਜਿਨ੍ਹਾਂ ਦੇ ਨਾਂ ਹੀ ਚਿੱਟੇ ਤੇ ਪੈ ਗਏ। 5-7 ਸਾਲ ਦੇ ਜਵਾਕ ਤੋਂ ਪੁੱਛ ਲਓ ਕਿ ਚਿੱਟੇ ਦਾ ਮਤਲਬ ਕੀ ਹੈ? ਨਾਭਾ। ਨਾਭੇ ਦਾ ਮਤਲਬ ਇਹ ਨਹੀਂ ਕਿ ਜਿਹੜੇ ਨਾਭੇ ਬੈਠਾ ਹੈ। ਇਹ ਕਿਉਂ ਹੋ ਗਿਆ? ਇਹ ਸੱਤੇ, ਪਿੰਦੀ, ਭੋਲੇ ਕਿੱਥੋਂ ਆ ਗਏ? ਇਹ ਕੋਰੀਅਰ ਸਨ। ਹੁਣ ਉਨ੍ਹਾਂ ਨੂੰ ਵੇਚਣ ਦਾ ਭੁਸ ਪੈ ਗਿਆ, ਇਸ ਵਿੱਚੋਂ ਪੈਸੇ ਆ ਗਏ। ਅਸੀਂ ਤਾਂ ਹੁਣ ਫੜ੍ਹ ਕੇ ਦੇਖਿਆ ਹੈ। ਤੁਸੀਂ ਹੈਰਾਨ ਹੋ ਜਾਵੋਗੇ ਕਿ ਕਿੱਥੋਂ-ਕਿੱਥੋਂ ਪ੍ਰਾਪਰਟੀਆਂ ਨਿਕਲ ਰਹੀਆਂ ਹਨ ਤੇ ਕਿੱਥੇ-ਕਿੱਥੇ ਜਾ ਕੇ ਕੇਸ ਨਿਬੜਨਗੇ। ਕਾਰਨ ਇਹ ਹੈ ਕਿ ਪਹਿਲਾਂ ਇਨ੍ਹਾਂ ਦੋਨਾਂ (ਆਪੋਜੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਦੀਆਂ ਸਰਕਾਰਾਂ ਸਨ ਅਤੇ ਇਹ ਦੋਨੇ ਰਲੇ ਹੋਏ ਸਨ। ਪਤਾ ਹੀ ਨਹੀਂ ਲੱਗਣ ਦਿੱਤਾ ਕਿ ਕਿੱਥੋਂ ਕੀ ਆਈ ਜਾਂਦਾ ਹੈ। ਅਸੀਂ ਤਾਂ ਚਿੱਟੇ ਦੁੱਧ ਵਾਲੇ ਸਾਂ, ਸਾਡੇ ਘਰਾਂ ਵਿੱਚ ਇਨ੍ਹਾਂ ਨੇ ਚਿੱਟੇ ਰੰਗ ਦੇ ਸੱਥਰ ਕਿਉਂ ਵਿਛਾ ਦਿੱਤੇ? ਇਨ੍ਹਾਂ ਨੇ ਸਾਡੀਆਂ ਲੱਖਾਂ ਮਾਵਾਂ ਭੈਣਾਂ ਦੀਆਂ ਰੰਗਲੀਆਂ ਚੁੰਨੀਆਂ ਦੇ ਰੰਗ ਚਿੱਟੇ ਕਿਵੇਂ ਕਰ ਦਿੱਤੇ? ਵਿਧਵਾ ਜਨਾਨੀ ਚਿੱਟੇ ਰੰਗ ਦੀ ਚੁੰਨੀ ਲੈਂਦੀ ਹੈ। ਇਨ੍ਹਾਂ ਨੇ ਨਸਲਕੁਸ਼ੀਆਂ ਕੀਤੀਆਂ ਹਨ, genocide ਕੀਤੇ ਹਨ। ਇਨ੍ਹਾਂ ਤੇ ਪਰਚਾ ਪਾ ਦੇਈਏ ਤਾਂ ਕੀ ਬੋਲਦੇ ਹਨ "540 ਕਰੋੜ ਸਾਨੂੰ ਵਾਪਸ ਦੇਣਗੇ?" ਅੱਜ ਕਿਉਂ ਨਹੀਂ ਆਏ? ਜਦੋਂ ਚਿੱਟੇ ਤੇ

ਗੱਲ ਚੱਲ ਰਹੀ ਹੈ ਤਾਂ ਉਹ ਅੱਜ ਆਏ ਕਿਉਂ ਨਹੀਂ? ਆ ਕੇ ਇੱਥੇ ਬੋਲਦੇ। ਆ ਕੇ ਬੋਲਦੇ ਕਿ ਅਸੀਂ ਜ਼ਿੰਮੇਵਾਰ ਨਹੀਂ ਹਾਂ। ਜਨਾਬ-ਏ-ਆਲੀ ਅੱਜ ਤੋਂ ਨਹੀਂ, ਉਹ ਪਰਿਵਾਰ ਸਦੀਆਂ ਤੋਂ ਲੱਗੇ ਹੋਏ ਹਨ। ਸਭ ਤੋਂ ਪਹਿਲਾਂ ਜਨਰਲ ਡਾਇਰ ਨੂੰ 13 ਅਪ੍ਰੈਲ, 1919 ਨੂੰ ਖਾਣਾ ਖਵਾਉਣ ਵਾਲਾ ਪਰਿਵਾਰ ਕੌਣ ਸੀ? ਮਜੀਠੀਆ ਪਰਿਵਾਰ ਸੀ, ਉਨ੍ਹਾਂ ਨੇ ਉਸੇ ਰਾਤ ਨੂੰ ਖਾਣਾ ਖਵਾਇਆ ਸੀ। ਜੇ ਇੱਕ ਦਿਨ ਪਹਿਲਾਂ ਖਾਣਾ ਖਵਾ ਦਿੰਦੇ ਤਾਂ ਮੈਂ ਮੰਨ ਲੈਂਦਾ ਕਿ ਸਾਨੂੰ ਕੀ ਪਤਾ ਸੀ ਕਿ ਇਸ ਨੇ ਕੱਲ੍ਹ ਨੂੰ ਇਹ ਕਰਤੂਤ ਕਰ ਦੇਣੀ ਹੈ, ਉਸ ਵੱਲੋਂ ਹਜ਼ਾਰ ਬੰਦਾ ਮਾਰਨ ਤੋਂ ਬਾਅਦ ਖਾਣਾ ਖਵਾਇਆ ਸੀ। ਉਸ ਦਿਨ ਤਾਂ ਪਤਾ ਲੱਗ ਗਿਆ ਸੀ ਕਿ ਇਹ ਕੀ ਕਾਰਾ ਕਰਕੇ ਆਇਆ ਹੈ ਪਰ ਨਹੀਂ, ਉਸ ਨੂੰ ਉਸ ਰਾਤ ਖਾਣਾ ਖਵਾਇਆ, ਉਸ ਤੋਂ ਬਾਅਦ ਸਪੀਕਰ ਸਾਹਿਬ, ਦੋ-ਤਿੰਨ ਮਹੀਨਿਆਂ ਬਾਅਦ ਸ੍ਰੀ ਦਰਬਾਰ ਸਾਹਿਬ ਤੋਂ ਜਨਰਲ ਡਾਇਰ ਨੂੰ ਸਿਰੋਪਾ ਦਿਵਾਇਆ ਅਤੇ ਸਿਰੋਪਾ ਦਿਵਾ ਕੇ ਮਾਫੀ ਮੰਗਵਾ ਦਿੱਤੀ ਕਿ ਇਸ ਦਾ ਕੋਈ ਕਸੂਰ ਨਹੀਂ ਹੈ । ਉਹ ਸਿਰੋਪਾ ਦੇਣ ਵਾਲਾ ਜੱਥੇਦਾਰ ਕੌਣ ਸੀ? ਜੱਥੇਦਾਰ ਅਰੂੜ ਸਿੰਘ ਸਨ। ਜੱਥੇਦਾਰ ਅਰੂੜ ਸਿੰਘ ਕੌਣ ਸਨ? ਉਹ ਮਾਣਯੋਗ ਸਿਮਰਨਜੀਤ ਸਿੰਘ ਮਾਨ ਦੇ ਨਾਨਾ ਜੀ ਸਨ, ਹਾਲਾਂਕਿ ਸਿਮਰਨਜੀਤ ਸਿੰਘ ਮਾਨ ਇਸ ਗੱਲ ਤੇ ਮਾਫੀ ਮੰਗ ਚੁੱਕੇ ਹਨ। ਇਹ ਤਾਂ ਉਦੋਂ ਤੋਂ ਹੀ ਮਾਫੀਆਂ ਮੰਗਾਉਣ ਵਾਲੇ, ਗੋਲੀਆਂ ਚਲਾਉਣ ਵਾਲੇ ਤੇ ਹੁਣ ਬਾਅਦ ਵਿੱਚ ਗੋਲੀਆਂ ਖਵਾਉਣ ਵਾਲੇ ਹਨ। ਇਹ ਤਾਂ ਪਹਿਲੇ ਦਿਨ ਤੋਂ ਹੀ ਗੱਦਾਰੀਆਂ ਦਾ ਕੰਮ ਚਲਿਆ ਹੋਇਆ ਹੈ, ਜਦੋਂ ਮਰਜ਼ੀ ਦੇਖ ਲਓ। ਦੁੱਖ ਦੀ ਗੱਲ ਇਹ ਹੈ ਕਿ ਜਦੋਂ ਇਹ ਅੰਦਰ ਹੋਏ ਤਾਂ ਕਾਂਗਰਸ ਦੇ ਚਾਰ-ਪੰਜ ਲੀਡਰ ਉਸ ਦੇ ਹੱਕ ਵਿੱਚ ਆ ਗਏ ਤੇ ਕਹਿੰਦੇ ਕਿ ਲੋਕਤੰਤਰ ਲਈ ਬੜੀ ਮਾੜੀ ਗੱਲ ਹੈ। ਕਿਸੇ ਬੰਦੇ ਨੂੰ ਫੜਨ ਵਾਸਤੇ ਲੋਕਤੰਤਰਿਕ ਤਰੀਕਾ ਚਾਹੀਦਾ ਹੈ? ਕਿਸੇ ਤਸਕਰ ਨੂੰ ਫੜਨ ਵਾਸਤੇ ਕੋਈ ਲੋਕਤੰਤਰਿਕ ਤਰੀਕਾ ਬਣਿਆ ਹੈ? ਕੀ ਅਸੀਂ ਪਹਿਲਾਂ ਦੱਸੀਏ ਕਿ ਕੱਲ੍ਹ ਨੂੰ ਤੈਨੂੰ ਫੜ੍ਹਨ ਆਵਾਂਗੇ। ਉਹ ਤਾਂ ਐਵੇਂ ਹੀ ਫੜ੍ਹੇ ਜਾਂਦੇ ਹਨ। ਸਵੇਰੇ ਚਾਰ ਵਜੇ ਜਾਂ ਪੰਜ ਵਜੇ ਫੜ੍ਹੇ ਜਾਂਦੇ ਹਨ। ਅਸੀਂ ਜੇ 60 ਰੁਪਏ ਦੀ ਬਿਜਲੀ ਮੀਟਰ ਦੀ ਕੁੰਡੀ ਲਗਾ ਲਈਏ ਤਾਂ ਸਾਡੇ ਘਰ ਤਾਂ ਸਾਢੇ ਚਾਰ ਵਜੇ ਪੁਲਿਸ ਆ ਜਾਂਦੀ ਹੈ ਤੇ ਇਹ ਕਹਿੰਦੇ ਹਨ ਕਿ ਸਾਨੂੰ ਦੱਸ ਕੇ ਕਿਉਂ ਨਹੀਂ ਆਏ? ਸਾਨੂੰ ਪੁੱਛ ਕੇ ਕਿਉਂ ਨਹੀਂ ਆਏ? ਕੀ ਦੱਸਣਾ, ਪੁੱਛਣਾ ਹੁੰਦਾ ਹੈ ਜੀ? ਅੱਜ ਕੋਰਟਾਂ ਫੈਸਲਾ ਕਰ ਦੇਣਗੀਆਂ, ਮੈਂ ਕਾਨੂੰਨ ਥੋੜ੍ਹਾ ਹਾਂ। ਕਾਨੂੰਨ ਤਾਂ ਮਾਣਯੋਗ ਕੋਰਟ ਹੈ। ਹੁਣ ਤਾਂ ਜੋ ਸਜ਼ਾ ਮਿਲੇਗੀ, ਉਹ ਤਾਂ ਮਿਲੇਗੀ। ਫਿਰ ਹੁਣ ਅੱਗੇ ਇਹ ਜੇਲ੍ਹ ਵਿੱਚ ਸਿਰਹਾਣਾ ਮੰਗਦੇ ਹਨ। ਸਪੀਕਰ ਸਾਹਿਬ, ਪੁਲਿਸ ਮੈਨੂਅਲ ਮੁਤਾਬਿਕ ਸਿਰਹਾਣਾ ਨਹੀਂ ਬਣਦਾ ਤੇ ਇਹ ਕਹਿੰਦੇ ਹਨ ਕਿ ਸਾਨੂੰ ਤਾਂ ਸਿਰਹਾਣਾ ਦਿਓ, ਅਸੀਂ ਤਾਂ ਪਤਾ ਨਹੀਂ ਕਿਹੜੇ ਯੈਲੋ ਵਾਲੇ ਹਾਂ, ਓਰੈਂਜ ਵਾਲੇ ਹਾਂ। ਉੱਥੇ ਕੋਈ ਸਿਰਹਾਣਾ ਨਹੀਂ ਮਿਲਣਾ, ਤੁਸੀਂ ਪੰਜਾਬ ਦੀਆਂ ਜਵਾਨੀਆਂ ਖਤਮ ਕੀਤੀਆਂ ਹਨ। ਤੁਸੀਂ ਉਨ੍ਹਾਂ ਮਾਵਾਂ ਨੂੰ ਮਿਲ ਕੇ ਦੇਖੋ ਜਿਹੜੀਆਂ ਅੱਜ ਤੱਕ ਰੋਈ ਜਾਂਦੀਆਂ ਹਨ। ਕੀ ਤੁਸੀਂ ਕਦੇ ਉਨ੍ਹਾਂ ਅਰਥੀਆਂ ਦੇ ਪਿੱਛੇ ਗਏ ਹੋ, ਕੀ ਤੁਸੀਂ ਕਦੇ ਉਨ੍ਹਾਂ ਅਰਥੀਆਂ ਨੂੰ ਮੋਢਾ ਦਿੱਤਾ ਹੈ? 23-24 ਸਾਲ ਦੇ ਬੱਚੇ ਮਾਰ ਕੇ ਸਾਡੀਆਂ ਨਸਲਕੁਸ਼ੀਆਂ ਕਰਕੇ ਤੁਸੀਂ ਜੇਲ੍ਹਾਂ ਵਿੱਚ ਸਿਰਹਾਣੇ ਮੰਗਦੇ ਹੋ? ਕੋਈ ਸਿਰਹਾਣਾ ਨਹੀਂ ਮਿਲੇਗਾ। ਜਿੰਨੀ ਸਜ਼ਾ ਹੋਵੇਗੀ, ਕਾਨੂੰਨ ਮੁਤਾਬਿਕ ਮਿਲੇਗੀ। ਇਹ ਕੋਈ ਮੇਰੀ ਬਦਲਾਖੋਰੀ ਨਹੀਂ ਹੈ। ਹਾਂ, ਸਾਨੂੰ ਥੋੜ੍ਹਾ ਜਿਹਾ ਟਾਈਮ ਜ਼ਰੂਰ ਲੱਗ ਗਿਆ ਹੈ ਕਿਉਂਕਿ ਪਹਿਲਾਂ ਅਸੀਂ ਇਹ ਦੇਖਿਆ ਕਿ ਸਪਲਾਈ ਲਾਈਨ ਤਾਂ ਤੋੜ ਦਿਆਂਗੇ, ਕੋਈ ਗੱਲ ਨਹੀਂ ਪਰ ਸਪਲਾਈ ਲਾਈਨ ਤੋੜਨ ਤੋਂ ਬਾਅਦ ਵਿਦਡ੍ਰਾਅਲ ਸਿੰਪਟਮਜ਼ ਆਉਣਗੇ, ਉਹ ਬੱਚੇ ਤੜਫਣਗੇ ਜਿਹੜੇ ਬਿਮਾਰ ਹਨ, ਮੈਂ ਉਨ੍ਹਾਂ ਨੂੰ ਪੇਸ਼ੈਂਟ ਕਹਾਂਗਾ ਤਾਂ ਅਸੀਂ ਉਨ੍ਹਾਂ ਨੂੰ ਕਿੱਥੇ ਲੈ ਕੇ ਜਾਵਾਂਗੇ। ਉਨ੍ਹਾਂ ਵਾਸਤੇ OOAT ਕਲੀਨਿਕਸ ਬਣਾਏ, ਰੀਹੈਬ ਸੈਂਟਰ ਅੱਪਡੇਟ ਕੀਤੇ, ਉਨ੍ਹਾਂ ਬੱਚਿਆਂ ਨੂੰ ਉੱਥੇ ਲੈ ਕੇ ਗਏ। ਫਿਰ ਉਸ ਤੋਂ ਬਾਅਦ ਸਾਨੂੰ ਪਤਾ ਲੱਗਿਆ ਕਿ ਪੁਲਿਸ ਦੇ ਛੋਟੇ ਅਧਿਕਾਰੀ ਵੀ ਮਿਲੇ ਹੋਏ ਹਨ। ਜੇ ਛਾਪਾ ਮਾਰਨਾ ਹੁੰਦਾ ਸੀ ਤਾਂ ਮੁਨਸ਼ੀ ਪਹਿਲਾਂ ਹੀ ਦੱਸ ਦਿੰਦਾ ਸੀ ਕਿ ਤੇਰੇ ਪਿੰਡ ਛਾਪਾ ਮਾਰਨ ਆ ਰਹੇ ਹਾਂ ਤਾਂ ਉਹ ਭੱਜ ਜਾਂਦੇ ਸੀ। ਇਸ ਦਾ

ਮਤਲਬ ਪੁਲਿਸ ਮਿਲੀ ਹੋਈ ਸੀ। ਅਸੀਂ ਪੁਲਿਸ ਦੀ ਬਹੁਤ ਵੱਡੇ ਪੱਧਰ ਤੇ ਰੀਸ਼ਫਲਿੰਗ ਕੀਤੀ, ਬਦਲੀਆਂ ਕੀਤੀਆਂ, ਉਸ ਤੋਂ ਬਾਅਦ ਅਸੀਂ ਸਪਲਾਈ ਲਾਈਨ ਤੋੜੀ। ਅੱਜ ਅਸੀਂ ਇਸ ਲੈਵਲ ਉਤੇ ਹਾਂ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨਾਲ ਜੁੜ ਕੇ ਹਜ਼ਾਰਾਂ ਪੰਚਾਇਤਾਂ ਨੇ ਮਤੇ ਪਾ ਕੇ ਦੇ ਦਿੱਤੇ ਕਿ ਸਾਡੇ ਪਿੰਡ ਨਾ ਅਸੀਂ ਨਸ਼ਾ ਵਿਕਣ ਦੇਵਾਂਗੇ, ਨਾ ਕਿਸੇ ਨੂੰ ਵੇਚਣ ਦੇਵਾਂਗੇ, ਜੇ ਕੋਈ ਸਾਡੇ ਪਿੰਡ ਦਾ ਬੰਦਾ ਨਸ਼ਾ ਵੇਚਦਾ ਹੈ ਤਾਂ ਅਸੀਂ ਉਸ ਦੀ ਜ਼ਮਾਨਤ ਨਹੀਂ ਦੇਵਾਂਗੇ। ਇਸ ਤੋਂ ਵਧੀਆ ਹੋਰ ਕੀ ਗੱਲ ਹੋ ਸਕਦੀ ਹੈ? ਇਸ ਦਾ ਕੌਣ ਵਿਰੋਧ ਕਰ ਲਵੇਗਾ? ਅਸੀਂ ਫਿਰ ਕਬੱਡੀ, ਹਾਕੀ, ਫੁੱਟਬਾਲ ਵੱਲ ਚਲੀਏ। ਸਾਡੇ ਤੇ ਇਹ ਮੜ੍ਹਿਆ ਗਿਆ ਸੀ ਪਰ ਅਸੀਂ ਇਹ ਕਲੰਕ ਲਾਹ ਦਿਆਂਗੇ। ਪੰਜਾਬ ਬਹੁਤ ਵਾਰੀ ਡਿੱਗਿਆ ਵੀ ਹੈ ਪਰ ਪੰਜਾਬ ਬਹੁਤ ਵਾਰੀ ਉੱਠਿਆ ਵੀ ਹੈ। ਡਾਕਟਰ ਸੁਰਜੀਤ ਪਾਤਰ ਜੀ ਦਾ ਸ਼ੇਅਰ ਹੈ-

ਕੀ ਹੋਇਆ ਜੇ ਪੱਤਝੜ ਆਈ,
ਤੂੰ ਅਗਲੀ ਰੁੱਤ ਵਿੱਚ ਯਕੀਨ ਰੱਖੀਂ।
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ,
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਸਰ, ਥੋੜ੍ਹੀ ਜਿਹੀ ਫੁੱਲਾਂ ਜੋਗੀ ਜ਼ਮੀਨ ਬਚ ਜਾਵੇ, ਕਲਮਾਂ ਅਸੀਂ ਲੱਭ ਲਿਆਵਾਂਗੇ। ਇਸੇ ਧਰਤੀ ਤੇ ਫੁੱਲ ਵੀ ਉੱਗਣਗੇ, ਇਸੇ ਧਰਤੇ ਤੇ ਭੰਗੜੇ ਵੀ ਪੈਣਗੇ, ਇਸੇ ਧਰਤੀ ਤੇ ਮੈਡਲ ਵੀ ਜਿੱਤੇ ਜਾਣਗੇ। ਇਸੇ ਧਰਤੀ ਤੇ ਅਸੀਂ ਖੁਸ਼ੀਆਂ ਵੀ ਮਨਾਵਾਂਗੇ। ਹੁਣ ਦੇਖੋ ਨਸ਼ਾ ਹਰਿਆਣਾ ਵਿੱਚ ਵੀ ਵਿਕਦਾ ਹੈ, ਨਸ਼ਾ ਬੰਬੇ ਵੀ ਵਿਕਦਾ ਹੈ। ਰਿਸੈਂਟਲੀ ਬਾੜਮੇਰ ਤੋਂ 60 ਕਿੱਲੋ ਹੈਰੋਇਨ ਪੰਜਾਬ ਪੁਲਿਸ ਫੜ੍ਹ ਕੇ ਲਿਆਈ ਹੈ। ਤਿੰਨ ਹਜ਼ਾਰ ਕਿੱਲੋ ਅਸੀਂ ਮੁੰਦਰਾ ਏਅਰ ਪੋਰਟ ਤੋਂ ਫੜ੍ਹ ਕੇ ਲਿਆਏ ਹਾਂ। ਗਾਲ੍ਹਾਂ ਸਾਨੂੰ ਪਈ ਜਾਂਦੀਆਂ ਹਨ, ਕੀ ਇਸ ਲਈ ਅਸੀਂ ਜ਼ਿੰਮੇਵਾਰ ਹਾਂ? ਇਸ ਦਾ ਮਤਲਬ ਇਹ ਹੈ ਕਿ ਸਾਡੇ ਉਤੇ ਥੋਪਿਆ ਜਾ ਰਿਹਾ ਹੈ ਪਰ ਹੁਣ ਅਸੀਂ ਇਹ ਨਹੀਂ ਕਰਨਾ। ਅਸੀਂ ਆਪਣੇ ਬਾਰਡਰ ਵੀ ਸੀਲ ਕਰਾਂਗੇ, ਅਸੀਂ ਆਪਣੇ ਬੱਚਿਆਂ ਨੂੰ ਖੇਡਾਂ ਵੱਲ ਲਗਾਵਾਂਗੇ, ਅਸੀਂ ਆਪਣੇ ਬੱਚਿਆਂ ਨੂੰ ਨੌਕਰੀਆਂ ਦੇਵਾਂਗੇ, ਪੜ੍ਹਾਈ ਵੱਲ ਲਗਾਵਾਂਗੇ। ਅਸੀਂ ਆਪਣੇ ਜਵਾਕਾਂ ਨੂੰ ਜਾਬ-ਸੀਕਰਜ਼ ਨਹੀਂ, ਜਾਬ-ਪ੍ਰੋਵਾਈਡਰਜ਼ ਬਣਾਵਾਂਗੇ। ਨੌਕਰੀਆਂ ਮੰਗਣ ਵਾਲੇ ਨਹੀਂ, ਨੌਕਰੀਆਂ ਵੰਡਣ ਵਾਲੇ ਬਣਾਵਾਂਗੇ। (ਥੰਪਿੰਗ) ਤੁਸੀਂ ਦੇਖਿਓ ਪੰਜਾਬ ਨੂੰ ਮੁੜ ਲੀਹਾਂ ਤੇ ਲੈ ਆਉਣਾ ਹੈ ਅਤੇ ਆਪਾਂ ਇਸੇ ਮੁਕੱਦਸ ਹਾਊਸ ਵਿੱਚ ਇਕ ਦੂਜੇ ਨੂੰ ਵਧਾਈਆਂ ਵੀ ਦੇਵਾਂਗੇ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ** : ਬਹੁਤ ਧੰਨਵਾਦ ਜੀ। ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

(ਇਸ *ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

*3.57 ਵਜੇ ਬਾਅਦ ਦੁਪਹਿਰ।)

--------

# **APPENDIX**

## **Bulletins (English & Punjabi)**

**16th Punjab Vidhan Sabha**

**9th Session, 2025**

## **Punjab Vidhan Sabha**

## **Bulletin No.05**

## **Tuesday, the 15th July, 2025**

## **(From 10.00 A.M to 03.57 P.M)**

1. **Obituary Reference**

An Obituary reference was made in the House about the passing away of marathon runner Sardar Fauja Singh Ji and tribute was paid stating that he was the first centenarian athlete in the world whose name is included in the Guinness Book of World Records.

2. **Calling Attention Notices**

1) Sardar Kuljit Singh Randhawa, M.L.A. drew the attention of the Government towards occurrence of breach in the stone embankment constructed on Ghaggar River in Village Tiwana in Dera Bassi Assembly Constituency.

(No.15)

The Water Resources Minister gave reply.

2) Sardar Manjit Singh Bilaspur, M.L.A drew the attention of the Government towards difficulties being faced by the people due to stray animals in the State.

(No.16)

The Local Government Minister gave reply.

3. **Motion under Rule 16**

The following motion moved by the Minister for Parliamentary Affairs was put to the vote of the House and carried.

" That the Vidhan Sabha (Assembly) at its rising this day shall stand adjourned sine-die."

4. **Legislative Business**

**Discussion on motion moved in respect of The Punjab Prevention of offences against Holy scriptures Bill, 2025**

The discussion began on the motion moved to immediately consider "The Punjab Prevention of offences against holy scriptures Bill, 2025" introduced by the Hon'ble Chief Minister on 14th July, 2025 in which the following members took part in the discussion and spoke for the time as mentioned against their names:

| | | |
|---|---|---|
| 1. | Sardar Partap Singh Bajwa, Leader of the Opposition | 17 minutes |
| 2. | Sardar Harpal Singh Cheema, Finance Minister | 16 minutes |
| 3. | Sardar Sukhpal Singh Khaira, Indian National Congress | 04 minutes |
| 4. | Sardar Harjot Singh Bains, Higher Education Minister | 13 minutes |
| 5. | Professor Jaswant Singh Gajjanmajra, Aam Aadmi Party | 16 minutes |
| 6. | Sardar Manpreet Singh Ayali, Shiromani Akali Dal | 05 minutes |
| 7. | Sardar Pargat Singh Powar, Indian National Congress | 10 minutes |
| 8. | Doctor Sukhwinder Kumar Sukhi, Shiromani Akali Dal | 08 minutes |
| 9. | Shri Aman Arora, New & Renewable Energy Resources Minister | 25 minutes |
| 10. | Principal Budh Ram, Aam Aadmi Party | 16 minutes |
| 11. | Sardar Manjit Singh Bilaspur, Aam Aadmi Party | 10 minutes |
| 12. | Sardar Amritpal Singh Sukhanand, Aam Aadmi Party | 07 minutes |
| 13. | Shri Jangi Lal Mahajan, Bharatiya Janta Party | 02 minutes |
| 14. | Shri Ashwani Kumar Sharma, Bharatiya Janta Party | 02 minutes |

15. Rana Inder Partap Singh, Independent Member — 14 minutes
16. Shri Avtar Singh Junior, Indian National Congress — 08 minutes
17. Sardar Chetan Singh Jouramajra, Aam Aadmi Party — 02 minutes

The Hon'ble Chief Minister, by way of reply to discussion on the Bill, spoke for 17 minutes.

Thereafter, while taking into account the suggestions and views of all the political parties, the Hon'ble Chief Minister moved the following new motion: -

" The Punjab Prevention of offences against Holy Scriptures Bill, 2025 be referred to Select Committee, to be constituted by the Speaker and the said Select Committee may submit its report after taking the opinion of the people."

After the discussion in the House and the consent expressed by the House, the Hon'ble Speaker, by exercising his powers set aside the earlier motion and following motion was put to the vote of the House which was carried unanimously.

"The Punjab Prevention of offences against Holy Scriptures Bill, 2025 be referred to Select Committee, to be constituted by the Speaker and the Select Committee may submit its report within six months after taking opinion of the people."

**5. Discussion**

**Discussion on "War of Punjab against Drugs/Narcotics"**

The Hon'ble Speaker informed the House that a debate was initiated on this issue of Punjab's war against Drugs during the last meeting of Punjab Legislative Assembly held on 22nd March, 2023, but on that day, the discussion on this subject was postponed to next sitting for further deliberation by the House after the Hon'ble Health & Family Welfare Minister presented his views regarding this issue. As per the said decision of the House, the discussion on this matter was resumed today, in which the following members participated in the discussion and spoke for the time as mentioned against their names: -

1. Sardar Harpal Singh Cheema, Finance Minister — 25 minutes
2. Sardar Sukhpal Singh Khaira, Indian National Congress — 03 minutes

| | | |
|---|---|---|
| 3. | Sardar Tarunpreet Singh Sond, Tourism & Cultural Affairs Minister | 28 minutes |
| 4. | Sardar Manwinder Singh Giaspura, Aam Aadmi Party | 03 minutes |
| 5. | Sardar Partap Singh Bajwa, Leader of Opposition | 10 minutes |
| 6. | Shri Aman Arora, New & Renewable Energy Resources Minister | 08 minutes |
| 7. | Sardar Manpreet Singh Ayali, Shiromani Akali Dal | 04 minutes |

The Hon'ble Chief Minister spoke for 16 minutes, by way of reply to the discussion on the resolution.

**6. Regarding the formation of a committee of the House to find the second part related to the report/action taken report of Justice Gurnam Singh Commission on the Nakodar incident: -**

The Finance Minister moved the following motion in the House: -

"That a Committee of the House be constituted to trace the second part related to the report/action taken report of Justice Gurnam Singh Commission on the Nakodar incident and to ascertain the status of that report."

The Motion was put to the vote of the House by the Hon'ble Speaker which was carried by the House.

**7. Extension of time of the House**

With the consent of the House, the Hon'ble Deputy Speaker extended the time of sitting of the House till the completion of business mentioned in today's list of business.

The Hon'ble Deputy Speaker occupied the Chair of the House from 01.59 P.M to 03.05 P.M.

The House then adjourned sine-die.

Chandigarh R.L. Khatana,
The 15th July, 2025 Secretary.

**16ਵੀਂ ਪੰਜਾਬ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਨੌਵਾਂ ਸਮਾਗਮ, 2025** **ਬੁਲੇਟਿਨ ਨੰ: 05**

**ਮੰਗਲਵਾਰ 15 ਜੁਲਾਈ, 2025**

(10.00 ਵਜੇ ਪੂਰਵ ਦੁਪਹਿਰ ਤੋਂ 03.57 ਵਜੇ ਬਾਅਦ ਦੁਪਹਿਰ ਤੱਕ)

**1. ਅਕਾਲ ਚਲਾਣੇ ਦਾ ਵਰਣਨ**

ਸਦਨ ਵਿੱਚ ਮੈਰਾਥਨ ਦੌੜਾਕ ਸਰਦਾਰ ਫੌਜਾ ਸਿੰਘ ਜੀ ਦੇ ਅਕਾਲ ਚਲਾਣੇ ਦਾ ਵਰਣਨ ਕੀਤਾ ਗਿਆ ਅਤੇ ਇਹ ਦੱਸਦੇ ਹੋਏ ਸ਼ਰਧਾਂਜਲੀ ਭੇਂਟ ਕੀਤੀ ਗਈ ਕਿ ਉਹ ਵਿਸ਼ਵ ਦੇ ਅਜਿਹੇ ਪਹਿਲੇ 100 ਸਾਲਾ ਬਜ਼ੁਰਗ ਦੌੜਾਕ ਸਨ ਜਿਨ੍ਹਾ ਦਾ ਨਾਂ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿੱਚ ਸ਼ਾਮਿਲ ਹੈ।

**2. ਧਿਆਨ ਦਿਵਾਊ ਨੋਟਿਸ**

1) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐੱਲ.ਏ ਵੱਲੋਂ ਸਰਕਾਰ ਦਾ ਧਿਆਨ ਵਿਧਾਨ ਸਭਾ ਹਲਕਾ ਡੇਰਾਬਸੀ ਦੇ ਪਿੰਡ ਟਿਵਾਣਾ ਵਿੱਚ ਘੱਗਰ ਦਰਿਆ ਤੇ ਉਸਾਰੇ ਗਏ ਪੱਥਰ ਦੇ ਬੰਨ੍ਹ ਵਿਚ ਪਏ ਪਾੜ ਵੱਲ ਦਿਵਾਇਆ ਗਿਆ।

(ਨੰ.15)

ਜਲ ਸਰੋਤ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

2) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐੱਲ.ਏ ਵੱਲੋਂ ਸਰਕਾਰ ਦਾ ਧਿਆਨ ਰਾਜ ਵਿੱਚ ਅਵਾਰਾ ਪਸ਼ੂਆਂ ਦੇ ਕਾਰਨ ਲੋਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਵੱਲ ਦਿਵਾਇਆ ਗਿਆ।

(ਨੰ.16)

ਸਥਾਨਕ ਸਰਕਾਰ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

**3. ਨਿਯਮ 16 ਅਧੀਨ ਪ੍ਰਸਤਾਵ**

ਸੰਸਦੀ ਮਾਮਲਿਆਂ ਦੇ ਮੰਤਰੀ ਦੁਆਰਾ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

**4. ਵਿਧਾਨਕ ਕੰਮ-ਕਾਰ**

**ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਦੇ ਸਬੰਧ ਵਿੱਚ ਪੇਸ਼ ਕੀਤੇ ਗਏ ਪ੍ਰਸਤਾਵ ਤੇ ਬਹਿਸ**

ਮਿਤੀ 14 ਜੁਲਾਈ 2025 ਨੂੰ ਮਾਣਯੋਗ ਮੁੱਖ ਮੰਤਰੀ ਵੱਲੋਂ ਪੇਸ਼ ਕੀਤੇ ਗਏ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025" ਤੇ ਤੁਰੰਤ ਵਿਚਾਰ ਕਰਨ ਲਈ ਰੱਖੇ ਪ੍ਰਸਤਾਵ ਤੇ ਬਹਿਸ ਅਰੰਭ ਹੋਈ, ਜਿਸ ਵਿੱਚ ਨਿਮਨਲਿਖਤ ਬੁਲਾਰਿਆਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 17 ਮਿੰਟ |
| 2. | ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 16 ਮਿੰਟ |

| | | |
|---|---|---|
| 3. | ਸਰਦਾਰ ਸੁਖਪਾਲ ਸਿੰਘ ਖਹਿਰਾ, ਇੰਡੀਅਨ ਨੈਸ਼ਨਲ ਕਾਂਗਰਸ | 04 ਮਿੰਟ |
| 4. | ਸਰਦਾਰ ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਮੰਤਰੀ | 13 ਮਿੰਟ |
| 5. | ਪ੍ਰਫੈਸਰ ਜਸਵੰਤ ਸਿੰਘ ਗੱਜਣਮਾਜਰਾ, ਆਮ ਆਦਮੀ ਪਾਰਟੀ | 16 ਮਿੰਟ |
| 6. | ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ | 05 ਮਿੰਟ |
| 7. | ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ | 10 ਮਿੰਟ |
| 8. | ਡਾ. ਸੁਖਵਿੰਦਰ ਕੁਮਾਰ ਸੁੱਖੀ, ਸ਼੍ਰੋਮਣੀ ਅਕਾਲੀ ਦਲ | 08 ਮਿੰਟ |
| 9. | ਸ਼੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 25 ਮਿੰਟ |
| 10. | ਪ੍ਰਿੰਸੀਪਲ ਬੁੱਧ ਰਾਮ, ਆਮ ਆਦਮੀ ਪਾਰਟੀ | 16 ਮਿੰਟ |
| 11. | ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਆਮ ਆਦਮੀ ਪਾਰਟੀ | 10 ਮਿੰਟ |
| 12. | ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ, ਆਮ ਆਦਮੀ ਪਾਰਟੀ | 07 ਮਿੰਟ |
| 13. | ਸ਼੍ਰੀ ਜੰਗੀ ਲਾਲ ਮਹਾਜਨ, ਭਾਰਤੀ ਜਨਤਾ ਪਾਰਟੀ | 02 ਮਿੰਟ |
| 14. | ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਭਾਰਤੀ ਜਨਤਾ ਪਾਰਟੀ | 02 ਮਿੰਟ |
| 15. | ਰਾਣਾ ਇੰਦਰ ਪ੍ਰਤਾਪ ਸਿੰਘ, ਅਜ਼ਾਦ ਮੈਂਬਰ | 14 ਮਿੰਟ |
| 16. | ਸ਼੍ਰੀ ਅਵਤਾਰ ਸਿੰਘ ਜੂਨੀਅਰ, ਇੰਡੀਅਨ ਨੈਸ਼ਨਲ ਕਾਂਗਰਸ | 08 ਮਿੰਟ |
| 17. | ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਆਮ ਆਦਮੀ ਪਾਰਟੀ | 02 ਮਿੰਟ |

ਬਿਲ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਮਾਣਯੋਗ ਮੁੱਖ ਮੰਤਰੀ 17 ਮਿੰਟ ਲਈ ਬੋਲੇ।

ਇਸ ਉਪਰੰਤ ਮਾਣਯੋਗ ਮੁੱਖ ਮੰਤਰੀ ਵਲੋਂ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਸੁਝਾਵਾਂ ਅਤੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੇਠ ਲਿਖਿਆ ਨਵਾਂ ਪ੍ਰਸਤਾਵ ਪੇਸ਼ ਕੀਤਾ ਗਿਆ :-

"ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਿਲੈਕਟ ਕਮੇਟੀ ਨੂੰ ਸੌਂਪਿਆ ਜਾਵੇ। ਜਿਸ ਦਾ ਗਠਨ ਸਪੀਕਰ ਦੁਆਰਾ ਕੀਤਾ ਜਾਵੇ ਅਤੇ ਸਿਲੈਕਟ ਕਮੇਟੀ ਲੋਕਾਂ ਦੀ ਰਾਇ ਲੈ ਕੇ ਆਪਣੀ ਰਿਪੋਰਟ ਪੇਸ਼ ਕਰੇ। "

ਸਦਨ ਵਿੱਚ ਹੋਈ ਬਹਿਸ ਉਪਰੰਤ ਸਦਨ ਵੱਲੋਂ ਪ੍ਰਗਟਾਈ ਗਈ ਸਹਿਮਤੀ ਤੋਂ ਬਾਅਦ ਮਾਣਯੋਗ ਸਪੀਕਰ ਸਾਹਿਬ ਨੇ ਆਪਣੇ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪਹਿਲੇ ਪ੍ਰਸਤਾਵ ਨੂੰ ਛੱਡ ਕੇ ਹੇਠ ਲਿਖੇ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਰੱਖਿਆ ਜੋ ਕਿ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

"ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਿਲੈਕਟ ਕਮੇਟੀ ਨੂੰ ਸੌਂਪਿਆ ਜਾਵੇ ਜਿਸ ਦਾ ਗਠਨ ਸਪੀਕਰ ਦੁਆਰਾ ਕੀਤਾ ਜਾਵੇ ਅਤੇ ਇਹ ਸਿਲੈਕਟ ਕਮੇਟੀ ਲੋਕਾਂ ਦੀ ਰਾਏ ਲੈ ਕੇ ਆਪਣੀ ਰਿਪੋਰਟ ਛੇ ਮਹੀਨਿਆਂ ਦੇ ਅੰਦਰ ਅੰਦਰ ਪੇਸ਼ ਕਰੇ।"

**5. ਬਹਿਸ**

**ਪੰਜਾਬ ਦਾ ਯੁੱਧ ਨਸ਼ਿਆਂ ਵਿਰੁੱਧ ਤੇ ਬਹਿਸ**

ਮਾਣਯੋਗ ਸਪੀਕਰ ਸਾਹਿਬ ਦੁਆਰਾ ਸਦਨ ਨੂੰ ਦੱਸਿਆ ਗਿਆ ਕਿ ਪੰਜਾਬ ਵਿਧਾਨ ਸਭਾ ਦੀ ਮਿਤੀ 22 ਮਾਰਚ, 2023 ਨੂੰ ਹੋਈ ਪਿਛਲੀ ਬੈਠਕ ਦੌਰਾਨ ਪੰਜਾਬ ਦੀ ਯੁੱਧ ਨਸ਼ਿਆਂ ਵਿਰੁੱਧ ਮੁੱਦੇ ਤੇ

ਬਹਿਸ ਆਰੰਭੀ ਗਈ ਸੀ ਪਰ ਉਸ ਦਿਨ ਸਦਨ ਦੁਆਰਾ ਮਾਣਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਜੀ ਦਾ ਇਸ ਮਾਮਲੇ ਸਬੰਧੀ ਵਿਜ਼ਨ ਲੈਣ ਉਪਰੰਤ, ਇਸ ਵਿਸ਼ੇ ਤੇ ਹੋਰ ਵਿਚਾਰ ਵਟਾਂਦਰਾ ਕਰਨ ਲਈ ਇਹ ਬਹਿਸ ਅਗਲੀ ਕਿਸੇ ਬੈਠਕ ਲਈ ਮੁਲਤਵੀ ਕਰ ਦਿੱਤੀ ਗਈ ਸੀ। ਸਦਨ ਦੇ ਉਕਤ ਫੈਸਲੇ ਅਨੁਸਾਰ ਇਸ ਮਾਮਲੇ ਤੇ ਅੱਜ ਮੁੜ ਬਹਿਸ ਆਰੰਭ ਕੀਤੀ ਗਈ, ਜਿਸ ਵਿੱਚ ਨਿਮਨਲਿਖਤ ਬੁਲਾਰਿਆਂ ਨੇ ਹਿੱਸਾ ਲਿਆ, ਅਤੇ ਉਹ ਉਨ੍ਹਾਂ ਦੇ ਨਾਮ ਦੇ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | |
|---|---|
| 1. ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 25 ਮਿੰਟ |
| 2. ਸਰਦਾਰ ਸੁਖਪਾਲ ਸਿੰਘ ਖਹਿਰਾ, ਇੰਡੀਅਨ ਨੈਸ਼ਨਲ ਕਾਂਗਰਸ | 03 ਮਿੰਟ |
| 3. ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ | 28 ਮਿੰਟ |
| 4. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਆਮ ਆਦਮੀ ਪਾਰਟੀ | 03 ਮਿੰਟ |
| 5. ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 10 ਮਿੰਟ |
| 6. ਸ਼੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 08 ਮਿੰਟ |
| 7. ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ | 04 ਮਿੰਟ |

ਮਤੇ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਮਾਣਯੋਗ ਮੁੱਖ ਮੰਤਰੀ 16 ਮਿੰਟ ਲਈ ਬੋਲੇ।

**6. ਨਕੋਦਰ ਕਾਂਡ 'ਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ/ ਐਕਸ਼ਨ ਟੇਕਨ ਰਿਪੋਰਟ ਨਾਲ ਸਬੰਧਤ ਦੂਜਾ ਭਾਗ ਲੱਭਣ ਲਈ ਸਦਨ ਦੀ ਕਮੇਟੀ ਗਠਨ ਕਰਨ ਸਬੰਧੀ:-**

ਮਾਣਯੋਗ ਵਿੱਤ ਮੰਤਰੀ ਦੁਆਰਾ ਸਦਨ ਵਿੱਚ ਹੇਠ ਲਿਖਿਆ ਪ੍ਰਸਤਾਵ ਪੇਸ਼ ਕੀਤਾ ਗਿਆL^

"ਕਿ ਨਕੋਦਰ ਕਾਂਡ 'ਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ/ ਐਕਸ਼ਨ ਟੇਕਨ ਰਿਪੋਰਟ ਨਾਲ ਸਬੰਧਤ ਦੂਜਾ ਭਾਗ ਲੱਭਣ ਅਤੇ ਇਹ ਜਾਣਨ ਲਈ ਕਿ ਉ; ਰਿਪੋਰਟ ਦਾ ਕੀ ਬਣਿਆ, ਸਬੰਧੀ ਸਦਨ ਦੀ ਕਮੇਟੀ ਬਣਾਈ ਜਾਵੇ",

ਮਾਣਯੋਗ ਸਪੀਕਰ ਦੁਆਰਾ ਇਹ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਜੋ ਕਿ ;dB ਦੁਆਰਾ ਪ੍ਰਵਾਨ ਕਰ ਲਿਆ ਗਿਆ।

**7. ਸਦਨ ਦਾ ਸਮਾਂ ਵਧਾਉਣਾ**

ਮਾਣਯੋਗ ਡਿਪਟੀ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਸਦਨ ਦੀ ਬੈਠਕ **ਦੀ** ਅੱਜ **ਦੀ** ਕਾਰਜਸੂਚੀ ਵਿੱਚ ਦਰਜ ਕੰਮ-ਕਾਰ ਦੇ ਖਤਮ ਹੋਣ ਤੱਕ ਵਧਾਇਆ ਗਿਆ।

ਮਾਣਯੋਗ ਡਿਪਟੀ ਸਪੀਕਰ ਨੇ 01.59 ਵਜੇ ਬਾਅਦ ਦੁਪਹਿਰ ਤੋਂ 03.05 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।

ਚੰਡੀਗੜ੍ਹ ਰਾਮ ਲੋਕ ਖਟਾਣਾ,

15 ਜੁਲਾਈ, 2025 ਸਕੱਤਰ

© 2025

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕਰਵਾਈ ਗਈ।